ਬਾਣੀ ਮਹਲਾ ੯ ਸਟੀਕ

ਟੀਕਾਕਾਰ

ਭਾਈ ਜੋਗਿੰਦਰ ਸਿੰਘ ਤਲਵਾੜਾ

੧ਓ ਸਤਿਗੁਰਪ੍ਰਸਾਦਿ ॥

ਬਾਣੀ ਮਹਲਾ ੯
ਸਟੀਕ

[ਮੁਖ ਵਿਸ਼ਿਆਂ ਦੀ ਵਿਆਖਿਆ ਅਤੇ ਲਗ-ਮਾਤ੍ਰੀ ਨੇਮਾਂ ਦੀ ਸੰਖੇਪ ਵਿਚਾਰ ਸਮੇਤ]

ਭਾਈ ਜੋਗਿੰਦਰ ਸਿੰਘ ਤਲਵਾੜਾ

ਸਿੰਘ ਬ੍ਰਦਰਜ਼
ਅੰਮ੍ਰਿਤਸਰ

ਪ੍ਰਕਾਸ਼ਕ :
ਸਿੰਘ ਬ੍ਰਦਰਜ਼
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ
S.C.O. 98, ਸਿਟੀ ਸੈਂਟਰ, ਅੰਮ੍ਰਿਤਸਰ

ISBN 81-7205-110-7 (ਪੇਪਰ ਬੈਕ)
ISBN 81-7205-111-5 (ਡੀਲਕਸ)

ਪੰਜਵੀਂ ਵਾਰ : ਮਾਰਚ ੧੯੯੬

ਮੁੱਲ : 25-00 (ਪੇਪਰ ਬੈਕ)
40-00 (ਡੀਲਕਸ)

ਟਾਈਪਸੈੱਟਰ :
ਕੇ. ਜੀ. ਗ੍ਰਾਫ਼ਿਕਸ, 98, ਸਿਟੀ ਸੈਂਟਰ, ਅੰਮ੍ਰਿਤਸਰ
ਪ੍ਰਿੰਟਰ :
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

KhalsaSpirit.com

ਤਤਕਰਾ

ਮੁਖ-ਬੰਧ ਵਲੋਂ ਸਿੰਘ ਸਾਹਿਬ ਗਿ: ਕਿਰਪਾਲ ਸਿੰਘ ਜੀ ੫
ਮੁਢਲੀ ਬੇਨਤੀ ਲੇਖਕ ੯
ਦੂਜੀ ਐਡੀਸ਼ਨ ,, ੧੦
ਤੀਜੀ ਤੇ ਚੌਥੀ ਐਡੀਸ਼ਨ ,, ੧੧

ਬਾਣੀ ਮਹਲਾ ੯ ਅਰਥਾਂ ਸਮੇਤ

ਰਾਗੁ ਗਉੜੀ—

ਸਾਧੋ ਮਨ ਕਾ ਮਾਨੁ ਤਿਆਗਉ ੧੪
ਸਾਧੋ ਰਚਨਾ ਰਾਮਿ ਬਨਾਈ ੧੬
ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ ੧੮
ਸਾਧੋ ਇਹੁ ਮਨੁ ਗਹਿਓ ਨ ਜਾਈ ੨੦
ਸਾਧੋ ਗੋਬਿੰਦ ਕੇ ਗੁਨ ਗਾਵਉ ੨੨
ਕੋਊ ਮਾਈ ਭੂਲਿਓ ਮਨੁ ਸਮਝਾਵੈ ੨੪
ਸਾਧੋ ਰਾਮ ਸਰਨਿ ਬਿਸਰਾਮਾ ੨੬
ਮਨ ਰੇ ਕਹਾ ਭਇਓ ਤੈ ਬਉਰਾ ੨੮
ਨਰ ਅਚੇਤ ਪਾਪ ਤੇ ਡਰੁ ਰੇ ੩੦

ਰਾਗ ਆਸਾ—

ਬਿਰਥਾ ਕਹਉ ਕਉਨ ਸਿਉ ਮਨ ਕੀ ੩੨

ਰਾਗੁ ਦੇਵਗੰਧਾਰੀ—

ਯਹ ਮਨੁ ਨੈਕ ਨ ਕਹਿਓ ਕਰੈ ੩੪
ਸਭੁ ਕਿਛੁ ਜੀਵਤ ਕੋ ਬਿਵਹਾਰੁ ੩੬
ਜਗਤ ਮਹਿ ਝੂਠੀ ਦੇਖੀ ਪ੍ਰੀਤਿ ੩੮

ਰਾਗੁ ਬਿਹਾਗੜਾ—

ਹਰਿ ਕੀ ਗਤਿ ਨਹਿ ਕੋਊ ਜਾਨੈ ੪੦

ਰਾਗੁ ਸੋਰਠਿ—

ਰੇ ਮਨ ਰਾਮ ਸਿਉ ਕਰਿ ਪ੍ਰੀਤਿ ੪੨
ਮਨ ਕੀ ਮਨ ਹੀ ਮਾਹਿ ਰਹੀ ੪੪
ਮਨ ਰੇ ਕਉਨੁ ਕੁਮਤਿ ਤੈ ਲੀਨੀ ੪੬
ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ੪੮
ਪ੍ਰਾਨੀ ਕਉਨੁ ਉਪਾਉ ਕਰੈ ੫੦
ਮਾਈ ਮੈ ਕਿਹ ਬਿਧਿ ਲਖਉ ੫੨
ਮਾਈ ਮਨੁ ਮੇਰੋ ਬਸਿ ਨਾਹਿ ੫੪
ਰੇ ਨਰ ਇਹ ਸਾਚੀ ਜੀਅ ਧਾਰਿ ੫੬
ਇਹ ਜਗਿ ਮੀਤੁ ਨ ਦੇਖਿਓ ਕੋਈ ੫੮
ਮਨ ਰੇ ਗਹਿਓ ਨ ਗੁਰ ਉਪਦੇਸੁ ੬੦
ਜੋ ਨਰੁ ਦੁਖ ਮਹਿ ਦੁਖੁ ਨਹੀ ਮਾਨੈ ੬੨
ਪ੍ਰੀਤਮ ਜਾਨਿ ਲੇਹੁ ਮਨ ਮਾਹੀ ੬੪

ਰਾਗੁ ਧਨਾਸਰੀ—

ਕਾਹੇ ਰੇ ਬਨਿ ਖੋਜਨਿ ਜਾਈ ੬੬
ਸਾਧੋ ਇਹੁ ਜਗੁ ਭਰਮਿ ਭੁਲਾਨਾ ੬੮
ਤਿਹ ਜੋਗੀ ਕਉ ਜੁਗਤਿ ਨ ਜਾਨਉ ੭੦
ਅਬ ਮੈ ਕਉਨੁ ਉਪਾਉ ਕਰਉ ੭੨

ਰਾਗੁ ਜੈਤਸਰੀ—

ਭੂਲਿਓ ਮਨੁ ਮਾਇਆ ਉਰਝਾਇਓ ੭੪
ਹਰਿ ਜੂ ਰਾਖਿ ਲੇਹੁ ਪਤਿ ਮੇਰੀ ੭੬
ਮਨ ਰੇ ਸਾਚਾ ਗਹੋ ਬਿਚਾਰਾ ੭੮

ਰਾਗੁ ਟੋਡੀ—

ਕਹਉ ਕਹਾ ਅਪਨੀ ਅਧਮਾਈ ੮੦

ਰਾਗੁ ਤਿਲੰਗ—

ਚੇਤਨਾ ਹੈ ਤਉ ਚੇਤਿ ਲੈ ੮੨
ਜਾਗਿ ਲੇਹੁ ਰੇ ਮਨਾ ਜਾਗਿ ਲੇਹੁ ੮੪
ਹਰਿ ਜਸੁ ਰੇ ਮਨਾ ਗਾਇ ਲੈ ੮੬

ਰਾਗੁ ਬਿਲਾਵਲੁ—
ਦੁਖ ਹਰਤਾ ਹਰਿ ਨਾਮੁ ਪਛਾਨੋ ੮੮
ਹਰਿ ਕੇ ਨਾਮ ਬਿਨਾ ਦੁਖੁ ਪਾਵੈ ੯੦
ਜਾ ਮਹਿ ਭਜਨੁ ਰਾਮ ਕੋ ਨਾਂਹੀ ੯੨
ਰਾਗੁ ਰਾਮਕਲੀ—
ਰੇ ਮਨ ਓਟ ਲੇਹੁ ਹਰਿ ਨਾਮਾ ੯੪
ਸਾਧੋ ਕਉਨ ਜੁਗਤਿ ਅਬ ਕੀਜੈ ੯੬
ਪ੍ਰਾਨੀ ਨਾਰਾਇਨ ਸੁਧਿ ਲੇਹਿ ੯੮
ਰਾਗੁ ਮਾਰੂ—
ਹਰਿ ਕੋ ਨਾਮੁ ਸਦਾ ਸੁਖਦਾਈ ੧੦੦
ਅਬ ਮੈ ਕਹਾ ਕਰਉ ਰੀ ਮਾਈ ੧੦੨
ਮਾਈ ਮੈ ਮਨ ਕੋ ਮਾਨੁ ਨ ੧੦੪
ਰਾਗੁ ਬਸੰਤੁ—
ਸਾਧੋ ਇਹੁ ਤਨੁ ਮਿਥਿਆ ਜਾਨਉ ੧੦੬
ਪਾਪੀ ਹੀਐ ਮਹਿ ਕਾਮੁ ਬਸਾਇ ੧੦੮
ਮਾਈ ਮੈ ਧਨੁ ਪਾਇਓ ਹਰਿ ਨਾਮੁ ੧੧੦
ਮਨ ਕਹਾ ਬਿਸਾਰਿਓ ਰਾਮ ਨਾਮੁ ੧੧੨
ਕਹਾ ਭੂਲਿਓ ਰੇ ਝੂਠੈ ਲੋਭਿ ਲਾਗਿ ੧੧੪
ਰਾਗੁ ਸਾਰੰਗ—
ਹਰਿ ਬਿਨੁ ਤੇਰੋ ਕੋ ਨ ਸਹਾਈ ੧੧੬
ਕਹਾ ਮਨ ਬਿਖਿਆ ਸਿਉ ੧੧੮
ਕਹਾ ਨਰੁ ਅਪਨੋ ਜਨਮੁ ਗਵਾਵੈ ੧੨੦
ਮਨ ਕਰਿ ਕਬਹੂੰ ਨ ਹਰਿ ਗੁਨ ੧੨੨
ਰਾਗੁ ਜੈਜਾਵੰਤੀ—
ਰਾਮੁ ਸਿਮਰਿ ਰਾਮੁ ਸਿਮਰਿ ੧੨੪
ਰਾਮੁ ਭਜੁ ਰਾਮੁ ਭਜੁ ੧੨੬
ਰੇ ਮਨ ਕਉਨ ਗਤਿ ਹੋਇ ਹੈ ੧੨੮
ਬੀਤਿ ਜੈ ਹੈ ਬੀਤਿ ਜੈ ਹੈ ੧੩੦
ਸਲੋਕ ਮਹਲਾ ੯—
ਗੁਨ ਗੋਬਿੰਦ ਗਾਇਓ ਨਹੀ ੧੩੨

ਅੰਤਿਕਾ

ੳ—ਪੌਰਾਣਿਕ ਹਵਾਲੇ ੧੫੩ ਤੋਂ ੧੫੭

ਧ੍ਰੂਅ ੧੫੩, ਨਾਰਦ, ਪੰਚਾਲੀ ੧੫੪, ਅਜਾਮਲ ੧੫੫, ਗਨਿਕਾ, ਗਜ, ਰਾਮ ੧੫੬, ਰਾਵਣ ੧੫੭

ਅ—ਮੁਖ ਵਿਸ਼ਿਆਂ ਦੀ ਵਿਆਖਿਆ ੧੫੮ ਤੋਂ ੧੮੩

ਵਾਹਿਗੁਰੂ ੧੫੮, ਗੁਰੂ ੧੫੯, ਨਾਮ ੧੬੨, ਮਨੁੱਖਾ-ਜਨਮ ੧੬੫, ਮਨ ੧੬੮, ਮਾਇਆ ੧੭੦, ਜਗ-ਰਚਨਾ ੧੭੩, ਮੁਕਤਿ-ਪੰਥੁ ੧੭੫, ਮੌਤ—ਕਾਲ—ਜਮ ੧੭੮, ਅਧਿਆਤਮਿਕ ਜੁਗਤੀਆਂ ੧੮੦

ੲ—ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ ੧੮੪ ਤੋਂ ੨੧੪

ਪੰਜਾਬੀ ਵਿਆਕਰਣ ੧੮੬, ਗੁਰਬਾਣੀ ਵਿਚ ਨਾਂਵ ੧੮੯, ਵਿਸ਼ੇਸ਼ਣ ੧੯੫, ਪੜਨਾਂਵ ੧੯੭, ਕਿਰਿਆ : ਵਰਤਮਾਨ ਕਾਲ ੨੦੧, ਭੂਤ ਕਾਲ ੨੦੪, ਭਵਿਖਤ ਕਾਲ ੨੦੫, ਹੁਕਮੀ ਭਵਿਖਤ ੨੦੭, ਕਾਰਦੰਤਕ ੨੦੯, ਫੁਟਕਲ ੨੧੦

ਮੁਖ-ਬੰਧ

ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ, ਹੈਡ ਗ੍ਰੰਥੀ,
ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ

੭ ਦਸੰਬਰ ੧੯੭੫ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਤਿੰਨ-ਸੌ-ਸਾਲਾ ਸ਼ਹੀਦੀ ਗੁਰਪੁਰਬ ਸੀ, ਜਿਸ ਨੂੰ ਸਿਖ-ਸੰਗਤਾਂ ਨੇ ਵੱਡੇ ਉਤਸ਼ਾਹ, ਸ਼ਰਧਾ, ਪ੍ਰੇਮ ਤੇ ਲਗਨ ਨਾਲ ਬਹੁਤ ਵੱਡੀ ਪੱਧਰ ਤੇ ਮਨਾਇਆ। ੧੯੭੫-੭੬ ਦਾ ਇਹ ਸਾਰਾ ਸਾਲ ਸਰਕਾਰੀ ਤੇ ਗ਼ੈਰ-ਸਰਕਾਰੀ ਤੌਰ ਤੇ ਬਹੁਤ ਵੱਡੇ ਵੱਡੇ ਜਲੂਸਾਂ, ਕੀਰਤਨ ਤੇ ਕਵੀ-ਦਰਬਾਰਾਂ ਅਤੇ ਦੀਵਾਨਾਂ ਦੇ ਰੂਪ ਵਿਚ ਮਨਾਇਆ ਜਾ ਰਿਹਾ ਹੈ।

ਇਸ ਮੌਕੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸਰਕਾਰ ਵਲੋਂ, ਵੱਖ ਵੱਖ ਸੰਸਥਾਵਾਂ ਵਲੋਂ, ਦੁਕਾਨਦਾਰਾਂ ਵਲੋਂ ਅਤੇ ਨਿਜੀ ਤੌਰ ਤੇ ਵਿਦਵਾਨਾਂ ਨੇ ਲੇਖਾਂ, ਖੋਜ-ਪੱਤਰਾਂ, ਕਾਵਿ-ਰੂਪਾਂ ਤੇ ਟੀਕਿਆਂ ਆਦਿ ਦੁਆਰਾ ਗੁਰੂ ਮਹਾਰਾਜ ਦੀ ਉਸਤਤਿ ਵਿਚ ਵੱਡਮੁੱਲਾ ਸਾਹਿੱਤ ਕਾਫ਼ੀ ਮਾਤਰਾ ਵਿਚ ਸੰਗਤਾਂ ਦੇ ਪੇਸ਼ ਕੀਤਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਮੂਲ ਬਾਣੀ, ਤੁਕ-ਤਤਕਰਾ ਤੇ ਸ਼ਬਦ ਅਨੁਕ੍ਰਮਣਿਕਾ ਲਿਖਵਾ ਕੇ ਨਵੀਨ ਢੰਗ ਦੀ ਪੁਸਤਕ ਛਪਵਾਣ ਦਾ ਉਦਮ ਕੀਤਾ ਗਿਆ ਹੈ।

ਉਪਰੋਕਤ ਸਾਰੇ ਉਦਮ ਸ਼ਲਾਘਾਯੋਗ ਹਨ। ਪਰ ਇਨ੍ਹਾਂ ਸਾਰਿਆਂ ਉਪਰਾਲਿਆਂ ਵਿਚ ਜੋ ਗੱਲ ਸਾਰਿਆਂ ਦੇ ਅੱਖੋਂ ਉਹਲੇ ਰਹਿ ਗਈ ਸੀ ਤੇ ਜਿਸ ਨੂੰ ਗੁਰਬਾਣੀ ਦੇ ਖੋਜੀ ਵਿਦਵਾਨ ਬਹੁਤ ਵੱਡਾ ਘਾਟਾ ਮਹਿਸੂਸ ਕਰ ਰਹੇ ਸਨ, ਉਹ ਸੀ ਮੂਲ ਬਾਣੀ ਦੀ ਲਿਖਤ ਵਿਚ ਲਿਖਣ ਤੇ ਛਾਪੇ ਦੀ ਅਣਗਹਿਲੀ ਕਾਰਨ ਆਈਆਂ ਲਗ-ਮਾਤ੍ਰੀ ਉਕਾਈਆਂ ਦੀ ਸੁਧਾਈ, ਜੋ ਪੁਰਾਤਨ ਪ੍ਰਮਾਣੀਕ ਹੱਥ-ਲਿਖਤੀ ਬੀੜਾਂ ਅਤੇ ਗੁਰਬਾਣੀ ਦੇ ਅੰਦਰਲੇ ਨੇਮਾਂ ਮੁਤਾਬਕ ਹੋਣੀ ਜ਼ਰੂਰੀ ਹੈ।

ਉਪਰ ਕਥਿਤ ਘਾਟ ਨੂੰ ਮਹਿਸੂਸ ਕਰਦਿਆਂ ਭਾਈ ਜੋਗਿੰਦਰ ਸਿੰਘ ਜੀ

KhalsaSpirit.com

ਤਲਵਾੜਾ ਵਾਲਿਆਂ ਨੇ ਜਿਥੇ ਕਈ ਸਾਲਾਂ ਦੀ ਅਣਥੱਕ ਮਿਹਨਤ ਨਾਲ, ਆਪਣੀ ਸਰਵਿਸ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾ ਕੇ, ਬਾਕੀ ਬਚੇ ਸਮੇਂ ਨੂੰ ਸਫਲ ਕਰਨ ਲਈ, ਹੋਰ ਸਿੰਘ ਨਾਲ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਛਾਪੇ ਤੇ ਹੱਥ-ਲਿਖਤ ਦੀਆਂ ਪ੍ਰਮਾਣੀਕ ਬੀੜਾਂ ਨੂੰ ਇਕੋ ਸਮੇਂ ਇਕੱਠਿਆਂ ਪ੍ਰਕਾਸ਼ ਕਰ ਕੇ, ਮਿਲਾਨ ਕਰ ਕੇ, ਪਾਠ-ਭੇਦ ਲੱਭੇ ਹਨ, ਉਥੇ ਗੁਰਬਾਣੀ ਦੇ ਅੰਦਰਲੇ ਨੇਮਾਂ ਨੂੰ ਵੀ ਬੜੀ ਸੁਘੜਤਾ ਨਾਲ ਸਮਝਿਆ ਵਿਚਾਰਿਆ ਤੇ ਸੰਗ੍ਰਹਿ ਕੀਤਾ ਹੈ। ਉਸ ਬਹੁਤ ਉੱਤਮ ਤੇ ਪਵਿੱਤਰ ਕਾਰਜ ਲਈ ਕੀਤੀ ਘਾਲਣਾ ਦੀ ਇਹ ਪੁਸਤਕ ਇਕ ਕੜੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਗੁਰਬਾਣੀ ਸੰਕਲਨ-ਕਾਲ ਤੋਂ ਲਗ-ਪਗ ੭੦ ਸਾਲ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਬਾਣੀ ਲਿਖੀ ਗਈ, ਜਿਸ ਕਰਕੇ ਬਹੁਤੇ ਹੱਥ-ਲਿਖਤ ਲਿਖਾਰੀ ਗੁਰਬਾਣੀ ਦੇ ਅੰਦਰਲੇ ਨੇਮਾਂ ਨੂੰ ਪੂਰੀ ਤਰ੍ਹਾਂ ਨਿਭਾ ਨਹੀਂ ਸਕੇ, ਪਰ ਕਈਆਂ ਸੁਜਾਨ ਲਿਖਾਰੀਆਂ ਨੇ, ਜੋ ਉਨ੍ਹਾਂ ਨੇਮਾਂ ਤੋਂ ਪੂਰੀ ਤਰ੍ਹਾਂ ਜਾਣੂ ਸਨ, ਬੜੀ ਸੁਘੜਤਾ ਨਾਲ ਨਿਭਾਇਆ ਹੈ।

ਸਾਡੇ ਵਿਦਵਾਨ ਟੀਕਾਕਾਰ ਜੀ ਨੇ ਉਪਰੋਕਤ ਵਰਣਿਤ ਸੂਝਵਾਨ ਲਿਖਾਰੀਆਂ ਦੀਆਂ ਲਿਖੀਆਂ ਹੱਥ-ਲਿਖਤ ਬੀੜਾਂ ਨਾਲ ਮੂਲ ਪਾਠਾਂ ਨੂੰ ਮੇਲ ਕੇ ਸੋਧਿਆ ਹੈ। ਨੌਂਵੇਂ ਸਤਿਗੁਰੂ ਜੀ ਦੀ ਬਾਣੀ ਨਾਲ ਸੰਬੰਧਤ ਲਿਖਣ-ਨਿਯਮਾਵਲੀ ਅੰਤਕਾ (ੲ) ਵਿਚ ਪੰਨਾ ੧੮੪ ਤੋਂ ੨੧੪ ਤਕ ਦੇ ਦਿਤੀ ਹੈ, ਜੋ ਬਾਣੀ ਨੂੰ ਸਮਝਣ ਵਿਚ ਬਹੁਤ ਸਹਾਈ ਹੋ ਸਕਦੀ ਹੈ। ਪਦ-ਅਰਥਾਂ ਅਤੇ ਸਮੁੱਚੇ ਅਰਥਾਂ ਨੂੰ ਲਿਖਣ ਸਮੇਂ ਗੁਰਬਾਣੀ ਦੇ ਅੰਦਰਲੇ ਨੇਮਾਂ ਨੂੰ ਪੂਰੀ ਪ੍ਰਬੀਨਤਾ ਨਾਲ ਨਿਭਾਇਆ ਹੈ। ਇਨ੍ਹਾਂ ਨੇਮਾਂ ਵਲ ਆਮ ਟੀਕਾਕਾਰਾਂ ਨੇ ਘੱਟ ਹੀ ਧਿਆਨ ਦਿਤਾ ਹੈ।

ਅੰਤਕਾ (ੳ) ਵਿਚ ਗੁਰਬਾਣੀ ਦੇ ਅੰਦਰ ਆਏ ਪੌਰਾਣਿਕ ਹਵਾਲਿਆਂ ਬਾਰੇ ਲੋੜੀਂਦੀ ਜਾਣਕਾਰੀ ਦੇ ਦਿਤੀ ਗਈ ਹੈ, ਜਿਵੇਂ ਕਿ ਧ੍ਰੂਅ, ਨਾਰਦ, ਪੰਚਾਲੀ, ਅਜਾਮਲ, ਗਨਿਕਾ, ਗਜ, ਰਾਮ, ਰਾਵਣ ਆਦਿ ਦੀਆਂ ਸੰਖੇਪ ਜੀਵਨੀਆਂ ਲਿਖ ਦਿਤੀਆਂ ਹਨ, ਜੋ ਪਾਠਕਾਂ ਲਈ ਬੜੀਆਂ ਹੀ ਜ਼ਰੂਰੀ ਤੇ ਲਾਭਕਾਰੀ ਸਾਬਤ ਹੋਣਗੀਆਂ।

ਅੰਤਕਾ (ਅ) ਵਿਖੇ 'ਮੁਖ ਵਿਸ਼ਿਆਂ ਦੀ ਵਿਆਖਿਆ' ਦੇ ਸਿਰਲੇਖ ਹੇਠ ਵਾਹਿਗੁਰੂ, ਗੁਰੂ, ਨਾਮ (ਭਗਤੀ), ਮਨੁੱਖਾ ਜਨਮ, ਮਨ, ਮਾਇਆ, ਜਗ-ਰਚਨਾ,

ਮੁਕਤਿ-ਪੰਥ ਆਦਿ ਵਿਸ਼ਿਆਂ ਦੀ ਵਿਆਖਿਆ, ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਬਾਣੀ ਦੇ ਅਧਾਰ ਤੇ ਕੀਤੀ ਗਈ ਹੈ। ਬਾਣੀ ਦੀਆਂ ਉਹ ਤੁਕਾਂ ਪੈਰ-ਟੂਕਾਂ ਵਿਚ ਦੇ ਦਿਤੀਆਂ ਗਈਆਂ ਹਨ, ਤਾਕਿ ਵਿਆਖਿਆਕਾਰਾਂ ਲਈ ਸਮਝਣ ਵਿਚ ਸੁਗਮਤਾ ਹੋ ਸਕੇ। ਅੰਤ ਵਿਚ ਗੁਰਬਾਣੀ ਦੀਆਂ ਤੁਕਾਂ ਦੇ ਕੇ ਕੁਝ ਕੁ ਅਧਿਆਤਮਕ ਜੁਗਤੀਆਂ ਦਾ ਵੇਰਵਾ ਲਿਖ ਦਿਤਾ ਹੈ, ਜੋ ਪ੍ਰਮਾਰਥ ਦੇ ਪਾਂਧੀਆਂ ਲਈ ਚਾਨਣ-ਮੁਨਾਰੇ ਦਾ ਕੰਮ ਕਰੇਗਾ।

ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਜਿਥੇ ਧਾਰਮਿਕ ਰਹਿਣੀ ਦੇ ਧਾਰਨੀ ਤੇ ਕੀਰਤਨੀਏ ਤਾਂ ਪਹਿਲਾਂ ਹੀ ਸਨ, ਉਥੇ ਇਸ ਪੁਸਤਕ ਦੇ ਲਿਖਣ ਨਾਲ ਗੁਰਬਾਣੀ ਦੇ ਖੋਜੀ, ਗੁਰਬਾਣੀ ਵਿਆਕਰਣ ਦੇ ਗਿਆਤਾ ਤੇ ਗੁਰਬਾਣੀ ਦੇ ਟੀਕਾਕਾਰ ਦੇ ਰੂਪ ਵਿਚ ਸਾਡੇ ਸਾਹਮਣੇ ਆਏ ਹਨ।

ਇਸ ਗੁਰਬਾਣੀ ਸਟੀਕ ਲਿਖਣ ਵਿਚ ਭਾਈ ਸੇਵਾ ਸਿੰਘ, ਸਿੰਘ ਬ੍ਰਦਰਜ਼ ਵਾਲਿਆਂ ਨੇ ਵੀ ਆਪਣਾ ਪੂਰਾ ਯੋਗ-ਦਾਨ ਦਿੱਤਾ ਹੈ ਤੇ ਆਪਣੀ ਫ਼ਰਮ ਵਲੋਂ ਇਸ ਪੁਸਤਕ ਨੂੰ ਛਾਪ ਕੇ, ਗੁਰਬਾਣੀ ਦੇ ਪ੍ਰਕਾਸ਼ਕਾਂ ਨੂੰ ਸ਼ੁੱਧ ਗੁਰਬਾਣੀ ਛਾਪਣ ਲਈ ਨਵਾਂ ਰਾਹ ਦਿਖਾਇਆ ਹੈ।

ਮੈਂ ਆਪਣੇ ਵਲੋਂ ਗੁਰਬਾਣੀ ਦੇ ਖੋਜੀਆਂ, ਕਥਾਕਾਰਾਂ, ਕੀਰਤਨੀਆਂ, ਸਕੂਲਾਂ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਬੁੱਧੀਜੀਵੀਆਂ ਨੂੰ ਪੁਰ-ਜ਼ੋਰ ਅਪੀਲ ਕਰਦਾ ਹਾਂ ਕਿ ਇਸ ਪੁਸਤਕ ਦੀ ਯੋਗ ਕਦਰ ਕਰ ਕੇ ਲੇਖਕ ਅਤੇ ਪ੍ਰਕਾਸ਼ਕਾਂ ਦੀ ਹੌਸਲਾ-ਅਫ਼ਜ਼ਾਈ ਕਰਨ, ਤਾਕਿ ਉਹ ਅਗੋਂ ਲਈ ਇਨ੍ਹਾਂ ਹੀ ਲੀਹਾਂ ਉਪਰ ਸਮੱਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਲਿਖਤ ਤੇ ਛਾਪੇ ਦੀ ਅਣਗਹਿਲੀ ਕਾਰਨ ਆਈਆਂ ਉਕਾਈਆਂ ਨੂੰ ਪ੍ਰਮਾਣੀਕ ਲਿਖਤੀ ਬੀੜਾਂ ਤੇ ਗੁਰਬਾਣੀ ਦੇ ਅੰਦਰਲੇ ਲਗ-ਮਾਤ੍ਰੀ ਨਿਯਮਾਂ ਦੀ ਅਗਵਾਈ ਵਿਚ ਸੋਧ ਕੇ ਅਰਥਾਂ ਸਹਿਤ ਲਿਖਣ ਤੇ ਛਾਪਣ ਦੀ ਸੇਵਾ ਕਰ ਕੇ ਪੰਥ ਅਤੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਸਕਣ।

ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ।
੧੯-੭-੭੬

ਗੁਰਮਤਿ ਪ੍ਰੇਮੀਆਂ ਦਾ ਦਾਸ
ਕਿਰਪਾਲ ਸਿੰਘ
ਹੈੱਡ ਗ੍ਰੰਥੀ

ਮੁਢਲੀ ਬੇਨਤੀ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਆਪ ਜੀ ਦੇ ਜੋਤੀ ਜੋਤਿ ਸਮਾਵਣ ਤੋਂ ਮਗਰੋਂ ਦਸਵੇਂ ਪਾਤਿਸ਼ਾਹ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪਾਵਨ ਬੀੜ ਵਿਚ ਦਰਜ ਕੀਤੀ ਗਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਗਹੁ ਨਾਲ ਪਾਠ ਕਰਨ ਤੇ ਅਨੁਭਵ ਹੁੰਦਾ ਹੈ ਕਿ ਗੁਰਬਾਣੀ ਦੀ ਲਿਖਾਈ ਬਝਵੇਂ ਲਗ-ਮਾਤ੍ਰੀ ਨੇਮਾਂ ਅਨੁਸਾਰ ਕੀਤੀ ਗਈ ਹੈ, ਤਾਂ ਜੁ ਬਾਣੀ ਦੇ ਅਰਥ-ਭਾਵ ਸਮਝਣ ਵਿਚ ਸਹਾਇਤਾ ਮਿਲ ਸਕੇ। ਇਕੋ ਸ਼ਬਦ (word) ਨੂੰ ਵੱਖ ਵੱਖ ਲਗਾਂ ਲੱਗਣ ਨਾਲ ਉਸ ਦੇ ਅਰਥ ਬਦਲ ਜਾਂਦੇ ਹਨ। ਸਮੱਗਰ ਬਾਣੀ ਵਿਚ ਵਿਆਪਕ ਲਗ-ਮਾਤ੍ਰੀ ਨਿਯਮਾਵਲੀ ਨੂੰ ਪੰਥਕ-ਪਧਰ ਤੇ ਘੋਖ ਕੇ ਇਸਦਾ ਪ੍ਰਮਾਣਿਤ ਰੂਪ ਤਿਆਰ ਕੀਤੇ ਜਾਣ ਦੀ ਲੋੜ ਹੈ।

ਗੁਰਬਾਣੀ ਦੀ ਲਿਖਾਈ ਦਾ ਬਝਵੇਂ ਨੇਮਾਂ ਅਨੁਸਾਰ ਹੋਣਾ ਗੁਰਬਾਣੀ ਦੀ ਗੌਰਵਤਾ ਨੂੰ ਘਟਾਉਂਦਾ ਨਹੀਂ, ਸਗੋਂ ਵਧਾਉਂਦਾ ਹੈ। ਗੁਰਬਾਣੀ ਦੇ ਵਰਣਾਤਮਿਕ ਰੂਪ ਦਾ ਸਿੱਖ-ਸੰਗਤਾਂ ਦੇ ਸਮਝਣ ਨਾਲ ਗੂੜ੍ਹਾ ਸੰਬੰਧ ਹੈ ਤੇ ਸਮਝ ਗੋਚਰੇ ਕਰਨ ਲਈ ਹੀ ਨਿਯਮ ਵਰਤੇ ਗਏ ਹਨ, ਨਹੀਂ ਤਾਂ ਇਹਨਾਂ ਤੋਂ ਬਗ਼ੈਰ ਗੁਰਬਾਣੀ ਦੇ ਅਰਥ ਅਤੇ ਭਾਵ ਸਮਝੇ ਜਾਣੇ ਕਠਿਨ ਹੋ ਜਾਂਦੇ। ਗੁਰਬਾਣੀ ਦੀ ਲਿਖਾਈ ਦੇ ਇਹ ਨੇਮ ਆਪਣੇ ਆਪ ਵਿਚ ਸੁਤੰਤਰ ਹਨ ਅਤੇ ਇਹਨਾਂ ਦੇ ਨਿਰਮਾਤਾ ਗੁਰੂ ਪਾਤਿਸ਼ਾਹ ਜੀ ਆਪ ਹਨ।

ਕੁਝ ਕੁ ਵਿਦਵਾਨਾਂ ਨੇ ਗੁਰਬਾਣੀ ਦੇ ਪਠਨ ਪਾਠਨ ਅਤੇ ਖੋਜ ਕਰ ਕੇ ਕੁਝ ਨੇਮ ਉਜਾਗਰ ਕੀਤੇ ਹਨ। ਉਹਨਾਂ ਦੁਆਰਾ ਨੇਮਾਂ ਦੇ ਪਰਗਟ ਕੀਤੇ ਗਏ ਨਿਰਣਿਆਂ ਬਾਰੇ ਮਤ-ਭੇਦ ਹੋ ਸਕਦਾ ਹੈ, ਕਿਉਂਕਿ ਬਹੁਤ ਸਾਰੇ ਨੇਮ ਲਿਖਤ/ ਛਾਪੇ ਦੀ ਅਣਗਹਿਲੀ ਕਾਰਨ ਆ ਗਈਆਂ ਉਕਾਈਆਂ ਕਰਕੇ ਅਜੇ ਸਪੱਸ਼ਟ ਨਹੀਂ ਹੋਏ। ਉਹਨਾਂ ਦੀ ਸਪੱਸ਼ਟਤਾਈ ਲਈ ਪੰਥਕ ਪੱਧਰ ਤੇ ਧਿਆਨ ਦੇਣ ਦੀ ਲੋੜ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਪੰਥਕ ਤੌਰ ਤੇ ਕੁਝ ਸੂਝਵਾਨ

ਵਿਦਵਾਨਾਂ ਦੀ ਟੀਮ ਲਗਾਤਾਰ ਮਿਹਨਤ ਕਰੇ। ਗੁਰੂ ਕਰੇ! ਕੁਝ ਗੁਰੂ ਕੇ ਲਾਲ ਇਸ ਕਾਰਜ ਨੂੰ ਲਗਨ ਤੇ ਨਿਸ਼ਕਾਮ ਭਾਵਨਾ ਨਾਲ, ਪੰਥਕ ਕਾਰਜ ਜਾਣ ਕੇ ਕਰਨ ਲਈ ਅੱਗੇ ਆਵਣ!

ਇਹਨਾਂ ਨੇਮਾਂ ਨੂੰ ਸਮਝਣਾ ਅਤੇ ਸਮਝਾਉਣਾ ਇਕ ਭਾਰੀ ਪੰਥਕ ਸੇਵਾ ਹੈ, ਜਿਸ ਨੂੰ ਕਰਨ ਦੀ ਅਤੀਅੰਤ ਲੋੜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪੀ ਹੋਈ ਬੀੜ ਅਤੇ ਪੁਰਾਤਨ ਹੱਥ-ਲਿਖਤੀ ਬੀੜਾਂ ਵਿਚ ਬਹੁਤ ਸਾਰੇ ਲਗ-ਮਾਤ੍ਰੀ ਭੇਦ ਦੇਖਣ ਵਿਚ ਆਉਂਦੇ ਹਨ। ਛਾਪੇ ਦੀਆਂ ਬੀੜਾਂ ਵਿਚ ਬਹੁਤ ਥਾਵੇਂ ਛਾਪੇ ਦੀ ਅਣਗਹਿਲੀ ਕਾਰਨ ਲਗਾਂ-ਮਾਤ੍ਰਾਂ ਵਧ ਘਟ ਹੋ ਗਈਆਂ ਜਾਪਦੀਆਂ ਹਨ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦੀ ਲਿਖਾਈ/ਛਪਾਈ ਵਿਚ ਅਣਗਿਣਤ ਲਗ-ਮਾਤ੍ਰੀ ਭੇਦ ਹਨ। ਵੱਖ ਵੱਖ ਪ੍ਰਕਾਸ਼ਕਾਂ ਵਲੋਂ ਛਪੀਆਂ ਬੀੜਾਂ ਅਤੇ ਸੈਂਚੀਆਂ ਵਿਚ ਪਰਸਪਰ ਲਗ-ਮਾਤ੍ਰੀ ਭੇਦ ਵੀ ਬਹੁਤ ਜ਼ਿਆਦਾ ਹਨ। ਇਹਨਾਂ ਭੇਦਾਂ ਵਲ ਪੰਥਕ ਤੌਰ ਤੇ ਧਿਆਨ ਦੇਣ ਅਤੇ ਇਕਸਾਰਤਾ ਲਿਆਉਣ ਦੀ ਫ਼ੌਰੀ ਲੋੜ ਹੈ।

ਗੁਰਬਾਣੀ ਦੇ ਲਗ-ਮਾਤ੍ਰੀ ਨੇਮਾਂ ਦੀ ਅਗਵਾਈ ਵਿਚ ਅਤੇ ਪੁਰਾਤਨ ਪ੍ਰਮਾਣੀਕ ਹੱਥ-ਲਿਖਤੀ ਬੀੜਾਂ ਦੇ ਅਧਾਰ ਤੇ ਨਾਵੇਂ ਮਹਲੇ ਦੀ ਬਾਣੀ ਦੇ ਛਪ ਰਹੇ ਸਰੂਪ ਨੂੰ ਸ਼ੁੱਧ ਰੂਪ ਪ੍ਰਾਪਤ ਕਰਨ ਦਾ ਯਤਨ ਕੀਤਾ ਗਿਆ ਹੈ ਅਤੇ ਜੋ ਕੁਝ ਪ੍ਰਾਪਤ ਹੋਇਆ ਹੈ, ਇਸ ਪੁਸਤਕ ਰਾਹੀਂ ਪਾਠਕਾਂ ਸਾਹਮਣੇ ਟੀਕੇ ਸਹਿਤ ਪੇਸ਼ ਕੀਤਾ ਜਾ ਰਿਹਾ ਹੈ। **ਇਸ ਨੂੰ ਜਿਥੇ ਨਿਜੀ ਤੌਰ ਤੇ ਵਿਚਾਰਨ, ਘੋਖਣ ਦੀ ਲੋੜ ਹੈ ਉਥੇ ਪੰਥਕ ਤੌਰ ਤੇ ਵਿਚਾਰਨ ਅਤੇ ਪੰਥ-ਪ੍ਰਮਾਣਿਤ ਰੂਪ ਨਿਰਣੈ ਕਰਨ ਦੀ ਅਤੀਅੰਤ ਲੋੜ ਹੈ। ਸਮੁੱਚੇ ਪੰਥ ਦੇ ਧਿਆਨ ਯੋਗ ਹੈ ਇਹ ਮਸਲਾ। ਸਾਰਿਆਂ ਗੁਰਸਿੱਖਾਂ ਨੂੰ ਆਪਣੇ ਤੌਰ ਤੇ ਪੰਥ ਦਾ ਧਿਆਨ ਇਸ ਮਸਲੇ ਤੇ ਕੇਂਦਰਤ ਕਰਨ ਲਈ ਪ੍ਰਯਤਨ-ਸ਼ੀਲ ਹੋਣ ਦੀ ਲੋੜ ਹੈ।**

ਮੂਲ ਰੂਪ ਬਾਣੀ ਦੀ ਛਪਾਈ ਅਤੇ ਟੀਕੇ ਵਿਚ ਰਹੀਆਂ ਉਕਾਈਆਂ ਸੰਬੰਧੀ ਪਾਠਕਾਂ ਦੇ ਸੁਝਾਵਾਂ ਲਈ ਧੰਨਵਾਦੀ ਹੋਵਾਂਗਾ। ਇਹਨਾਂ ਨੂੰ ਵਿਚਾਰ ਕੇ ਯੋਗ ਸੋਧ ਕਰਨ ਦਾ ਉਪਰਾਲਾ ਕੀਤਾ ਜਾਵੇਗਾ।

ਜੋਗਿੰਦਰ ਸਿੰਘ

KhalsaSpirit.com

ਦੂਜੀ ਐਡੀਸ਼ਨ

ਪਹਿਲੀ ਐਡੀਸ਼ਨ ਪ੍ਰਕਾਸ਼ਤ ਹੋਣ ਉਪਰੰਤ 'ਖਾਲਸਾ ਸਮਾਚਾਰ' ਪੱਤਰ ਵਿਚ ਲੇਖ ਛਪਿਆ, ਜਿਸ ਵਿਚ ਇਹ ਦੋਸ਼ ਲਾਇਆ ਗਿਆ ਕਿ ਇਸ ਪੁਸਤਕ ਵਿਚ ਗੁਰਬਾਣੀ ਦੀ ਛਪਾਈ ਵਿਚ ਸਟੀਕ-ਕਰਤਾ ਵਲੋਂ ਮਨ-ਮਰਜ਼ੀ ਵਰਤੀ ਗਈ ਹੈ। ਇਸ ਲੇਖ ਦਾ ਉੱਤਰ 'ਖਾਲਸਾ ਸਮਾਚਾਰ' ਦੇ ਐਡੀਟਰ ਸਾਹਿਬ ਨੂੰ ਭੇਜਿਆ ਗਿਆ, ਜੋ ਉਹਨਾਂ ਨੇ ਆਪਣੇ ਪਰਚੇ ਵਿਚ ਛਾਪਣ ਤੋਂ ਸੰਕੋਚ ਕੀਤਾ। ਜੇ ਛਾਪ ਦੇਂਦੇ ਤਾਂ ਪਾਠਕਾਂ ਨੂੰ ਅਸਲੀਅਤ ਸਮਝ ਆ ਜਾਂਦੀ। ਮਜਬੂਰ ਹੋ ਕੇ ਦਾਸ ਨਿਜੀ ਤੌਰ ਤੇ 'ਖਾਲਸਾ ਸਮਾਚਾਰ' ਦੇ ਐਡੀਟਰ ਸਾਹਿਬ ਨੂੰ ਮਿਲਿਆ ਅਤੇ ਸਪੱਸ਼ਟ ਕੀਤਾ ਕਿ ਇਸ ਪੁਸਤਕ ਵਿਚਲੀ ਮੂਲ ਬਾਣੀ ਦੀ ਛਪਾਈ ਵਿਚ ਦਾਸ ਨੇ ਆਪਣੀ ਮਨ-ਮਰਜ਼ੀ ਕਦਾਚਿਤ ਨਹੀਂ ਵਰਤੀ ਤੇ ਦਾਸ ਅਜਿਹਾ ਕਰਨ ਦਾ ਨਿਜੀ ਤੌਰ ਤੇ ਕੱਟੜ ਵਿਰੋਧੀ ਹੈ। ਗੁਰਬਾਣੀ ਦਾ ਜੋ ਸ਼ੁੱਧ ਰੂਪ ਹੱਥ-ਲਿਖਤੀ ਬੀੜਾਂ ਵਿਚੋਂ ਉਪਲਬਧ ਹੋਇਆ ਹੈ ਉਹ ਸਿਦਕ-ਦਿਲੀ ਨਾਲ ਅੰਕਿਤ ਕਰ ਦਿਤਾ ਹੈ ਤੇ ਅਜਿਹਾ ਕਰਦਿਆਂ ਪੰਥਕ ਸੰਸਥਾਵਾਂ ਅਤੇ ਸਮੂਹ ਗੁਰਬਾਣੀ-ਪ੍ਰੇਮੀਆਂ ਨੂੰ ਜੋਦੜੀ ਕੀਤੀ ਹੈ ਕਿ ਇਸ ਨੂੰ ਘੋਖਣ ਅਤੇ ਗੁਰਬਾਣੀ ਦੀ ਛਪਾਈ ਵਿਚ ਦੇਖੀ ਜਾ ਰਹੀ ਲਗ-ਮਾਤ੍ਰੀ ਭਿੰਨਤਾ ਨੂੰ ਦੂਰ ਕਰ ਕੇ ਇਕਸਾਰਤਾ ਲਿਆਉਣ ਲਈ ਯਤਲ-ਸ਼ੀਲ ਹੋਣ। ਐਡੀਟਰ ਸਾਹਿਬ ਦੀ ਸਮਝ ਵਿਚ ਇਹ ਗੱਲ ਆ ਗਈ, ਪਰ ਉਹਨਾਂ ਨੇ ਪਾਠਕਾਂ ਦੀ ਗਿਆਤ ਲਈ ਆਪਣੇ ਪਰਚੇ ਵਿਚ ਸਪੱਸ਼ਟੀਕਰਣ ਕੋਈ ਨਹੀਂ ਛਾਪਿਆ।

ਸੋ ਹੁਣ ਜਦ ਇਸ ਪੁਸਤਕ ਦੀ ਦੂਜੀ ਐਡੀਸ਼ਨ ਛਪ ਰਹੀ ਹੈ, ਦਾਸ ਫਿਰ ਪੰਥਕ ਸੰਸਥਾਵਾਂ ਅਤੇ ਗੁਰਬਾਣੀ-ਪ੍ਰੇਮੀਆਂ ਦਾ ਧਿਆਨ ਇਸ ਮਹੱਤਵਪੂਰਣ ਮਸਲੇ ਵਲ ਦਿਵਾ ਕੇ ਚਿਤਾਵਨੀ ਦੇਂਦਾ ਹੈ ਕਿ ਇਸ ਪਾਸੇ ਵਲ ਵਰਤੀ ਗਈ ਅਤੇ ਵਰਤੀ ਜਾ ਰਹੀ ਅਣਗਹਿਲੀ ਕੌਮ ਲਈ ਅਤੀਅੰਤ ਹਾਨੀਕਾਰਕ ਹੈ। ਇਸ ਮਸਲੇ ਵਲੋਂ ਅੱਖਾਂ ਮੀਟ ਛੱਡਣ ਨਾਲ ਸਥਿਤੀ ਦਿਨੋ-ਦਿਨ ਹੋਰ ਗੰਭੀਰ ਹੁੰਦੀ ਜਾਵੇਗੀ। ਇਸ ਮਸਲੇ ਵਲ ਤੁਰਤ ਧਿਆਨ ਦੇ ਕੇ ਇਸ ਦਾ ਯੋਗ ਹਲ ਲੱਭਣਾ ਚਾਹੀਦਾ ਹੈ। ਜੇ ਕੋਈ ਇਸ ਪਾਸੇ ਵਲ ਧਿਆਨ ਖਿਚਣ ਲਈ ਦੁਹਾਈ ਪਾਂਦਾ ਹੈ ਤਾਂ ਉਸ ਦੀ ਗੱਲ ਸੁਣਨ ਦੀ ਬਜਾਏ ਉਸ ਦੀ ਨੀਯਤ ਤੇ ਸ਼ੱਕ ਕਰਨਾ ਘੋਰ ਅਨਿਆਂ ਹੈ। ਗੁਰੂ ਮੇਹਰ ਕਰਨ, ਪੰਥ ਇਸ ਮਸਲੇ ਵਲ ਸਾਵਧਾਨ ਹੋਵੇ!!

੩-੨-੮੨ ਜੋਗਿੰਦਰ ਸਿੰਘ ਤਲਵਾੜਾ

KhalsaSpirit.com

ਤੀਜੀ ਐਡੀਸ਼ਨ

ਦੂਜੀ ਐਡੀਸ਼ਨ ਦੀ ਸਮਾਪਤੀ ਉਤੇ ਤੀਜੀ ਐਡੀਸ਼ਨ ਛਾਪੀ ਜਾ ਰਹੀ ਹੈ। ਗੁਰਬਾਣੀ ਦੀਆਂ ਸੈਂਚੀਆਂ ਅਤੇ ਗੁਰੂ ਪਾਤਸ਼ਾਹ ਜੀ ਦੀਆਂ ਪਾਵਨ ਬੀੜਾਂ ਦੀ ਛਪਾਈ ਵਿਚ ਵਰਤੀ ਜਾ ਰਹੀ ਅਣਗਹਿਲੀ ਦੇ ਫਲਸਰੂਪ ਲਗ-ਮਾਤ੍ਰੀ ਭੇਦਾਂ ਵਿਚ ਹੋਰ ਵਾਧਾ ਹੁੰਦਾ ਚਲਿਆ ਜਾ ਰਿਹਾ ਹੈ। ਦੁਹਾਈ ਦਿਤੇ ਜਾਣ ਦੇ ਬਾਵਜੂਦ ਅਜੇ ਤਕ ਜ਼ਿੰਮੇਵਾਰ ਪੰਥਕ ਸੰਸਥਾਵਾਂ ਵਿਚੋਂ ਕਿਸੇ ਨੇ ਇਸ ਪਾਸੇ ਵਲ ਵਿਸ਼ੇਸ਼ ਧਿਆਨ ਨਹੀਂ ਦਿਤਾ। ਸਤਿਗੁਰੂ ਜੀ ਹੀ ਮਿਹਰ ਕਰਨ!..."ਹੋਰੁ ਕਿਸੁ ਪਹਿ ਆਖਿ ਸੁਣਾਈਐ" ?

ਜੋਗਿੰਦਰ ਸਿੰਘ ਤਲਵਾੜਾ

ਚੌਥੀ ਐਡੀਸ਼ਨ

ਲੋੜ ਅਨੁਸਾਰ ਹੁਣ ਚੌਥੀ ਐਡੀਸ਼ਨ ਪ੍ਰਕਾਸ਼ਤ ਕੀਤੀ ਜਾ ਰਹੀ ਹੈ। ਚਿੰਤਾ-ਜਨਕ ਸਥਿਤੀ ਹੈ ਕਿ ਗੁਰਬਾਣੀ ਦੀ ; ਪਾਵਨ ਬੀੜਾਂ, ਸੈਂਚੀਆਂ, ਗੁਟਕਿਆਂ, ਪੁਸਤਕਾਂ ਆਦਿ ਦੇ ਰੂਪ ਵਿਚ ਸ਼ੁੱਧ ਛਪਾਈ (ਲਗਾਂ-ਮਾਤ੍ਰਾਂ ਤਕ) ਵਲ ਅਜੇ ਤਕ ਪੰਥ ਦੀਆਂ ਜ਼ਿੰਮੇਵਾਰ ਸੰਸਥਾਵਾਂ ਦਾ ਵਿਸ਼ੇਸ਼ ਧਿਆਨ ਖਿਚਿਆ ਨਹੀਂ ਗਿਆ। ਇਸ ਤੱਥ ਨੂੰ, ਸ਼ਾਇਦ, ਗ਼ੈਰ-ਜ਼ਰੂਰੀ ਸਮਝ ਕੇ ਅਣਗੌਲਿਆ ਛਡਿਆ ਜਾ ਰਿਹਾ ਹੈ ਜਦ ਕਿ ਇਹ ਅਤੀਅੰਤ ਮਹੱਤਵਪੂਰਣ ਤੱਥ ਹੈ। ਸਤਿਗੁਰੂ ਮਿਹਰ ਕਰਨ!

੧੮-੬-੯੩ **ਜੋਗਿੰਦਰ ਸਿੰਘ ਤਲਵਾੜਾ**

ਬਾਣੀ ਮਹਲਾ ੯

ਅਰਥਾਂ ਸਹਿਤ

੧ਓ ਸਤਿਗੁਰਪ੍ਰਸਾਦਿ ॥

ਰਾਗੁ ਗਉੜੀ ਮਹਲਾ ੯

ਸਾਧੋ ਮਨ ਕਾ ਮਾਨੁ ਤਿਆਗਉ ।।
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ
ਤਾ ਤੇ ਅਹਿਨਿਸਿ ਭਾਗਉ ।।੧।।ਰਹਾਉ।।
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ
ਅਉਰੁ ਮਾਨੁ ਅਪਮਾਨਾ ।।
ਹਰਖ ਸੋਗ ਤੇ ਰਹੈ ਅਤੀਤਾ
ਤਿਨਿ ਜਗਿ ਤਤੁ ਪਛਾਨਾ ।।੧।।
ਉਸਤਤਿ ਨਿੰਦਾ ਦੋਊ ਤਿਆਗੈ
ਖੋਜੈ ਪਦੁ ਨਿਰਬਾਨਾ ।।
ਜਨ ਨਾਨਕ ਇਹੁ ਖੇਲੁ ਕਠਿਨੁ ਹੈ
ਕਿਨਹੂੰ ਗੁਰਮੁਖਿ ਜਾਨਾ ।।੨।।੧।।

ਪਦ ਅਰਥ :

ਸਾਧੋ—ਹੇ ਸਾਧਨਾ ਕਰਨ ਵਾਲੇ ਭਲੇ ਪੁਰਸ਼ੋ! ਤਿਆਗਉ—ਤਿਆਗਹੁ, ਛੱਡ ਦੇਵੋ । ਤਾ ਤੇ—ਉਸ (ਕੁਸੰਗਤ) ਤੋਂ । ਅਹਿ—ਦਿਨ । ਨਿਸਿ—ਰਾਤ । ਅਹਿਨਿਸਿ—ਦਿਨ ਰਾਤ, ਹਰ ਵੇਲੇ, ਸਦਾ ਹੀ ।੧। ਰਹਾਉ ।

[*ਨੋਟ :* ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ ਅਨੁਸਾਰ ਹੁਕਮੀ ਭਵਿੱਖਤ, ਮੱਧਮ ਪੁਰਖ, ਬਹੁ-ਵਚਨ, ਕਿਰਿਆ ਦਾ ਸਮੁੱਚੀ ਗੁਰਬਾਣੀ ਵਿਚ ਬਹੁਤ ਕਰਕੇ ਸਰੂਪ 'ਉ' ਦੀ ਥਾਂ 'ਹੁ' ਅੰਕਿਤ ਹੈ, ਜਿਵੇਂ ਤਿਆਗਹੁ, ਭਾਗਹੁ ਆਦਿ ।]

ਸਮ—ਸਮਾਨ, ਇਕੋ ਜਿਹਾ । ਕਰਿ—ਕਰ ਕੇ । ਅਉਰੁ—ਅਤੇ । ਮਾਨੁ, ਅਪਮਾਨਾ—ਆਦਰ, ਨਿਰਾਦਰ । ਹਰਖ, ਸੋਗ—ਖ਼ੁਸ਼ੀ, ਗ਼ਮੀ । ਅਤੀਤਾ—ਅਟੰਕ, ਨਿਰਲੇਪ । ਤਿਨਿ—ਉਸ (ਜੀਵ) ਨੇ । ਤਤੁ—ਸਾਰ, ਨਿਚੋੜ, ਅਸਲੀਅਤ ।੧।

ਉਸਤ਼ਤਿ—ਵਡਿਆਈ, ਸ਼ਲਾਘਾ, ਖ਼ੁਸ਼ਾਮਦ, ਝੋਲੀ-ਚੁਕੀ । ਨਿੰਦਾ—ਬੁਰਾਈ, ਬਦ-ਖ਼ੋਈ । ਪਦੁ—ਦਰਜਾ, ਰੁਤਬਾ । ਨਿਰਬਾਨਾ—ਤੁਰੀਆ ਪਦ,

ਅਬਿਨਾਸ਼ੀ ਪਦ, ਪਰਮ-ਪਦ। ਕਠਿਨੁ—ਬਹੁਤ ਔਖਾ। ਕਿਨਹੂੰ—ਕਿਸੇ (ਵਿਰਲੇ) ਨੇ ਹੀ। ਗੁਰਮੁਖਿ—ਗੁਰੂ ਦੀ ਰਾਹੀਂ। ਜਨ ਨਾਨਕ—ਹੇ ਨਾਨਕ ਦਾਸ!।੨।

[*ਨੋਟ :* ਲਗ-ਮਾਤ੍ਰੀ ਨਿਯਮ ਅਨੁਸਾਰ 'ਨਾਨਕ' ਦੇ, 'ਕ' ਮੁਕਤਾ ਸੰਬੋਧਨ ਰੂਪ ਹੋਣ ਕਰਕੇ, 'ਹੇ ਨਾਨਕ' ਅਰਥ ਬਣਦੇ ਹਨ। ਗੁਰੂ ਪਾਤਿਸ਼ਾਹ ਨੇ ਆਮ ਕਰਕੇ ਹਰੇਕ ਸ਼ਬਦ ਦੇ ਅੰਤ ਵਿਚ 'ਨਾਨਕ' ਨਾਮ ਦੀ ਛਾਪ ਲਾਈ ਹੋਈ ਹੈ। ਅਸੀਂ ਅਰਥਾਂ ਵਿਚ, ਬਾਰ ਬਾਰ 'ਹੇ ਨਾਨਕ' ਨਹੀਂ ਲਿਖਿਆ, ਕੇਵਲ ਇੰਨਾ ਹੀ ਇਸ਼ਾਰੇ ਮਾਤਰ ਦੱਸਿਆ ਹੈ: 'ਨਾਨਕ!']

ਅਰਥ :

ਹੇ ਸਾਧਨਾ ਕਰਨ ਵਾਲੇ ਭਲੇ ਪੁਰਸ਼ੋ! ਮਨ ਦਾ ਹੰਕਾਰੀ ਸੁਭਾਅ ਛੱਡ ਦਿਓ। ਕਾਮ, ਕ੍ਰੋਧ ਅਤੇ ਖੋਟੇ ਪੁਰਸ਼ ਦੀ ਸੰਗਤ, ਇਸ ਤੋਂ ਰਾਤ ਦਿਨੇ, ਭਾਵ ਸਦਾ ਹੀ ਦੂਰ ਨੱਸੋ।੧। ਰਹਾਉ।

(ਜੋ ਪ੍ਰਾਣੀ) ਸੁਖ ਅਤੇ ਦੁਖ ਨੂੰ ਅਤੇ ਆਦਰ ਅਤੇ ਨਿਰਾਦਰ ਦੋਹਾਂ ਨੂੰ ਇਕ-ਸਮਾਨ ਜਾਣਦਾ ਹੈ (ਭਾਵ, ਜੇ ਕੋਈ ਉਸ ਦਾ ਆਦਰ ਕਰੇ ਤਾਂ ਉਹ ਫੁੱਲ ਨਹੀਂ ਜਾਂਦਾ ਅਤੇ ਜੇ ਕੋਈ ਨਿਰਾਦਰ ਕਰੇ ਤਾਂ ਆਪਣੇ ਨਿਸ਼ਾਨੇ ਤੋਂ ਥਿੜਕਦਾ ਨਹੀਂ) (ਤੇ ਜੋ ਪ੍ਰਾਣੀ) ਖ਼ੁਸ਼ੀ ਤੇ ਗ਼ਮੀ (ਦੋਹਾਂ) ਤੋਂ ਨਿਰਲੇਪ ਰਹਿੰਦਾ ਹੈ (ਖ਼ੁਸ਼ੀ ਸਮੇਂ ਹੰਕਾਰ ਵਿਚ ਨਹੀਂ ਆਉਂਦਾ ਤੇ ਗ਼ਮੀ ਵੇਲੇ ਘਬਰਾਂਦਾ ਨਹੀਂ) ਉਸ ਨੇ ਜਗਤ ਵਿਚ (ਜੀਵਨ ਦਾ) ਤਤਸਾਰ (ਸਹੀ ਮਨੋਰਥ) ਪਛਾਣ ਲਿਆ ਹੈ।੧।

(ਜੋ ਪ੍ਰਾਣੀ) ਖ਼ੁਸ਼ਾਮਦ ਤੇ ਨਿੰਦਿਆ ਦੋਹਾਂ ਦਾ ਤਿਆਗ ਕਰਦਾ ਹੈ ਤੇ ਜੋ ਸਦਾ ਹੀ ਪਰਮ-ਪਦ ਨੂੰ ਖੋਜਦਾ ਰਹਿੰਦਾ ਹੈ (ਉਹ ਵਾਸਤਵ ਵਿਚ ਤੱਤ-ਵੇਤਾ ਹੈ, ਪਰ) ਦਾਸ ਨਾਨਕ! ਅਜਿਹਾ ਜੀਵਨ-ਕਰਤੱਵ ਬਹੁਤ ਔਖਾ ਹੈ, ਕਿਸੇ ਵਿਰਲੇ ਨੇ ਹੀ ਸਤਿਗੁਰੂ ਦੇ ਪਰਾਇਣ ਹੋ ਕੇ ਇਸ ਨੂੰ ਜਾਣਿਆ (ਅਤੇ ਧਾਰਨ ਕੀਤਾ) ਹੈ।੨।੧।

ਗਉੜੀ ਮਹਲਾ ੯

ਸਾਧੋ ਰਚਨਾ ਰਾਮਿ ਬਨਾਈ ॥
ਇਕਿ ਬਿਨਸੈ ਇਕਿ ਅਸਥਿਰੁ ਮਾਨੈ
ਅਚਰਜੁ ਲਖਿਓ ਨ ਜਾਈ ॥੧॥ਰਹਾਉ॥
ਕਾਮ ਕ੍ਰੋਧ ਮੋਹ ਬਸਿ ਪ੍ਰਾਨੀ
ਹਰਿ ਮੂਰਤਿ ਬਿਸਰਾਈ ॥
ਝੂਠਾ ਤਨੁ ਸਾਚਾ ਕਰਿ ਮਾਨਿਓ
ਜਿਉ ਸੁਪਨਾ ਰੈਨਾਈ ॥੧॥
ਜੋ ਦੀਸੈ ਸੋ ਸਗਲ ਬਿਨਾਸੈ
ਜਿਉ ਬਾਦਰ ਕੀ ਛਾਈ ॥
ਜਨ ਨਾਨਕ ਜਗੁ ਜਾਨਿਓ ਮਿਥਿਆ
ਰਹਿਓ ਰਾਮ ਸਰਨਾਈ ॥੨॥੨॥

ਪਦ ਅਰਥ :

ਰਚਨਾ—ਸ੍ਰਿਸ਼ਟੀ, ਪ੍ਰਕਿਰਤੀ। ਰਾਮਿ—ਰਾਮ ਨੇ, ਵਾਹਿਗੁਰੂ ਨੇ। ਇਕਿ—ਕਈ (ਮਨੁੱਖ)। ਬਿਨਸੈ—(ਉਚਾਰਣ ਨਾਸਕੀ) ਬਿਨਸਦੇ ਹਨ, ਮਰਦੇ ਹਨ। ਅਸਥਿਰੁ—ਅਚਲ, ਨਾ ਬਿਨਸਣ ਵਾਲਾ, ਸਦਾ ਸਥਿਰ ਰਹਿਣ ਵਾਲਾ। ਮਾਨੈ—(ਉਚਾਰਣ ਨਾਸਕੀ) ਮੰਨਦੇ ਹਨ। ਅਚਰਜੁ—(ਉਚਾਰਣ ਇਕੱਠਾ, 'ਅਚ+ਰਜ' ਵਾਂਗ ਨਹੀਂ) ਅਜੀਬ ਕੌਤਕ। ਲਖਿਓ ਨ ਜਾਈ—ਸਮਝਿਆ ਨਹੀਂ ਜਾ ਸਕਦਾ।੧। ਰਹਾਉ।

ਬਸਿ—ਵੱਸ ਵਿਚ, ਕਾਬੂ ਵਿਚ। ਹਰਿ ਮੂਰਤਿ—ਹਰੀ ਦੀ ਮੂਰਤੀ, ਵਾਹਿਗੁਰੂ ਦੀ ਹਸਤੀ। ਝੂਠਾ—ਬਿਨਸਨਹਾਰ। ਸਾਚਾ—ਸਦਾ ਕਾਇਮ ਰਹਿਣ ਵਾਲਾ। ਰੈਨਾਈ—ਰਾਤ੍ਰੀ ਦਾ।੧।

ਦੀਸੈ—ਦਿਸਦਾ ਹੈ। ਸਗਲ—ਸਾਰਾ। ਬਿਨਾਸੈ—ਵਿਨਾਸ ਹੋ ਜਾਂਦਾ ਹੈ। ਬਾਦਰ ਕੀ ਛਾਈ—ਬੱਦਲ ਦੀ ਛਾਂ। ਜਾਨਿਓ—ਜਾਣਿਆ ਹੈ, ਸਮਝਿਆ ਹੈ। ਮਿਥਿਆ—ਝੂਠ, ਬਿਨਸਨਹਾਰ।੨।

ਅਰਥ :

ਹੇ ਸਾਧਨਾ ਕਰਨ ਵਾਲੇ ਭਲੇ ਪੁਰਸ਼ੋ! (ਇਹ) ਸ੍ਰਿਸ਼ਟੀ ਰਾਮ ਨੇ ਰਚੀ ਹੋਈ ਹੈ। (ਇਸ ਵਿਚ) ਕਈ ਪ੍ਰਾਣੀ ਮਰਦੇ ਹਨ ਤੇ ਕਈ (ਹੋਰਨਾਂ ਨੂੰ ਮਰਦਿਆਂ ਵੇਖਦੇ ਹੋਏ ਵੀ) ਆਪਣੇ ਆਪ ਨੂੰ ਸਦਾ ਸਥਿਰ ਸਮਝੀ ਬੈਠੇ ਹਨ; ਇਹ ਅਜੀਬ ਕੌਤਕ ਹੈ, ਜੋ ਸਮਝਿਆ ਨਹੀਂ ਜਾ ਸਕਦਾ।੧। ਰਹਾਉ।

ਕਾਮ, ਕ੍ਰੋਧ ਅਤੇ ਮੋਹ ਦੇ ਕਾਬੂ ਵਿਚ ਆ ਕੇ ਮਨੁੱਖ ਨੇ ਵਾਹਿਗੁਰੂ ਦੀ ਹਸਤੀ ਨੂੰ ਭੁਲਾ ਛਡਿਆ ਹੈ। ਬਿਨਸਨਹਾਰ ਸਰੀਰ ਨੂੰ ਸਦਾ ਕਾਇਮ ਰਹਿਣ ਵਾਲਾ ਸਮਝ ਰਖਿਆ ਹੈ, ਜਿਵੇਂ (ਅਗਿਆਨੀ ਮਨੁੱਖ) ਰਾਤ ਦਾ ਸੁਪਨਾ (ਸੱਚਾ ਕਰਕੇ ਮੰਨਦਾ ਹੈ)।੧।

ਜਿਸ ਤਰ੍ਹਾਂ ਬੱਦਲ ਦੀ ਛਾਂ (ਸਦੀਵੀ ਨਹੀਂ ਹੁੰਦੀ ਤਿਵੇਂ ਹੀ) ਜੋ ਕੁਝ (ਇਸ ਸ੍ਰਿਸ਼ਟੀ ਵਿਚ) ਦਿਸ ਰਿਹਾ ਹੈ, ਇਹ ਸਭ ਕੁਝ (ਸਮਾਂ ਪਾ ਕੇ) ਬਿਨਸ ਜਾਂਦਾ ਹੈ। ਦਾਸ ਨਾਨਕ !(ਜਿਸ ਪ੍ਰਾਣੀ ਨੇ ਇਸ) ਸੰਸਾਰ ਨੂੰ ਬਿਨਸਨਹਾਰ ਜਾਣ ਲਿਆ ਹੈ (ਉਹ ਸਦਾ ਕਾਇਮ ਰਹਿਣ ਵਾਲੇ) ਵਾਹਿਗੁਰੂ ਦੀ ਸ਼ਰਨ ਵਿਚ ਰਹਿੰਦਾ ਹੈ।੨।੨।

ਗਉੜੀ ਮਹਲਾ ੯

ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ ॥
ਅਹਿਨਿਸਿ ਮਗਨੁ ਰਹੈ ਮਾਇਆ ਮਹਿ
ਕਹੁ ਕੈਸੇ ਗੁਨ ਗਾਵੈ ॥੧॥ਰਹਾਉ॥
ਪੂਤ ਮੀਤ ਮਾਇਆ ਮਮਤਾ ਸਿਉ
ਇਹ ਬਿਧਿ ਆਪੁ ਬੰਧਾਵੈ ॥
ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗੁ
ਦੇਖਿ ਤਾਸਿ ਉਠਿ ਧਾਵੈ ॥੧॥
ਭੁਗਤਿ ਮੁਕਤਿ ਕਾ ਕਾਰਨੁ ਸੁਆਮੀ
ਮੂੜੁ ਤਾਹਿ ਬਿਸਰਾਵੈ ॥
ਜਨ ਨਾਨਕ ਕੋਟਨ ਮਹਿ ਕੋਊ
ਭਜਨੁ ਰਾਮ ਕੋ ਪਾਵੈ ॥੨॥੩॥

ਪਦ ਅਰਥ :

ਪ੍ਰਾਨੀ—ਜੀਵ। ਕਉ—ਨੂੰ। ਜਸੁ—ਗੁਣਾਨਵਾਦ, ਭਜਨ, ਸਿਮਰਨ। ਮਨਿ—ਮਨ ਵਿਚ। ਅਹਿਨਿਸਿ—ਦਿਨ ਰਾਤ, ਸਦਾ ਹੀ। ਮਗਨੁ —ਮਸਤ। ਮਹਿ—ਵਿਚ। ਕੈਸੇ—ਕਿਵੇਂ, ਕਿਸ ਤਰ੍ਹਾਂ ? ।੧।ਰਹਾਉ।

ਪੂਤ—ਪੁੱਤਰ। ਮਮਤਾ—ਮੈਂ-ਮੇਰੀ, ਅਪਣੱਤ। ਸਿਉ—ਨਾਲ। ਇਹ ਬਿਧਿ—ਇਸ ਤਰ੍ਹਾਂ। ਆਪੁ—ਆਪਣੇ ਆਪ ਨੂੰ। ਬੰਧਾਵੈ—ਫਸਾਉਂਦਾ ਹੈ। ਮ੍ਰਿਗ ਤ੍ਰਿਸਨਾ—ਹਿਰਨ ਦੀ ਤ੍ਰਿਸ਼ਨਾ, ਠਗ-ਨੀਰਾ, ਠਗਣ ਵਾਲਾ ਪਾਣੀ। [ਨੋਟ : ਤਿਹਾਏ ਹਿਰਨ ਨੂੰ ਸੂਰਜ ਦੀ ਭੱਖਦੀ ਧੁੱਪ ਵਿਚ 'ਚਮਕਦੀ ਰੇਤ' ਦਾ ਦੂਰੋਂ, ਪਾਣੀ ਦਾ ਭੁਲੇਖਾ ਪੈਂਦਾ ਹੈ। ਉਹ ਉਸ ਵਲ ਭੱਜਦਾ ਹੈ। ਧੁੱਪ ਨਾਲ ਚਮਕਦੀ ਰੇਤ ਵਿਚੋਂ ਪਾਣੀ ਦਾ ਲਿਸ਼ਕਾਰਾ ਅਗਾਂਹ ਅਗਾਂਹ ਦੁੜਾਈ ਫਿਰਦਾ ਹੈ ਅਤੇ ਉਹ ਪਿਆਸਾ ਭੱਜ ਭੱਜ ਕੇ ਜਾਨ ਗੁਆ ਲੈਂਦਾ ਹੈ]। ਮ੍ਰਿਗ ਤ੍ਰਿਸਨਾ ਜਿਉ ਝੂਠੋ—ਮ੍ਰਿਗ-ਤ੍ਰਿਸ਼ਨਾ ਦੇ ਜਲ ਵਾਂਗ ਯਥਾਰਥ-ਹੋਂਦ ਤੋਂ ਵਿਰਵਾ। ਦੇਖਿ—ਵੇਖ ਕੇ। ਤਾਸਿ—ਉਸ ਵਲ। ਧਾਵੈ—ਧਾਉਂਦਾ ਹੈ, ਦੌੜਿਆ ਫਿਰਦਾ ਹੈ।੧।

ਭੁਗਤਿ—ਦੁਨਿਆਵੀ ਭੋਗ-ਪਦਾਰਥ। ਮੁਕਤਿ—ਮੁਕਤੀ। ਕਾਰਨੁ—ਵਸੀਲਾ (Source)। ਮੂੜ—['ੜ' ਉਚਾਰਣ ਭਾਰਾ] ਮੂਰਖ ਜੀਵ। ਤਾਹਿ—ਉਸ ਨੂੰ। ਬਿਸਰਾਵੈ—ਵਿਸਾਰਦਾ ਹੈ, ਭੁਲਾਈ ਫਿਰਦਾ ਹੈ। ਕੋਟਨ ਮਹਿ—ਕਰੋੜਾਂ ਵਿਚੋਂ। ਕੋਊ—ਕੋਈ ਵਿਰਲਾ (ਮਨੁੱਖ)। ਭਜਨੁ ਰਾਮ ਕੋ—ਰਾਮ ਦਾ ਭਜਨ।੨।

ਅਰਥ :

ਜੀਵ ਨੂੰ ਵਾਹਿਗੁਰੂ ਦਾ ਗੁਣਾਨਵਾਦ ਮਨ ਵਿਚ (ਯਾਦ) ਨਹੀਂ ਆਉਂਦਾ। (ਜਦ ਜੀਵ) ਦਿਨ ਰਾਤ ਹਰ ਵੇਲੇ ਮਾਇਆ (ਦੇ ਬੰਧਨਾਂ) ਵਿਚ ਮਗਨ ਰਹਿੰਦਾ ਹੈ ਤਾਂ ਦੱਸੋ, ਵਾਹਿਗੁਰੂ ਦੇ ਗੁਣ ਉਹ ਕਿਸ ਤਰ੍ਹਾਂ ਗਾ ਸਕਦਾ ਹੈ ?।੧।ਰਹਾਉ।

ਪੁੱਤਰ, ਮਿੱਤਰ, ਮਾਇਆ (ਆਦਿਕ ਦਾਤਾਂ) ਦੀ ਪਕੜ ਵਿਚ ਜੀਵ ਆਪਣੇ ਆਪ ਨੂੰ ਇਸ ਤਰ੍ਹਾਂ ਫਸਾਈ ਫਿਰਦਾ ਹੈ (ਜਿਵੇਂ ਹਿਰਨ ਠਗ-ਨੀਰੇ ਦੀ ਝਾਕ ਵਿਚ ਆਪਣੇ ਆਪ ਨੂੰ ਫਸਾਉਂਦਾ ਹੈ)। ਜਿਵੇਂ ਠਗ-ਨੀਰੇ ਦੀ ਕੋਈ ਯਥਾਰਥ-ਹੋਂਦ ਨਹੀਂ ਓਵੇਂ ਹੀ ਇਹ ਜਗਤ ਝੂਠਾ, ਭਾਵ ਮਿਥਿਆ ਹੈ, ਪਰ ਮਨੁੱਖ ਇਸ (ਦੀ ਚਮਕ) ਨੂੰ ਦੇਖ ਕੇ ਉਸ ਵਲ ਦੌੜੀ ਫਿਰਦਾ ਹੈ।੧।

ਮੂਰਖ ਜੀਵ ਉਸ ਮਾਲਕ ਵਾਹਿਗੁਰੂ ਨੂੰ ਭੁਲਾਈ ਫਿਰਦਾ ਹੈ ਜੋ ਦੁਨਿਆਵੀ ਸੁਖ ਦੇਣ ਵਾਲੇ ਪਦਾਰਥਾਂ ਅਤੇ ਮੁਕਤੀ ਦਾ ਵਸੀਲਾ ਹੈ। ਦਾਸ ਨਾਨਕ !(ਮੁਹਰ ਛਾਪ ਹੇਠ ਗੁਰੂ ਪਾਤਿਸ਼ਾਹ ਦੱਸਦੇ ਹਨ ਕਿ) ਕਰੋੜਾਂ ਜੀਵਾਂ ਵਿਚੋਂ ਕੋਈ ਵਿਰਲਾ ਟਾਵਾਂ ਹੀ ਹੁੰਦਾ ਹੈ ਜਿਹੜਾ (ਜੀਵਨ-ਯਾਤ੍ਰਾ ਵਿਚ ਇਸ ਭਰਮ-ਜਾਲ ਤੋਂ ਬਚ ਕੇ) ਵਾਹਿਗੁਰੂ ਦਾ ਸਿਮਰਨ ਪ੍ਰਾਪਤ ਕਰਦਾ ਹੈ।੨।੩।

ਗਉੜੀ ਮਹਲਾ ੯

ਸਾਧੋ ਇਹੁ ਮਨੁ ਗਹਿਓ ਨ ਜਾਈ ॥
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ
ਯਾ ਤੇ ਥਿਰੁ ਨ ਰਹਾਈ ॥੧॥ਰਹਾਉ॥
ਕਠਿਨ ਕਰੋਧੁ ਘਟ ਹੀ ਕੇ ਭੀਤਰਿ
ਜਿਹ ਸੁਧਿ ਸਭ ਬਿਸਰਾਈ ॥
ਰਤਨੁ ਗਿਆਨੁ ਸਭ ਕੋ ਹਿਰਿ ਲੀਨਾ
ਤਾ ਸਿਉ ਕਛੁ ਨ ਬਸਾਈ ॥੧॥
ਜੋਗੀ ਜਤਨ ਕਰਤ ਸਭਿ ਹਾਰੇ
ਗੁਨੀ ਰਹੇ ਗੁਨ ਗਾਈ ॥
ਜਨ ਨਾਨਕ ਹਰਿ ਭਏ ਦਇਆਲਾ
ਤਉ ਸਭ ਬਿਧਿ ਬਨਿ ਆਈ ॥੨॥੪॥

ਪਦ ਅਰਥ :

ਸਾਧੋ—ਹੇ ਸਾਧਨਾ ਕਰਨ ਵਾਲੇ ਭਲੇ ਪੁਰਸ਼ੋ! ਗਹਿਓ ਨ ਜਾਈ—ਪਕੜਿਆ ਨਹੀਂ ਜਾ ਸਕਦਾ, ਭਾਵ, ਵਸ ਵਿਚ ਨਹੀਂ ਕੀਤਾ ਜਾ ਸਕਦਾ। ਚੰਚਲ—ਕਿਤੇ ਨਾ ਟਿਕਣ ਵਾਲੀ। ਸੰਗਿ ਬਸਤੁ ਹੈ—ਨਾਲ ਵੱਸਦਾ ਹੈ। ਯਾ ਤੇ—ਇਸ ਕਰਕੇ। ਥਿਰੁ—ਅਚੱਲ, ਕਾਇਮ, ਟਿਕਿਆ ਹੋਇਆ। ੧। ਰਹਾਉ।

ਕਠਿਨ—ਕਰੜਾ, ਸਖ਼ਤ। ਘਟ—ਸਰੀਰ। ਭੀਤਰਿ—ਵਿਚ, ਅੰਦਰ। ਜਿਹ—ਜਿਸ ਨੇ। ਸੁਧਿ—ਵਿਵੇਕ-ਸ਼ਕਤੀ, ਸੂਝ, ਹੋਸ਼। ਸਭ ਬਿਸਰਾਈ—ਸਾਰੀ ਭੁਲਾ ਦਿੱਤੀ ਹੈ। ਸਭ ਕੋ—ਸਭ ਕਿਸੇ ਦਾ, ਹਰੇਕ ਮਨੁੱਖ ਦਾ। ਰਤਨੁ—ਰਤਨ-ਵਤ, ਅਮੋਲਕ। ਹਿਰਿ ਲੀਨਾ—ਲੁੱਟ ਲਿਆ ਹੈ। ਤਾ ਸਿਉ—ਉਸ ਨਾਲ। ਕਛੁ ਨ ਬਸਾਈ—ਕੁੱਝ ਵੱਸ ਨਹੀਂ ਚਲਦਾ। ੧।

ਜੋਗੀ—ਜੋਗ-ਸਾਧਨਾ ਕਰਨ ਵਾਲੇ। ਸਭਿ—ਸਾਰੇ। ਗੁਨੀ—ਗੁਣੀ ਪੁਰਸ਼, ਵਿਦਵਾਨ ਮਨੁੱਖ। ਰਹੇ—ਰਹਿ ਗਏ, ਥੱਕ ਗਏ। ਜਨ ਨਾਨਕ—ਦਾਸ ਨਾਨਕ ਪ੍ਰਤੀ (ਸੰਪ੍ਰਦਾਨ ਕਾਰਕ)। ਤਉ—ਤਾਂ, ਤਦੋਂ। ਸਭ ਬਿਧਿ ਬਨਿ ਆਈ—ਸਾਰੀ

ਬਿਧ ਬਣ ਗਈ, ਸਾਰੇ ਢੋਅ ਢੁੱਕ ਪਏ ।੨।੪।

ਅਰਥ :

ਹੇ ਸਾਧਨਾ ਕਰਨ ਵਾਲੇ ਭਲੇ ਪੁਰਸ਼ੋ! ਇਹ ਮਨ ਵੱਸ ਵਿਚ ਨਹੀਂ ਕੀਤਾ ਜਾ ਸਕਦਾ, (ਕਿਉਂਕਿ ਇਹ ਮਨ) ਚੁਲਬੁਲੀ ਤ੍ਰਿਸ਼ਨਾ ਦੇ ਨਾਲ ਵੱਸਦਾ ਹੈ, ਇਸ ਕਰਕੇ ਇਹ ਟਿਕ ਕੇ ਨਹੀਂ ਬਹਿੰਦਾ ।੧।ਰਹਾਉ ।

(ਕਲੇਸ਼ਾਂ ਤੇ ਭਟਕਣਾਂ ਦਾ ਮੂਲ) ਭਿਅੰਕਰ ਕ੍ਰੋਧ ਭੀ ਇਸੇ ਸਰੀਰ ਵਿਚ ਹੀ ਹੈ, ਜਿਸ ਨੇ (ਜੀਵ ਦੀ ਚੰਗੇ ਮੰਦੇ ਦਾ ਨਿਰਣਾ ਕਰਨ ਵਾਲੀ ਬਿਬੇਕ ਬੁਧੀ ਦੀ) ਸਾਰੀ ਸੂਝ-ਬੂਝ ਹੀ ਭੁਲਾ ਦਿਤੀ ਹੈ । (ਇਸ ਕ੍ਰੋਧ ਨੇ) ਸਾਰੇ ਜੀਵਾਂ ਦਾ ਅਮੋਲਕ ਗਿਆਨ ਲੁੱਟ ਲਿਆ ਹੈ ਅਤੇ ਉਸ (ਕ੍ਰੋਧ) ਅੱਗੇ ਕਿਸੇ ਦੀ ਕੋਈ ਵਾਹ ਨਹੀਂ ਚਲਦੀ ।੧।

(ਮਨ ਨੂੰ ਵੱਸ ਵਿਚ ਕਰਨ ਲਈ) ਜੋਗੀ ਲੋਕ (ਜੋਗ-ਸਾਧਨਾ ਰਾਹੀਂ) ਜਤਨ ਕਰ ਕਰ ਕੇ ਅਤੇ ਗੁਣਵਾਨ ਲੋਕ (ਆਪਣੀ ਸਹਸ-ਸਿਆਣਪੀ ਵਿਦਿਆ ਦੇ ਤਾਣ) ਗੁਣ ਗਾ ਗਾ ਕੇ ਥਕ ਗਏ ਹਨ (ਪਰ ਆਪਣੇ ਜਤਨਾਂ ਅਤੇ ਸਿਆਣਪਾਂ ਦੇ ਬਲ-ਬੋਤੇ ਕੁਝ ਨਹੀਂ ਸਵਰਦਾ) । ਦਾਸ ਨਾਨਕ ਪ੍ਰਤੀ ਜਦੋਂ ਵਾਹਿਗੁਰੂ ਜੀ ਦਇਆਲ ਹੋ ਗਏ ਤਾਂ (ਮਨ ਨੂੰ ਵੱਸ ਕਰਨ ਦੀ) ਸਾਰੀ ਬਿਧ (ਸੁਤੇ ਹੀ) ਬਣ ਗਈ ।੨।੪।

KhalsaSpirit.com

ਗਉੜੀ ਮਹਲਾ ੯

ਸਾਧੋ ਗੋਬਿੰਦ ਕੇ ਗੁਨ ਗਾਵਉ ॥
ਮਾਨਸ ਜਨਮੁ ਅਮੋਲਕੁ ਪਾਇਓ
ਬਿਰਥਾ ਕਾਹਿ ਗਵਾਵਉ ॥੧॥ਰਹਾਉ॥
ਪਤਿਤ ਪੁਨੀਤ ਦੀਨ ਬੰਧੁ ਹਰਿ
ਸਰਨਿ ਤਾਹਿ ਤੁਮ ਆਵਉ ॥
ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ
ਤੁਮ ਕਾਹੇ ਬਿਸਰਾਵਉ ॥੧॥
ਤਜਿ ਅਭਿਮਾਨੁ ਮੋਹੁ ਮਾਇਆ ਫੁਨਿ
ਭਜਨਿ ਰਾਮ ਚਿਤੁ ਲਾਵਉ ॥
ਨਾਨਕੁ ਕਹਤੁ ਮੁਕਤਿ ਪੰਥੁ ਇਹੁ
ਗੁਰਮੁਖਿ ਹੋਇ ਤੁਮ ਪਾਵਉ ॥੨॥੫॥

ਪਦ ਅਰਥ :

ਗਾਵਉ—ਗਾਵਹੁ, ਤੁਸੀਂ ਗਾਵੋ। ਅਮੋਲਕੁ—ਕੀਮਤੀ, ਦੁਰਲੱਭ। ਪਾਇਓ—ਪਾਇਆ ਹੈ, ਲੱਭਾ ਹੈ। ਬਿਰਥਾ—ਬੇ-ਅਰਥ, ਫ਼ਜ਼ੂਲ। ਕਾਹਿ—ਕਾਹਦੇ ਲਈ, ਕਿਉਂ ? ਗਵਾਵਉ—ਗਵਾਵਹੁ, ਤੁਸੀਂ ਗਵਾਂਦੇ ਹੋ।੧।ਰਹਾਉ।

ਪਤਿਤ ਪੁਨੀਤ—ਕਰਮ ਧਰਮ ਤੋਂ ਡਿਗੇ ਹੋਏ ਜੀਵਾਂ ਨੂੰ ਪਵਿੱਤਰ ਕਰਨ ਵਾਲਾ (ਵਾਹਿਗੁਰੂ)। ਦੀਨ-ਬੰਧੁ—ਗ਼ਰੀਬਾਂ ਦਾ ਸਾਥੀ (ਵਾਹਿਗੁਰੂ)। ਤਾਹਿ—ਉਸ ਦੀ। ਆਵਉ—ਆਵਹੁ, ਤੁਸੀਂ ਆਵੋ। ਗਜ ਕੋ ਤ੍ਰਾਸ—ਹਾਥੀ ਦਾ ਕਸ਼ਟ, ਦੁਖ ਕਲੇਸ਼ [ਇਸ ਪੁਰਾਣਿਕ ਗਾਥਾ ਲਈ ਵੇਖੋ ਅੰਤਿਕਾ]। ਬਿਸਰਾਵਉ—ਬਿਸਰਾਵਹੁ, ਵਿਸਾਰਦੇ ਹੋ, ਭੁਲਾਂਦੇ ਹੋ।੧।

ਤਜਿ—ਤਿਆਗ ਕੇ। ਅਭਿਮਾਨੁ—ਅਹੰਕਾਰ। ਮੋਹੁ ਮਾਇਆ—ਮਾਇਆ ਦਾ ਮੋਹ (ਪਿਆਰ)। ਫੁਨਿ—ਫਿਰ, ਅਤੇ। ਭਜਨਿ ਰਾਮ—ਰਾਮ ਦੇ ਭਜਨ ਵਿਚ। ਲਾਵਉ—ਲਾਵਹੁ, ਤੁਸੀਂ ਲਾਵੋ। ਮੁਕਤਿ—ਮੁਕਤੀ, ਜਨਮ ਮਰਨ ਤੋਂ ਖ਼ਲਾਸੀ। ਪੰਥੁ ਇਹੁ—ਇਹੀ ਰਸਤਾ ਹੈ। ਗੁਰਮੁਖਿ ਹੋਇ—ਗੁਰੂ ਦੇ ਅਨੁਸਾਰੀ ਹੋ ਕੇ।੨।੫।

KhalsaSpirit.com

ਅਰਥ :

ਹੇ ਸਾਧਨਾ ਕਰਨ ਵਾਲੇ ਭਲੇ ਪੁਰਸ਼ੋ! ਗੋਬਿੰਦ ਦੇ ਗੁਣ (ਸਦਾ) ਗਾਇਨ ਕਰੋ। ਬੜਾ ਕੀਮਤੀ ਮਨੁੱਖਾ ਜਨਮ ਮਿਲਿਆ ਹੈ, ਇਸ ਨੂੰ ਬੇ-ਅਰਥ ਕਿਉਂ ਗਵਾਂਦੇ ਹੋ ? ।੧। ਰਹਾਉ ।

ਜਿਹੜਾ ਹਰੀ (ਵਾਹਿਗੁਰੂ) ਕਰਮ ਧਰਮ ਤੋਂ ਡਿਗੇ ਹੋਏ ਮਨੁੱਖਾਂ ਨੂੰ ਪਵਿੱਤਰ ਕਰਨ ਵਾਲਾ ਹੈ, ਅਤੇ ਗ਼ਰੀਬਾਂ ਦਾ ਸਖਾ ਹੈ, ਉਸ ਦੀ ਸ਼ਰਨ ਤੁਸੀਂ ਭੀ ਆਵੋ। ਗਜ (ਹਾਥੀ) ਦਾ ਕਸ਼ਟ ਜਿਸ ਦੇ ਸਿਮਰਨ ਨਾਲ ਮਿਟ ਗਿਆ ਸੀ, ਤੁਸੀਂ ਉਸ ਨੂੰ ਕਿਉਂ ਵਿਸਾਰਦੇ ਹੋ ? ।੧।

ਹੰਕਾਰ ਤੇ ਮਾਇਆ ਦੇ ਮੋਹ-ਪਿਆਰ ਨੂੰ ਤਿਆਗ ਕੇ ਆਪਣਾ ਚਿਤ ਵਾਹਿਗੁਰੂ ਦੇ ਭਜਨ ਵਿਚ ਲਾਵੋ। ਨਾਨਕ ਕਹਿੰਦਾ ਹੈ, ਜਨਮ ਮਰਨ ਦੇ ਗੇੜ ਤੋਂ ਖ਼ਲਾਸੀ ਪਾਉਣ ਦਾ ਰਸਤਾ ਕੇਵਲ ਇਹੀ ਹੈ, (ਸੋ) ਸਤਿਗੁਰੂ ਦੇ ਸਨਮੁਖ ਹੋ ਕੇ ਤੁਸੀਂ (ਇਹ ਰਸਤਾ) ਪ੍ਰਾਪਤ ਕਰੋ।੨।੫।

ਗਉੜੀ ਮਹਲਾ ੯

ਕੋਊ ਮਾਈ ਭੂਲਿਓ ਮਨੁ ਸਮਝਾਵੈ ॥
ਬੇਦ ਪੁਰਾਨ ਸਾਧ ਮਗ ਸੁਨਿ ਕਰਿ
ਨਿਮਖ ਨ ਹਰਿ ਗੁਨ ਗਾਵੈ ॥੧॥ਰਹਾਉ॥
ਦੁਰਲਭ ਦੇਹ ਪਾਇ ਮਾਨਸ ਕੀ
ਬਿਰਥਾ ਜਨਮੁ ਸਿਰਾਵੈ ॥
ਮਾਇਆ ਮੋਹ ਮਹਾ ਸੰਕਟ ਬਨ
ਤਾ ਸਿਉ ਰੁਚ ਉਪਜਾਵੈ ॥੧॥
ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ
ਤਾ ਸਿਉ ਨੇਹੁ ਨ ਲਾਵੈ ॥
ਨਾਨਕ ਮੁਕਤਿ ਤਾਹਿ ਤੁਮ ਮਾਨਹੁ
ਜਿਹ ਘਟਿ ਰਾਮੁ ਸਮਾਵੈ ॥੨॥੬॥

ਪਦ ਅਰਥ :

ਕੋਊ—ਕੋਈ (ਗੁਰੂ-ਪਿਆਰਾ)। ਮਾਈ—ਹੇ ਮਾਂ-ਜਾਈ! ਹੇ ਜਗਿਆਸੂ ਸਖੀ! ਭੂਲਿਓ ਮਨੁ—ਭੁਲੇ ਹੋਏ ਮਨ ਨੂੰ, ਕੁਰਾਹੇ ਪਏ ਮਨ ਨੂੰ। ਸਮਝਾਵੈ—ਸਮਝਾ ਦੇਵੇ। ਸਾਧ ਮਗ—ਸਤ ਪੁਰਸ਼ਾਂ ਦੇ ਉਲੀਕੇ ਹੋਏ ਰਸਤੇ, ਭਲੇ ਬੰਦਿਆਂ ਦੇ ਦੱਸੇ ਹੋਏ ਜੀਵਨ-ਰਾਹ। ਸੁਨਿ ਕਰਿ—ਸੁਣ ਕੇ। ਨਿਮਖ—ਅੱਖ ਫਰਕਣ ਜਿੰਨਾ ਸਮਾਂ। ਨ ਗਾਵੈ—ਨਹੀਂ ਗਾਉਂਦਾ।੧। ਰਹਾਉ।

ਦੁਰਲਭ—ਅਉਖੀ ਲੱਭਣ ਵਾਲੀ, ਅਮੋਲਕ। ਦੇਹ—ਦੇਹੀ, ਕਾਇਆਂ। ਪਾਇ—ਪਾ ਕੇ। ਮਾਨਸ ਕੀ—ਮਨੁੱਖ ਦੀ। ਬਿਰਥਾ—ਬੇ-ਅਰਥ, ਬੇ-ਫ਼ਾਇਦਾ, ਅਜਾਈਂ। ਸਿਰਾਵੈ—ਬਿਤਾਂਦਾ ਹੈ। ਸੰਕਟ—ਮੁਸੀਬਤ, ਬਿਪਤਾ। ਸੰਕਟ ਬਨ—ਬਿਪਤਾ ਭਰਿਆ ਜਲ, ਠਗ-ਨੀਰਾ, ਮ੍ਰਿਗ-ਤ੍ਰਿਸ਼ਨਾ ਦਾ ਜਲ (ਦੇਖੋ ਪੰਨਾ ੧੮ ਉਤੇ ਨੋਟ)। ਤਾ ਸਿਉ—ਉਸ ਨਾਲ। ਰੁਚ—ਰੁਚੀ, ਪ੍ਰੀਤ, ਚਾਹਨਾ। ਉਪਜਾਵੈ—ਪੈਦਾ ਕਰਦਾ ਹੈ, ਪਾਉਂਦਾ ਹੈ।੧।

ਨੇਹੁ—ਪਿਆਰ, ਮੋਹ। ਨਾਨਕ—[‘ਨਾਨਕ’ ਮੁਹਰ ਛਾਪ ਲਾ ਕੇ ਉਪਦੇਸ਼

ਕਰਦੇ ਹਨ] । ਮੁਕਤਿ—ਮੁਕਤੀ, ਖ਼ਲਾਸੀ । ਤਾਹਿ—ਉਸ ਦੀ ਹੀ । ਮਾਨਹੁ— ਮੰਨੋ, ਜਾਣੋ । ਜਿਹ ਘਟਿ—ਜਿਸ ਦੇ ਹਿਰਦੇ ਵਿਚ । ਸਮਾਵੈ—ਸਮਾਉਂਦਾ ਹੈ, ਵੱਸਦਾ ਹੈ ।੨।

ਅਰਥ :

ਹੇ ਜਗਿਆਸੂ ਸਖੀ ! (ਮੇਰਾ ਇਹ ਤਰਲਾ ਹੈ ਕਿ) ਕੋਈ (ਗੁਰੂ-ਪਿਆਰਾ) (ਮੇਰੇ) ਭੁਲੇ ਹੋਏ ਮਨ ਨੂੰ ਸੁਮੱਤ ਦੇਵੇ । (ਮੇਰਾ ਇਹ ਭੁਲਿਆ ਹੋਇਆ ਮਨ) ਵੇਦ ਪੁਰਾਣ (ਆਦਿਕ ਧਰਮ-ਗ੍ਰੰਥਾਂ) ਅਤੇ ਸਤ-ਪੁਰਸ਼ਾਂ ਦੇ ਉਪਦੇਸ਼ ਸੁਣ ਕੇ ਇਕ ਨਿਮਖ ਮਾਤਰ ਲਈ ਵੀ ਵਾਹਿਗੁਰੂ ਦੇ ਗੁਣ ਨਹੀਂ ਗਾਉਂਦਾ ।੧। ਰਹਾਉ ।

(ਜਨਮ-ਜਨਮਾਂਤਰਾਂ ਵਿਚ ਭਟਕਣ ਪਿਛੋਂ) ਅਮੋਲਕ ਮਨੁੱਖਾ ਦੇਹੀ ਪ੍ਰਾਪਤ ਕਰ ਕੇ ਵੀ, ਇਸ ਜਨਮ ਨੂੰ ਅਜਾਈਂ ਬਤੀਤ ਕਰ ਰਿਹਾ ਹੈ । (ਇਹ ਸੰਸਾਰ) ਮਾਇਆ ਦੇ ਮੋਹ ਦਾ ਮਹਾਨ ਦੁਖਦਾਇਕ ਜਲ (ਠਗ-ਨੀਰਾ) ਹੈ, (ਇਹ ਮਨ) ਉਸ (ਦੀ ਚਮਕ ਦਮਕ) ਨਾਲ ਪ੍ਰੀਤ ਪਾਉਂਦਾ ਹੈ ।੧।

ਵਾਹਿਗੁਰੂ (ਜੋ ਹਰੇਕ ਦੇ) ਅੰਦਰ ਤੇ ਬਾਹਰ ਅੰਗ-ਸੰਗ ਵੱਸਦਾ ਹੈ, ਉਸ ਨਾਲ (ਇਹ ਮਨ) ਪਿਆਰ ਨਹੀਂ ਪਾਉਂਦਾ । ਨਾਨਕ ! (ਮਾਇਆ ਮੋਹ ਦੇ ਵਿਕਾਰੀ ਜੀਵਨ ਤੋਂ ਅਤੇ ਜਨਮ ਮਰਨ ਦੇ ਗੇੜ ਤੋਂ) ਖ਼ਲਾਸੀ ਉਸੇ ਦੀ ਸਮਝੋ, ਜਿਸ ਦੇ ਹਿਰਦੇ ਵਿਚ ਵਾਹਿਗੁਰੂ ਸਮਾਇਆ ਰਹਿੰਦਾ ਹੈ ।੨।੬।

ਗਉੜੀ ਮਹਲਾ ੯

ਸਾਧੋ ਰਾਮ ਸਰਨਿ ਬਿਸਰਾਮਾ ॥
ਬੇਦ ਪੁਰਾਨ ਪੜੇ ਕੋ ਇਹੁ ਗੁਨੁ
ਸਿਮਰੇ ਹਰਿ ਕੋ ਨਾਮਾ ॥੧॥ਰਹਾਉ॥
ਲੋਭੁ ਮੋਹੁ ਮਾਇਆ ਮਮਤਾ ਫੁਨਿ
ਅਉ ਬਿਖਿਅਨ ਕੀ ਸੇਵਾ ॥
ਹਰਖੁ ਸੋਗੁ ਪਰਸੈ ਜਿਹ ਨਾਹਿਨ
ਸੋ ਮੂਰਤਿ ਹੈ ਦੇਵਾ ॥੧॥
ਸੁਰਗੁ ਨਰਕੁ ਅੰਮ੍ਰਿਤੁ ਬਿਖੁ ਏ ਸਮ
ਤਿਉ ਕੰਚਨੁ ਅਰੁ ਪੈਸਾ ॥
ਉਸਤਤਿ ਨਿੰਦਾ ਏ ਸਮ ਜਾ ਕੈ
ਲੋਭੁ ਮੋਹੁ ਫੁਨਿ ਤੈਸਾ ॥੨॥
ਦੁਖੁ ਸੁਖੁ ਏ ਬਾਧੇ ਜਿਹ ਨਾਹਿਨ
ਤਿਹ ਤੁਮ ਜਾਨਹੁ ਗਿਆਨੀ ॥
ਨਾਨਕ ਮੁਕਤਿ ਤਾਹਿ ਤੁਮ ਮਾਨਹੁ
ਇਹ ਬਿਧਿ ਕੋ ਜੋ ਪ੍ਰਾਨੀ ॥੩॥੭॥

ਪਦ ਅਰਥ :

ਸਾਧੋ—ਹੇ ਸਾਧਨਾ ਕਰਨ ਵਾਲੇ ਭਲੇ ਪੁਰਸ਼ੋ! ਰਾਮ ਸਰਨਿ—ਰਾਮ ਦੀ ਸ਼ਰਨ ਵਿਚ। ਬਿਸਰਾਮਾ—ਟਿਕਾਅ, ਸ਼ਾਂਤੀ। ਪੜੇ ਕੋ—ਪੜ੍ਹਨ ਦਾ (ਪੜੇ—'ੜ' ਉਚਾਰਣ ਭਾਰਾ)। ਗੁਨੁ—ਗੁਣ, ਲਾਭ। ਸਿਮਰੇ—ਸਿਮਰਨ ਕਰੇ।੧।ਰਹਾਉ।

ਮਮਤਾ—ਮੇਰਾ-ਪਣ, ਅਪਣੱਤ। ਫੁਨਿ—ਫਿਰ, ਭੀ, ਅਤੇ। ਬਿਖਿਅਨ ਕੀ ਸੇਵਾ—ਵਿਸ਼ਿਆਂ ਦੀ ਵਰਤੋਂ। ਹਰਖੁ—ਹੁਲਾਸ, ਖੇੜਾ, ਅਨੰਦ। ਸੋਗੁ—ਗ਼ਮ, ਸ਼ੋਕ। ਪਰਸੈ—ਛੋਂਹਦਾ ਹੈ, ਪਰਸਦਾ ਹੈ। ਜਿਹ—ਜਿਸ ਨੂੰ। ਨਾਹਿਨ—ਨਹੀਂ। ਮੂਰਤਿ—ਮੂਰਤੀ, ਸਰੂਪ। ਦੇਵਾ—ਦੇਵਤਾ, ਭਗਵਾਨ, ਪ੍ਰਕਾਸ਼ ਰੂਪ (ਵਾਹਿਗੁਰੂ)।੧।

KhalsaSpirit.com

ਬਿਖੁ–ਜ਼ਹਿਰ। ਸਮ–ਬਰਾਬਰ। ਤਿਉ–ਓਵੇਂ ਹੀ। ਕੰਚਨੁ–ਸੋਨਾ। ਪੈਸਾ–ਤਾਂਬੇ ਦਾ ਸਿੱਕਾ। ਜਾ ਕੈ–ਜਿਸ ਦੇ ਮਨ ਵਿਚ। ਫੁਨਿ–ਫਿਰ, ਅਤੇ, ਭੀ।੨।

ਏ–ਇਹ (ਬਹੁ-ਵਚਨ)। ਬਾਧੇ ਜਿਹ ਨਾਹਿਨ–ਜਿਸ ਨੂੰ ਬੰਨ੍ਹ ਨਾ ਸਕਣ। ਤਿਹ–ਤਿਸ ਨੂੰ, ਉਸ ਨੂੰ। ਗਿਆਨੀ–ਵਾਹਿਗੁਰੂ ਦੀ ਸੋਝੀ ਰੱਖਣ ਵਾਲਾ। ਮੁਕਤਿ–ਮੁਕਤੀ, ਖ਼ਲਾਸੀ। ਮਾਨਹੁ–ਮੰਨੋ, ਜਾਣੋ, ਸਮਝੋ। ਇਹ ਬਿਧਿ ਕੋ–ਇਸ ਤਰ੍ਹਾਂ ਦਾ, ਅਜਿਹੇ ਜੀਵਨ ਵਾਲਾ। ਜੋ ਪ੍ਰਾਨੀ–ਜਿਹੜਾ ਮਨੁੱਖ।੩।੭।

ਅਰਥ :

ਹੇ ਸਾਧਨਾ ਕਰਨ ਵਾਲੇ ਭਲੇ ਪੁਰਸ਼ੋ! ਵਾਹਿਗੁਰੂ ਦੀ ਸ਼ਰਨ ਪਿਆਂ ਹੀ (ਵਿਕਾਰਾਂ ਵਿਚ ਭਟਕਦੇ ਮਨ ਨੂੰ) ਟਿਕਾਅ ਮਿਲ ਸਕਦਾ ਹੈ। ਵੇਦ ਪੁਰਾਣ (ਆਦਿਕ ਧਰਮ-ਗ੍ਰੰਥਾਂ ਦੇ) ਪੜ੍ਹਨ ਦਾ ਇਹ ਹੀ ਲਾਭ ਹੈ ਕਿ ਪ੍ਰਾਣੀ ਵਾਹਿਗੁਰੂ ਦੇ ਨਾਮ-ਸਿਮਰਨ ਵਿਚ ਲਗ ਜਾਵੇ।੧।ਰਹਾਉ।

ਲੋਭ, ਮੋਹ, ਮਾਇਆ ਦੀ ਪਕੜ ਅਤੇ ਵਿਸ਼ਿਆਂ ਦੀ ਵਰਤੋਂ, ਹਰਖ ਸੋਗ (ਆਦਿਕ ਕੋਈ ਵੀ ਵਿਕਾਰ) ਜਿਸ ਮਨੁੱਖ ਨੂੰ ਨਹੀਂ ਵਿਆਪਦਾ (ਭਾਵ, ਜਿਸ ਜੀਵ ਉਤੇ ਇਨ੍ਹਾਂ ਵਿਕਾਰਾਂ ਦਾ ਜ਼ੋਰ ਨਹੀਂ ਪੈਂਦਾ) ਉਹ ਜੀਵ ਪ੍ਰਕਾਸ਼ ਰੂਪ ਵਾਹਿਗੁਰੂ ਦਾ ਸਰੂਪ ਹੀ ਹੈ।੧।

ਜਿਸ ਮਨੁੱਖ ਲਈ ਸਵਰਗ ਤੇ ਨਰਕ, ਅੰਮ੍ਰਿਤ ਤੇ ਜ਼ਹਿਰ ਇਕ-ਸਮਾਨ ਹਨ (ਭਾਵ, ਜਿਹੜਾ ਇਨ੍ਹਾਂ ਸਾਰਿਆਂ ਤੋਂ ਬੇਪਰਵਾਹ ਰਹਿੰਦਾ ਹੈ) ਤਿਵੇਂ ਹੀ ਉਸ ਲਈ ਕੰਚਨ ਤੇ ਪੈਸਾ ਹਨ (ਭਾਵ, ਉਸ ਨੂੰ ਭਰਮਾ ਨਹੀਂ ਸਕਦੇ)। ਜਿਸ ਲਈ ਉਸਤਤਿ ਤੇ ਨਿੰਦਿਆ ਇਕ-ਸਮਾਨ ਹਨ (ਭਾਵ, ਜੋ ਇਨ੍ਹਾਂ ਤੋਂ ਬੇਪਰਵਾਹ ਰਹਿੰਦਾ ਹੈ) ਤਿਵੇਂ ਉਸ ਲਈ ਲੋਭ ਤੇ ਮੋਹ ਹਨ (ਭਾਵ, ਉਸ ਨੂੰ ਡੁਲਾਅ ਨਹੀਂ ਸਕਦੇ)।੨।

(ਜਿਸ ਜੀਵ ਨੂੰ) ਇਹ ਦੁਖ ਤੇ ਸੁਖ ਆਪਣੀ ਜਕੜ ਵਿਚ ਨਾ ਲਿਆ ਸਕਣ, ਤੁਸੀਂ ਉਸੇ ਨੂੰ ਹੀ ਗਿਆਨਵਾਨ ਸਮਝੋ। ਨਾਨਕ! (ਮੋਹਰ ਛਾਪ ਹੇਠ ਜੀਵ-ਮਾਤਰ ਨੂੰ ਉਪਦੇਸ਼ ਕਰਦੇ ਹਨ) (ਇਨ੍ਹਾਂ ਵਿਸ਼ੇ ਵਿਕਾਰਾਂ ਆਦਿ ਤੋਂ) ਮੁਕਤੀ, ਖ਼ਲਾਸੀ ਉਸੇ ਜੀਵ ਦੀ ਹੀ ਜਾਣੋ ਜੋ ਇਸ ਤਰ੍ਹਾਂ ਦੀ ਜੀਵਨ-ਜੁਗਤਿ ਵਾਲਾ ਹੈ।੩।੭।

KhalsaSpirit.com

ਗਉੜੀ ਮਹਲਾ ੯

ਮਨ ਰੇ ਕਹਾ ਭਇਓ ਤੈ ਬਉਰਾ ॥
ਅਹਿਨਿਸਿ ਅਉਧ ਘਟੈ ਨਹੀ ਜਾਨੈ
ਭਇਓ ਲੋਭ ਸੰਗਿ ਹਉਰਾ ॥੧॥ਰਹਾਉ॥
ਜੋ ਤਨੁ ਤੈ ਅਪਨੋ ਕਰਿ ਮਾਨਿਓ
ਅਰੁ ਸੁੰਦਰਿ ਗ੍ਰਿਹ ਨਾਰੀ ॥
ਇਨ ਮਹਿ ਕਛੁ ਤੇਰੋ ਰੇ ਨਾਹਿਨ
ਦੇਖਹੁ ਸੋਚਿ ਬਿਚਾਰੀ ॥੧॥
ਰਤਨੁ ਜਨਮੁ ਅਪਨੋ ਤੈ ਹਾਰਿਓ
ਗੋਬਿੰਦ ਗਤਿ ਨਹੀ ਜਾਨੀ ॥
ਨਿਮਖ ਨ ਲੀਨ ਭਇਓ ਚਰਨਨ ਸਿਉ
ਬਿਰਥਾ ਅਉਧ ਸਿਰਾਨੀ ॥੨॥
ਕਹੁ ਨਾਨਕ ਸੋਈ ਨਰੁ ਸੁਖੀਆ
ਰਾਮ ਨਾਮ ਗੁਨ ਗਾਵੈ ॥
ਅਉਰੁ ਸਗਲ ਜਗੁ ਮਾਇਆ ਮੋਹਿਆ
ਨਿਰਭੈ ਪਦੁ ਨਹੀ ਪਾਵੈ ॥੩॥੮॥

ਪਦ ਅਰਥ :

ਮਨ ਰੇ—ਹੇ ਮਨ! ਕਹਾ—ਕਿਉਂ ? (ਕਿਰਿਆ ਵਿਸ਼ੇਸ਼ਣ, 'ੑ' ਉਚਾਰਣ ਨਾਸਕੀ) ।ਬਉਰਾ—ਝੱਲਾ, ਕਮਲਾ ।ਅਹਿਨਿਸਿ—ਦਿਨ ਰਾਤ, ਭਾਵ, ਹਰ ਵੇਲੇ । ਅਉਧ—ਉਮਰ । ਘਟੈ—ਘਟਦੀ ਹੈ। ਨਹੀ ਜਾਨੈ—ਨਹੀਂ ਜਾਣਦਾ। ਲੋਭ ਸੰਗਿ—ਲੋਭ ਨਾਲ । ਹਉਰਾ—ਹੌਲਾ, ਜ਼ਲੀਲ ।੧। ਰਹਾਉ ।

ਜੋ ਤਨੁ—ਜਿਹੜਾ ਸਰੀਰ। ਤੈ—(ਉਚਾਰਣ ਨਾਸਕੀ) ਤੂੰ। ਅਪਨੋ ਕਰਿ—ਆਪਣਾ ਕਰ ਕੇ । ਸੁੰਦਰਿ—ਸੁੰਦਰੀ, ਸੁੰਦਰ ਰੂਪ ਵਾਲੀ । ਗ੍ਰਿਹ ਨਾਰੀ— ਘਰ ਦੀ ਇਸਤ੍ਰੀ। ਇਨ ਮਹਿ—ਇਨ੍ਹਾਂ ਵਿਚੋਂ। ਰੇ—ਹੇ (ਮਨ)! ਬਿਚਾਰੀ— ਬਿਚਾਰਿ । ਸੋਚਿ ਬਿਚਾਰੀ—ਸੋਚ ਵਿਚਾਰ ਕੇ ।੧।

ਰਤਨੁ ਜਨਮੁ—ਰਤਨ ਵਰਗਾ ਕੀਮਤੀ (ਮਨੁੱਖਾ) ਜਨਮ। ਹਾਰਿਓ—ਹਾਰ ਦਿਤਾ ਹੈ (ਵਿਕਾਰਾਂ ਅਗੇ)। ਗਤਿ—ਗਤੀ, ਗਿਆਨ-ਵਿਦਿਆ, ਸੋਝੀ। ਚਰਨਨ ਸਿਉ—ਚਰਨਾਂ ਨਾਲ। ਬਿਰਥਾ—ਬੇਫ਼ਾਇਦਾ, ਵਿਅਰਥ, ਭੰਗ ਦੇ ਭਾੜੇ। ਸਿਰਾਨੀ—ਬਿਤਾ ਦਿਤੀ।੨।

ਨਰੁ—ਮਨੁੱਖ। ਗਾਵੈ—ਗਾਉਂਦਾ ਹੈ। ਅਉਰੁ—ਹੋਰ। ਸਗਲ ਜਗੁ—ਸਾਰਾ ਜਗਤ। ਨਿਰਭੈ—ਬੇਖ਼ੌਫ਼, ਜਿਥੇ ਕੋਈ ਡਰ ਨਾ ਹੋਵੇ। ਪਦੁ—ਰੁਤਬਾ, ਦਰਜਾ। ਨਿਰਭੈ ਪਦੁ—ਬੇਖ਼ੌਫ਼, ਭਾਵ ਭੈ-ਰਹਿਤ ਆਤਮਕ ਰੁਤਬਾ।੩।੯।

ਅਰਥ :

ਹੇ ਮਨ! ਤੂੰ (ਵਿਕਾਰਾਂ ਵਿਚ ਉਲਝ ਕੇ) ਕਿਉਂ ਝੱਲਾ ਹੋਇਆ ਪਿਆ ਹੈਂ? ਦਿਨ ਰਾਤ ਉਮਰ ਘਟਦੀ ਜਾ ਰਹੀ ਹੈ, ਪਰ ਤੂੰ ਸਮਝਦਾ ਹੀ ਨਹੀਂ, ਅਤੇ ਲੋਭ ਵਿਚ ਫਸ ਕੇ ਹੌਲਾ ਪੈ ਗਿਆ ਹੈਂ।੧।ਰਹਾਉ।

ਜਿਹੜਾ ਸਰੀਰ ਅਤੇ ਘਰ ਦੀ ਸੁੰਦਰ ਇਸਤ੍ਰੀ ਤੂੰ ਆਪਣੇ ਮੰਨ ਰਖੇ ਹਨ, ਇਨ੍ਹਾਂ ਵਿਚੋਂ ਕੋਈ ਵੀ ਤੇਰਾ ਨਹੀਂ ਹੈ (ਭਾਵ, ਤੇਰੇ ਨਾਲ ਨਿਭਣ ਵਾਲਾ ਨਹੀਂ), (ਹਿਰਦੇ ਵਿਚ) ਸੋਚ-ਵਿਚਾਰ ਕੇ ਵੇਖ ਲੈ।੧।

ਤੂੰ ਵਾਹਿਗੁਰੂ ਦੀ ਸੋਝੀ ਨਹੀਂ ਪਾਈ (ਅਤੇ) ਆਪਣਾ ਕੀਮਤੀ ਮਨੁੱਖਾ ਜਨਮ (ਜੁਆਰੀਆਂ ਵਾਂਗ ਵਿਕਾਰਾਂ ਵਿਚ) ਹਾਰ ਦਿਤਾ ਹੈ। ਰਤਾ ਜਿੰਨੇ ਸਮੇਂ ਲਈ ਵੀ ਤੂੰ (ਵਾਹਿਗੁਰੂ ਜੀ ਦੇ) ਚਰਨਾਂ ਨਾਲ ਨਹੀਂ ਜੁੜਿਆ ਅਤੇ (ਆਪਣੀ) ਉਮਰ ਭੰਗ ਦੇ ਭਾੜੇ ਹੀ ਗੁਆ ਦਿੱਤੀ ਹੈ।

ਨਾਨਕ ਦਾ ਕਥਨ ਹੈ ਕਿ ਓਹੋ ਮਨੁੱਖ ਹੀ ਸੁਖੀ ਜੀਵਨ ਵਾਲਾ ਹੈ, ਜੋ ਵਾਹਿਗੁਰੂ ਦਾ ਨਾਮ ਜਪਦਾ ਹੈ, ਅਥਵਾ ਗੁਣ ਗਾਉਂਦਾ ਹੈ। ਹੋਰ ਸਾਰਾ ਸੰਸਾਰ ਮਾਇਆ ਦਾ ਠਗਿਆ ਹੋਇਆ ਹੈ, (ਇਸ ਕਰਕੇ) ਉਹ ਭੈ-ਰਹਿਤ ਆਤਮਕ ਪਦਵੀ ਪ੍ਰਾਪਤ ਨਹੀਂ ਕਰ ਸਕਦਾ।੩।੯।

ਗਉੜੀ ਮਹਲਾ ੯

ਨਰ ਅਚੇਤ ਪਾਪ ਤੇ ਡਰੁ ਰੇ ॥
ਦੀਨ ਦਇਆਲ ਸਗਲ ਭੈ ਭੰਜਨੁ
ਸਰਨਿ ਤਾਹਿ ਤੁਮ ਪਰੁ ਰੇ ॥੧॥ਰਹਾਉ॥
ਬੇਦ ਪੁਰਾਨ ਜਾਸੁ ਗੁਨ ਗਾਵਤ
ਤਾ ਕੋ ਨਾਮੁ ਹੀਐ ਮੋ ਧਰੁ ਰੇ ॥
ਪਾਵਨ ਨਾਮੁ ਜਗਤ ਮਹਿ ਹਰਿ ਕੋ
ਸਿਮਰਿ ਸਿਮਰਿ ਕਸਮਲ ਸਭਿ ਹਰੁ ਰੇ ॥੧॥
ਮਾਨਸ ਦੇਹ ਬਹੁਰਿ ਨਹ ਪਾਵੈ
ਕਛੂ ਉਪਾਉ ਮੁਕਤਿ ਕਾ ਕਰੁ ਰੇ ॥
ਨਾਨਕੁ ਕਹਤੁ ਗਾਇ ਕਰੁਣਾਮੈ
ਭਵ ਸਾਗਰ ਕੈ ਪਾਰਿ ਉਤਰੁ ਰੇ ॥੨॥੯॥੨੫੧॥

ਪਦ ਅਰਥ :

ਨਰ ਅਚੇਤ—ਗ਼ਾਫ਼ਲ ਮਨੁੱਖ। ਰੇ ਨਰ ਅਚੇਤ—ਹੇ ਗ਼ਾਫ਼ਲ ਮਨੁੱਖ! ਦੀਨ ਦਇਆਲੁ—ਨਿਤਾਣਿਆਂ ਤੇ ਦਇਆ ਕਰਨ ਵਾਲਾ। ਸਗਲ— ਸਾਰੇ। ਸਗਲ ਭੈ ਭੰਜਨੁ—ਸਾਰੇ ਡਰ ਨਾਸ ਕਰਨ ਵਾਲਾ ('ਭੈ' ਸ਼ਬਦ 'ਭਉ' ਤੋਂ ਬਹੁ-ਵਚਨ ਹੈ)। ਸਰਨਿ ਤਾਹਿ—ਉਸ ਦੀ ਸ਼ਰਨੀ। ਪਰੁ—ਪੈ ਜਾ।੧। ਰਹਾਉ।

ਜਾਸੁ—ਜਿਸ ਦੇ। ਗਾਵਤ—ਗਾਉਂਦੇ ਹਨ। ਤਾ ਕੋ—ਉਸ ਦਾ। ਹੀਐ ਮੋ—ਹੀਐ ਮਹਿ, ਹਿਰਦੇ ਵਿਚ। ਧਰੁ—ਟਿਕਾਅ ਲੈ। ਪਾਵਨ ਨਾਮੁ—ਪਵਿੱਤਰ ਕਰਨ ਵਾਲਾ ਨਾਮ। ਕਸਮਲ—ਪਾਪ, ਦੋਸ਼। ਸਭਿ—ਸਾਰੇ। ਹਰੁ—ਦੂਰ ਕਰ।੧।

ਮਾਨਸ ਦੇਹ—ਮਨੁੱਖਾ ਦੇਹੀ। ਬਹੁਰਿ—ਫਿਰ, ਮੁੜ। ਨਹ ਪਾਵੈ—(ਪਾਵੈ—'ਵੈ' ਉਚਾਰਣ ਨਾਸਕੀ) ਤੂੰ ਨਹੀਂ ਪਾ ਸਕੇਂਗਾ। ਮੁਕਤਿ—ਮੁਕਤੀ, ਖ਼ਲਾਸੀ। ਨਾਨਕੁ ਕਹਤੁ—ਨਾਨਕ ਆਖਦਾ ਹੈ। ਕਰੁਣਾ—ਕਿਰਪਾ। ਮੈ—ਸਰੂਪ। ਕਰੁਣਾਮੈ— ਕਿਰਪਾ-ਸਰੂਪ, ਕਿਰਪਾਲੂ, ਮਿਹਰਵਾਨ। ਭਵ ਸਾਗਰ—ਸੰਸਾਰ ਸਮੁੰਦਰ। ਕੈ ਪਾਰਿ ਉਤਰੁ—ਤੋਂ ਪਾਰ ਲੰਘ ਜਾ।੨।੯।

ਅਰਥ :

ਹੇ ਗ਼ਾਫ਼ਲ ਮਨੁੱਖ! ਪਾਪ ਕਰਨ ਤੋਂ ਸਦਾ ਡਰ (ਭਾਵ, ਬਚ ਕੇ ਰਹੁ)। ਵਾਹਿਗੁਰੂ, ਜੋ ਦੀਨ ਦੁਖੀਆਂ ਉਤੇ ਮਿਹਰ ਕਰਨ ਵਾਲਾ ਹੈ ਤੇ ਸਾਰੇ ਡਰ ਨਾਸ ਕਰਨ ਵਾਲਾ ਹੈ, ਤੂੰ ਉਸ ਦੀ ਸ਼ਰਨ ਪੈ ਜਾ।੧।ਰਹਾਉ।

ਬੇਦ ਪੁਰਾਣ (ਆਦਿਕ ਧਰਮ ਗ੍ਰੰਥ) ਜਿਸ ਵਾਹਿਗੁਰੂ ਦੇ ਗੁਣ ਗਾ ਰਹੇ ਹਨ, ਉਸ ਦਾ ਨਾਮ ਆਪਣੇ ਹਿਰਦੇ ਵਿਚ ਟਿਕ ਅ ਰਖ। ਹਰੀ ਪ੍ਰਭੂ ਦਾ ਨਾਮ ਹੀ ਜਗਤ ਵਿਚ (ਵਿਕਾਰਾਂ ਦੀ ਮੈਲ ਤੋਂ) ਪਵਿੱਤਰ ਕਰਨ ਵਾਲਾ ਹੈ; ਉਸ ਵਾਹਿਗੁਰੂ ਦਾ ਨਾਮ ਸਿਮਰ ਸਿਮਰ ਕੇ ਤੂੰ ਸਾਰੇ ਪਾਪ ਦੂਰ ਕਰ ਲੈ।੧।

ਤੂੰ ਇਹ ਮਨੁੱਖਾ ਦੇਹੀ ਦੋਬਾਰਾ ਨਹੀਂ ਪਾ ਸਕੇਂਗਾ, (ਇਸ ਲਈ ਜਨਮ ਮਰਨ ਦੇ ਗੇੜ ਤੋਂ) ਖ਼ਲਾਸੀ ਪਾਉਣ ਲਈ ਕੋਈ ਉਪਰਾਲਾ ਕਰ ਲੈ। ਨਾਨਕ ਕਹਿੰਦਾ ਹੈ, ਮਿਹਰ ਦੇ ਪੁੰਜ ਪ੍ਰਭੂ ਦੇ ਗੁਣ ਗਾ ਗਾ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾ।੨।੯।੨੫੧।

ੴ ਸਤਿਗੁਰਪ੍ਰਸਾਦਿ ॥

ਰਾਗ ਆਸਾ ਮਹਲਾ ੯ ॥

ਬਿਰਥਾ ਕਹਉ ਕਉਨ ਸਿਉ ਮਨ ਕੀ ॥
ਲੋਭਿ ਗ੍ਰਸਿਓ ਦਸਹੂ ਦਿਸ ਧਾਵਤ
ਆਸਾ ਲਾਗਿਓ ਧਨ ਕੀ ॥੧॥
ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ
ਸੇਵ ਕਰਤ ਜਨ ਜਨ ਕੀ ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ
ਨਹ ਸੁਧ ਰਾਮ ਭਜਨ ਕੀ ॥੧॥
ਮਾਨਸ ਜਨਮੁ ਅਕਾਰਥੁ ਖੋਵਤ
ਲਾਜ ਨ ਲੋਕ ਹਸਨ ਕੀ ॥
ਨਾਨਕ ਹਰਿ ਜਸੁ ਕਿਉ ਨਹੀ ਗਾਵਤ
ਕੁਮਤਿ ਬਿਨਾਸੈ ਤਨਕੀ ॥੨॥੧॥੨੩੩॥

ਪਦ ਅਰਥ :

ਬਿਰਥਾ—ਪੀੜਾ, ਦਰਦ, ਦੁਖ ਦੀ ਵਾਰਤਾ। ਕਹਉ—('ਉ' ਉਚਾਰਣ ਨਾਸਕੀ) ਮੈਂ ਕਹਾਂ, ਮੈਂ ਆਖਾਂ। ਕਉਨ ਸਿਉ—ਕਿਸ ਨਾਲ, ਕਿਸ ਅੱਗੇ? ਲੋਭਿ—ਲੋਭ ਵਿਚ। ਗ੍ਰਸਿਓ—ਫਾਥਾ ਹੋਇਆ। ਦਸਹੂ—ਦਸਾਂ ਹੀ। ਦਿਸ—ਦਿਸ਼ਾਵਾਂ, ਪਾਸੇ। ਧਾਵਤ—ਧਾਉਂਦਾ ਹੈ, ਦੌੜਦਾ ਹੈ। ਆਸਾ—ਇਛਿਆ, ਤਾਂਘ।੧। ਰਹਾਉ।

ਕੈ—ਦੇ। ਹੇਤਿ—ਵਾਸਤੇ, ਲਈ। ਸੇਵ—ਸੇਵਾ, ਚਾਕਰੀ, ਤਾਬੇਦਾਰੀ। ਜਨ ਜਨ ਕੀ—ਜਣੇ ਖਣੇ ਦੀ। ਦੁਆਰਹਿ ਦੁਆਰਿ—ਦੁਆਰੇ ਦੁਆਰੇ ਉਤੇ, ਹਰੇਕ ਦਰ ਉਤੇ। ਜਿਉ—ਜਿਵੇਂ, ਵਾਂਗ। ਸੁਆਨ ਜਿਉ—ਕੁੱਤੇ ਦੇ ਵਾਂਗ। ਡੋਲਤ—ਡੋਲਦਾ ਹੈ, ਭਟਕਦਾ ਹੈ। ਸੁਧ—ਸੋਝੀ।੧।

ਮਾਨਸ ਜਨਮੁ—ਮਨੁੱਖਾ ਜਨਮ। ਅਕਾਰਥੁ—ਬੇਫ਼ਾਇਦਾ, ਨਿਸਫਲ, ਵਿਅਰਥ। ਖੋਵਤ—ਖੋਂਹਦਾ ਹੈ, ਗਵਾਂਦਾ ਹੈ। ਲਾਜ ਨ—ਲਜਿਆ ਸ਼ਰਮ ਨਹੀਂ

KhalsaSpirit.com

ਹੈ। ਲੋਕ ਹਸਨ ਕੀ—ਲੋਕਾਂ ਦੇ ਹੱਸਣ ਦੀ, ਲੋਕਾਂ ਦੇ ਮਖ਼ੌਲ ਦੀ। ਜਸੁ—ਗੁਣਾਨਵਾਦ, ਸਿਫ਼ਤ-ਸਲਾਹ। ਕੁਮਤਿ—ਖੋਟੀ ਮਤਿ। ਬਿਨਾਸੈ—ਬਿਨਸ ਜਾਵੇ, ਨਾਸ ਹੋ ਜਾਵੇ। ਤਨਕੀ—ਤਨਕ ਮਾਤ੍ਰ ਵਿਚ, ਤੁਰਤ।

ਅਰਥ :

ਮੈਂ (ਆਪਣੇ) ਮਨ ਦੀ (ਨਿੱਘਰੀ ਹੋਈ ਦਸ਼ਾ) ਦਰਦ-ਕਹਾਣੀ ਕਿਸ ਅੱਗੇ ਆਖਾਂ? ਮੇਰਾ ਇਹ (ਮਨ) ਲੋਭ ਵਿਚ ਫਾਥਾ ਹੋਇਆ ਦਸੀਂ ਪਾਸੀਂ ਦੌੜਿਆ ਫਿਰਦਾ ਹੈ ਅਤੇ (ਹਰ ਵਕਤ ਇਸ ਨੂੰ) ਧਨ (ਇਕੱਠਾ ਕਰਨ) ਦੀ ਤਾਂਘ ਲੱਗੀ ਰਹਿੰਦੀ ਹੈ।੧।ਰਹਾਉ।

(ਇਹ ਮਨ) ਸੁਖ (ਪ੍ਰਾਪਤ ਕਰਨ) ਲਈ ਜਣੇ ਖਣੇ ਦੀ ਤਾਬੇਦਾਰੀ ਕਰਦਾ ਫਿਰਦਾ ਹੈ, (ਇਸ ਤਰ੍ਹਾਂ ਸਗੋਂ ਇਹ ਸੁਖ ਦੀ ਥਾਂ) ਬਹੁਤ ਦੁਖ ਹੀ ਪਾਉਂਦਾ ਹੈ। (ਇਹ ਮਨ) ਕੁੱਤੇ ਵਾਂਗ ਦਰ ਦਰ ਤੇ ਭਟਕਦਾ ਫਿਰਦਾ ਹੈ ਅਤੇ (ਇਸ ਨੂੰ) ਵਾਹਿਗੁਰੂ ਦੇ ਸਿਮਰਨ ਦੀ ਕੋਈ ਸੋਝੀ ਹੀ ਨਹੀਂ।੧।

(ਇਸ ਤਰ੍ਹਾਂ ਲੋਭ-ਗ੍ਰਸਿਆ ਇਹ ਮਨ) ਮਨੁੱਖਾ ਜਨਮ ਨਿਸਫਲ ਹੀ ਗਵਾ ਰਿਹਾ ਹੈ, (ਏਨੀ ਅਮੁੱਲੀ ਵਸਤੂ ਅਜਾਈਂ ਗੁਆਉਣ ਦੀ ਮੂਰਖਤਾ ਵਜੋਂ) ਲੋਕਾਂ ਦੇ ਹਾਸੇ ਮਖ਼ੌਲ ਦੀ ਭੀ (ਇਸ ਨੂੰ) ਸ਼ਰਮ ਨਹੀਂ। (ਸ਼ਬਦ ਦੇ ਅੰਤ ਵਿਚ 'ਨਾਨਕ' ਮੁਹਰ-ਛਾਪ ਲਾ ਕੇ ਮਨ ਤੋਂ ਪੁੱਛ ਕੀਤੀ ਹੈ—ਭਲਿਆ ਮਾਣਸਾ! ਦੱਸ) ਤੂੰ ਵਾਹਿਗੁਰੂ ਦਾ ਜੱਸ ਕਿਉਂ ਨਹੀਂ ਗਾਉਂਦਾ, (ਜਿਸ ਦੇ ਤੁਫ਼ੈਲ) ਤੇਰੀ ਖੋਟੀ ਮਤਿ ਤਨਕ ਮਾਤ੍ਰ ਵਿਚ ਨਾਸ ਹੋ ਜਾਵੇ।੨।੧।੨੩੩।

[**ਨੋਟ**—ਇਸ ਸ਼ਬਦ ਵਿਚ ਮਨੁੱਖੀ ਅਮੋੜ ਮਨ ਦਾ ਵਰਨਣ ਸਤਿਗੁਰਾਂ ਨੇ ਉਤਮ ਪੁਰਖ ਵਿਚ ਆਪਣੇ ਉਤੇ ਘਟਾ ਕੇ ਕੀਤਾ ਹੈ। ਸਮੱਗਰ ਬਾਣੀ ਵਿਚ ਮਨੁੱਖ-ਮਾਤ੍ਰ ਨੂੰ ਉਪਦੇਸ਼ ਕਰਨ ਦਾ ਇਹ ਉੱਤਮ ਢੰਗ ਅਪਣਾਇਆ ਹੋਇਆ ਹੈ।]

KhalsaSpirit.com

ਰਾਗੁ ਦੇਵਗੰਧਾਰੀ ਮਹਲਾ ੯

ਯਹ ਮਨੁ ਨੈਕ ਨ ਕਹਿਓ ਕਰੈ ॥
ਸੀਖ ਸਿਖਾਇ ਰਹਿਓ ਅਪਨੀ ਸੀ
ਦੁਰਮਤਿ ਤੇ ਨ ਟਰੈ ॥੧॥ ਰਹਾਉ ॥
ਮਦਿ ਮਾਇਆ ਕੈ ਭਇਓ ਬਾਵਰੋ
ਹਰਿ ਜਸੁ ਨਹਿ ਉਚਰੈ ॥
ਕਰਿ ਪਰਪੰਚੁ ਜਗਤ ਕਉ ਡਹਕੈ
ਅਪਨੋ ਉਦਰੁ ਭਰੈ ॥੧॥
ਸੁਆਨ ਪੂਛ ਜਿਉ ਹੋਇ ਨ ਸੂਧੋ
ਕਹਿਓ ਨ ਕਾਨ ਧਰੈ ॥
ਕਹੁ ਨਾਨਕ ਭਜੁ ਰਾਮਨਾਮੁ ਨਿਤ
ਜਾ ਤੇ ਕਾਜੁ ਸਰੈ ॥੨॥੧॥

ਪਦ ਅਰਥ :

ਯਹ—ਇਹ। ਨੈਕ—ਰਤਾ ਜਿੰਨਾ ਵੀ। ਕਹਿਓ—ਕਹੀ ਹੋਈ ਜਾਂ ਦਿਤੀ ਹੋਈ ਸਿਖਿਆ। ਨ ਕਰੈ—ਨਹੀਂ ਕਰਦਾ। ਸੀਖ—ਸਿਖਿਆ, ਸੁਮੱਤ। ਰਹਿਓ—ਰਹਿ ਗਿਆ ਹਾਂ। ਸਿਖਾਇ ਰਹਿਓ—ਸਿਖ ਸਿਖਾ ਕੇ ਰਹਿ ਗਿਆ ਹਾਂ, ਕਹਿ ਕਹਿ ਕੇ ਰਹਿ ਗਿਆ ਹਾਂ। ਅਪਨੀ ਸੀ—ਆਪਣੀ ਬੁੱਧੀ ਅਨੁਸਾਰ। ਤੇ—ਤੋਂ। ਨ ਟਰੈ—ਨਹੀਂ ਟਲਦਾ।੧। ਰਹਾਉ।

ਮਦਿ—ਨਸ਼ੇ ਵਿਚ, ਮਸਤੀ ਵਿਚ। ਬਾਵਰੋ—ਪਾਗ਼ਲ। ਹਰਿ ਜਸੁ—ਹਰੀ ਦਾ ਸਿਮਰਨ। ਨਹਿ ਉਚਰੈ—ਨਹੀਂ ਉਚਾਰਦਾ। ਪਰਪੰਚੁ—ਛਲ, ਧੋਖਾ। ਕਉ—ਨੂੰ। ਡਹਕੈ—ਠਗਦਾ ਹੈ, ਧੋਖਾ ਦਿੰਦਾ ਹੈ। ਉਦਰੁ—ਪੇਟ।੧।

ਸੁਆਨ ਪੂਛ—ਕੁੱਤੇ ਦੀ ਪੂਛਲ। ਜਿਉ—ਜਿਸ ਤਰ੍ਹਾਂ, ਜਿਵੇਂ। ਹੋਇ ਨ ਸੂਧੋ—ਸਿੱਧੀ ਨਹੀਂ ਹੁੰਦੀ। ਨ ਕਾਨ ਧਰੈ—ਕੰਨੀਂ ਨਹੀਂ ਧਰਦਾ, ਧਿਆਨ ਨਾਲ

KhalsaSpirit.com

ਨਹੀਂ ਸੁਣਦਾ। ਭਜੁ ਨਿਤ—ਰੋਜ਼ ਸਿਮਰਨ ਕਰ, ਸਦਾ ਭਜਨ ਕਰ। ਜਾ ਤੇ—ਜਿਸ ਨਾਲ, ਜਿਸ ਕਰਕੇ। ਕਾਜੁ—(ਮਨੁੱਖਾ ਜੀਵਨ ਦਾ) ਕੰਮ। ਸਰੈ—ਸਉਰ ਜਾਏ।੨।

ਅਰਥ :

ਇਹ ਮਨ ਰਤਾ ਜਿੰਨਾ ਵੀ ਮੇਰਾ ਕਹਿਆ ਹੋਇਆ ਨਹੀਂ ਕਰਦਾ (ਭਾਵ, ਮੇਰੇ ਆਖੇ ਨਹੀਂ ਲਗਦਾ। (ਇਸ ਨੂੰ) ਮੈਂ ਆਪਣੀ ਬੁੱਧੀ ਅਨੁਸਾਰ ਚੰਗੀ ਮਤਿ ਦੇ ਦੇ ਕੇ ਥੱਕ ਗਿਆ ਹਾਂ, ਪਰ ਇਹ ਖੋਟੀ ਮਤਿ ਵਲੋਂ ਟਲਦਾ ਹੀ ਨਹੀਂ।੧।ਰਹਾਉ।

(ਇਹ ਮਨ) ਮਾਇਆ ਦੇ ਨਸ਼ੇ ਵਿਚ ਪਾਗ਼ਲ ਹੋਇਆ ਵਿਰਦਾ ਹੈ ਅਤੇ ਵਾਹਿਗੁਰੂ ਦਾ ਗੁਣਾਨਵਾਦ ਨਹੀਂ ਕਰਦਾ। (ਇਹ) ਛਲ ਫ਼ਰੇਬ ਕਰ ਕੇ ਸੰਸਾਰ ਨੂੰ ਠਗਦਾ ਫਿਰਦਾ ਹੈ (ਅਤੇ ਅਜਿਹੇ ਠੱਗੀ ਦੇ ਧਨ ਨਾਲ) ਆਪਣਾ ਪੇਟ ਭਰਦਾ ਹੈ।੧।

ਜਿਵੇਂ ਕੁੱਤੇ ਦੀ ਪੂਛਲ ਸਿੱਧੀ ਨਹੀਂ ਹੁੰਦੀ (ਇਸੇ ਤਰ੍ਹਾਂ ਇਸ ਅਮੋੜ ਮਨ ਦੀ ਖੋਟੀ ਬੁੱਧੀ ਦਾ ਵਿੰਗ ਨਹੀਂ ਨਿਕਲਦਾ) ਕਿਸੇ ਵੀ ਕਹੀ ਹੋਈ ਸਿਖਿਆ ਨੂੰ ਕੰਨੀਂ ਨਹੀਂ ਧਰਦਾ (ਗਹੁ ਨਹੀਂ ਕਰਦਾ)। ਨਾਨਕ ਦਾ ਇਹ ਕਥਨ ਹੈ, (ਹੇ ਮਨ!) ਨਿਤਾਪ੍ਰਤਿ ਵਾਹਿਗੁਰੂ ਦੇ ਨਾਮ ਦਾ ਭਜਨ ਸਿਮਰਨ ਕਰ, (ਜਿਸ ਨਾਲ ਮਨੁੱਖਾ ਜਨਮ ਸਫਲ ਕਰਨ ਦਾ) ਕੰਮ ਸਉਰ ਸਕੇ।੨।੧।

[***ਨੋਟ***—ਇਸ ਸ਼ਬਦ ਵਿਚ ਮਨੁੱਖੀ ਅਮੋੜ ਮਨ ਦਾ ਵਰਨਣ ਸਤਿਗੁਰਾਂ ਨੇ ਉਤਮ ਪੁਰਖ ਵਿਚ ਆਪਣੇ ਉਤੇ ਘਟਾ ਕੇ ਕੀਤਾ ਹੈ। ਸਮੱਗਰ ਬਾਣੀ ਵਿਚ ਮਨੁੱਖ ਮਾਤ੍ਰ ਨੂੰ ਉਪਦੇਸ਼ ਕਰਨ ਦਾ ਇਹ ਉੱਤਮ ਢੰਗ ਅਪਣਾਇਆ ਹੋਇਆ ਹੈ।]

ਦੇਵਗੰਧਾਰੀ ਮਹਲਾ ੯

ਸਭੁ ਕਿਛੁ ਜੀਵਤ ਕੋ ਬਿਵਹਾਰੁ ॥
ਮਾਤ ਪਿਤਾ ਭਾਈ ਸੁਤ ਬੰਧਪ
ਅਰੁ ਫੁਨਿ ਗ੍ਰਿਹ ਕੀ ਨਾਰਿ ॥੧॥ ਰਹਾਉ ॥
ਤਨ ਤੇ ਪ੍ਰਾਨ ਹੋਤ ਜਬ ਨਿਆਰੇ
ਟੇਰਤ ਪ੍ਰੇਤ ਪੁਕਾਰਿ ॥
ਆਧ ਘਰੀ ਕੋਊ ਨਹਿ ਰਾਖੈ
ਘਰ ਤੇ ਦੇਤ ਨਿਕਾਰਿ ॥੧॥
ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ
ਦੇਖਹੁ ਰਿਦੈ ਬਿਚਾਰਿ ॥
ਕਹੁ ਨਾਨਕ ਭਜੁ ਰਾਮਨਾਮੁ ਨਿਤ
ਜਾ ਤੇ ਹੋਤ ਉਧਾਰੁ ॥੨॥੨॥

ਪਦ ਅਰਥ :

ਸਭੁ ਕਿਛੁ—ਸਾਰਾ ਕੁਝ। ਜੀਵਤ ਕੋ—ਜੀਊਂਦਿਆਂ ਦਾ, ਜੀਊਣ ਤਕ। ਬਿਵਹਾਰੁ—ਵਿਹਾਰ, ਮੇਲ-ਜੋਲ, ਸਨਬੰਧ। ਭਾਈ—ਭਰਾ। ਸੁਤ—ਪੁੱਤਰ। ਬੰਧਪ—ਸਨਬੰਧੀ, ਰਿਸ਼ਤੇਦਾਰ। ਅਰੁ—ਅਤੇ। ਫੁਨਿ—ਫਿਰ, ਭੀ। ਗ੍ਰਿਹ—ਘਰ। ਨਾਰਿ—ਨਾਰੀ, ਇਸਤ੍ਰੀ। ਗ੍ਰਿਹ ਕੀ ਨਾਰਿ—ਘਰ ਦੀ ਇਸਤ੍ਰੀ, ਪਤਨੀ।੧। ਰਹਾਉ।

ਤਨ ਤੇ—ਸਰੀਰ ਤੋਂ, ਸਰੀਰ ਨਾਲੋਂ। ਪ੍ਰਾਨ—ਸਵਾਸ। ਹੋਤ—ਹੁੰਦੇ ਹਨ। ਨਿਆਰੇ—ਅਲੱਗ, ਜੁਦਾ, ਵੱਖ। ਟੇਰਤ—ਕਹਿੰਦੇ ਹਨ। ਪ੍ਰੇਤ—ਸੰਃ ਗਿਆ ਹੋਇਆ, ਗੁਜ਼ਰਿਆ ਹੋਇਆ, ਮੋਇਆ ਹੋਇਆ, ਮੁਰਦਾ, ਭੂਤ। ਕੋਊ—ਕੋਈ ਵੀ। ਨਹਿ ਰਾਖੈ—ਨਹੀਂ ਰਖਦਾ। ਦੇਤ ਨਿਕਾਰਿ—ਨਿਕਾਲ ਦਿੰਦੇ ਹਨ, ਕਢ ਦਿੰਦੇ ਹਨ।੧।

ਮ੍ਰਿਗ-ਤ੍ਰਿਸਨਾ—ਠਗ-ਨੀਰਾ, ਤ੍ਰਿਹਾਏ ਹਿਰਨ ਨੂੰ ਠਗਣ ਵਾਲਾ ਪਾਣੀ (ਪਿਛੇ ਵੇਖੋ ਗਉੜੀ ਦਾ ਤੀਜਾ ਸ਼ਬਦ, ਪੰਨਾ ੧੮)। ਜਿਉ—ਜਿਸ ਤਰ੍ਹਾਂ, ਜਿਵੇਂ, ਵਾਂਗ। ਰਚਨਾ—ਵਾਹਿਗੁਰੂ ਦੀ ਬਣਾਈ ਹੋਈ ਖੇਡ। ਯਹ—ਇਹ।

ਰਿਦੈ—ਹਿਰਦੇ ਵਿਚ। ਬਿਚਾਰਿ—ਵਿਚਾਰ ਕੇ, ਸੋਚ ਕੇ। ਭਜੁ—ਸਿਮਰਨ ਕਰ। ਜਾ ਤੇ—ਜਿਸ ਨਾਲ। ਉਧਾਰੁ—ਨਿਸਤਾਰਾ, ਪਾਰ-ਉਤਾਰਾ।੨।੨।

ਅਰਥ :

ਕੀ ਮਾਤਾ, ਕੀ ਪਿਤਾ ਅਤੇ ਕੀ ਭਰਾ, ਪੁੱਤਰ ਅਤੇ ਸਨਬੰਧੀ (ਸਾਰਾ ਟੱਬਰ-ਕਬੀਲਾ) ਅਤੇ ਨਾਲ ਹੀ ਘਰ ਦੀ ਇਸਤ੍ਰੀ, ਇਹ ਸਾਰਾ ਕੁਝ ਜੀਊਣ ਤੋੜੀ ਹੀ ਸਨਬੰਧ ਹੈ।੧।ਰਹਾਉ।

ਜਦੋਂ ਪ੍ਰਾਣ ਸਰੀਰ ਤੋਂ ਵੱਖਰੇ ਹੋ ਜਾਂਦੇ ਹਨ (ਭਾਵ, ਜਦੋਂ ਮਨੁੱਖ ਮਰ ਜਾਂਦਾ ਹੈ ਤਾਂ ਇਹ ਸਾਰੇ ਰਿਸ਼ਤੇਦਾਰ) ਕੂਕ ਕੂਕ ਕੇ ਆਖਦੇ ਹਨ, "ਇਹ ਗੁਜ਼ਰ ਗਿਆ ਹੈ, ਗੁਜ਼ਰ ਗਿਆ ਹੈ", (ਫਿਰ) ਅਧੀ ਘੜੀ ਲਈ ਵੀ ਕੋਈ ਰਿਸ਼ਤੇਦਾਰ (ਉਸ ਨੂੰ ਘਰ ਵਿਚ) ਨਹੀਂ ਰਖਦਾ, ਸਗੋਂ ਘਰ ਵਿਚੋਂ ਕਢਣ ਦੀ ਕਰਦੇ ਹਨ।੧।

(ਹੇ ਪ੍ਰਾਣੀ!) ਤੂੰ ਹਿਰਦੇ ਵਿਚ ਵਿਚਾਰ ਕੇ ਵੇਖ ਲੈ ਕਿ ਇਹ ਸੰਸਾਰ ਦੀ ਖੇਡ ਮ੍ਰਿਗ-ਤ੍ਰਿਸ਼ਨਾ ਦੇ ਜਲ ਵਾਂਗ (ਧੋਖਾ ਤੇ ਭੁਲੇਖਾ ਹੀ) ਹੈ (ਜਿਵੇਂ ਤ੍ਰਿਹਾਇਆ ਹਿਰਨ ਤਪਦੀ ਰੇਤ ਦੀ ਚਮਕ ਵਿਚੋਂ ਪਾਣੀ ਦਾ ਭੁਲੇਖਾ ਖਾ ਕੇ ਉਸ ਪਿਛੇ ਭੱਜ ਭੱਜ ਕੇ ਮਰ ਜਾਂਦਾ ਹੈ ਤਿਵੇਂ ਇਹ ਮਨੁੱਖ ਮਾਇਆ ਦੀ ਚਮਕ-ਦਮਕ ਤੇ ਭੁਲ ਕੇ, ਉਸ ਪਿਛੇ ਭੱਜ ਭੱਜ ਕੇ ਮਰ-ਖਪ ਜਾਂਦਾ ਹੈ)। ਨਾਨਕ ਦਾ ਕਥਨ ਹੈ, (ਹੇ ਜੀਵ!) ਵਾਹਿਗੁਰੂ ਦਾ ਨਾਮ ਨਿਤਾਪ੍ਰਤੀ ਜਪ, ਜਿਸ ਨਾਲ (ਸੰਸਾਰ-ਸਾਗਰ ਤੋਂ) ਪਾਰ-ਉਤਾਰਾ ਹੋ ਸਕਦਾ ਹੈ।੨।੨।

ਦੇਵਗੰਧਾਰੀ ਮਹਲਾ ੯

ਜਗਤ ਮਹਿ ਝੂਠੀ ਦੇਖੀ ਪ੍ਰੀਤਿ ॥
ਅਪਨੇ ਹੀ ਸੁਖ ਸਿਉ ਸਭਿ ਲਾਗੇ
ਕਿਆ ਦਾਰਾ ਕਿਆ ਮੀਤ ॥੧॥ ਰਹਾਉ॥
ਮੇਰਉ ਮੇਰਉ ਸਭੈ ਕਹਤ ਹੈ
ਹਿਤ ਸਿਉ ਬਾਧਿਓ ਚੀਤੁ ॥
ਅੰਤ ਕਾਲਿ ਸੰਗੀ ਨਹ ਕੋਊ
ਇਹ ਅਚਰਜ ਹੈ ਰੀਤਿ ॥੧॥
ਮਨ ਮੂਰਖ ਅਜਹੂ ਨਹ ਸਮਝਤ
ਸਿਖ ਦੈ ਹਾਰਿਓ ਨੀਤ ॥
ਨਾਨਕ ਭਉਜਲੁ ਪਾਰਿ ਪਰੈ
ਜਉ ਗਾਵੈ ਪ੍ਰਭ ਕੇ ਗੀਤ ॥੨॥੩॥੬॥੩੮॥੪੭॥

ਪਦ ਅਰਥ :

ਮਹਿ—ਵਿਚ। ਝੂਠੀ—ਕੂੜੀ, ਮਿਥਿਆ। ਪ੍ਰੀਤਿ—ਪ੍ਰੀਤੀ, ਮੁਹੱਬਤ। ਸਿਉ—ਨਾਲ। ਸਭਿ—ਸਾਰੇ। ਕਿਆ—ਕੀ। ਦਾਰਾ—ਪਤਨੀ, ਇਸਤ੍ਰੀ।੧। ਰਹਾਉ।

ਮੇਰਉ ਮੇਰਉ—ਮੇਰਾ ਮੇਰਾ। ਸਭੈ—ਸਾਰੇ ਹੀ। ਹੈ—[ਬਹੁ-ਵਚਨ, ਉਚਾਰਣ ਨਾਸਕੀ]। ਹਿਤ ਸਿਉ—ਆਪਣੇ ਹਿਤ ਨਾਲ, ਖ਼ੁਦਗ਼ਰਜ਼ੀ ਨਾਲ। ਬਾਧਿਓ—ਬੱਝਾ ਹੋਇਆ। ਚੀਤੁ—ਚਿਤ, ਅੰਤਹਕਰਣ। ਅੰਤ ਕਾਲਿ—ਆਖ਼ਰੀ ਸਮੇਂ ਵਿਚ। ਸੰਗੀ—ਸਾਥੀ, ਬੇਲੀ। ਰੀਤਿ—ਰੀਤੀ, ਚਾਲ।੧।

ਮਨ ਮੂਰਖ—ਹੇ ਮੂਰਖ ਮਨ! ਅਜਹੂ—['ਹੂ' ਉਚਾਰਣ ਨਾਸਕੀ] ਅਜੇ ਵੀ। ਸਿਖ—ਸਿਖਿਆ, ਉਪਦੇਸ਼। ਦੈ—ਦੇ ਕੇ। ਨੀਤ—ਨਿੱਤ, ਹਮੇਸ਼ਾ। ਭਉਜਲੁ—ਭੈ ਦਾ ਸਮੁੰਦਰ, ਸੰਸਾਰ-ਸਮੁੰਦਰ। ਪਾਰਿ ਪਰੈ—ਪਾਰ ਪੈ ਸਕਦਾ ਹੈ। ਜਉ—ਜੇਕਰ।੨।੩।

KhalsaSpirit.com

ਅਰਥ :

(ਇਸ) ਸੰਸਾਰ ਵਿਚ (ਸਾਕਾਂ ਸਨਬੰਧੀਆਂ ਦੀ) ਪ੍ਰੀਤੀ ਝੂਠੀ ਹੀ ਵੇਖੀ ਹੈ। ਕੀ ਪਤਨੀ ਤੇ ਕੀ ਮਿੱਤਰ, ਸਾਰੇ ਹੀ ਆਪੋ ਆਪਣੇ ਸੁਖ ਲਈ (ਜੀਵ ਦੇ) ਨਾਲ ਲੱਗੇ ਫਿਰਦੇ ਹਨ ।੧। ਰਹਾਉ।

ਸਾਰੇ ਹੀ (ਜੀਵ ਨਾਲ ਆਪੋ ਆਪਣਾ ਸੰਬੰਧ ਜੋੜ ਕੇ) 'ਮੇਰਾ', 'ਮੇਰਾ' ਆਖ ਰਹੇ ਹਨ, (ਪਰ ਸਾਰਿਆਂ ਦਾ) ਚਿਤ ਆਪਣੇ ਹੀ ਹਿਤ (ਸੁਆਰਥ) ਨਾਲ ਬੱਧਾ ਹੁੰਦਾ ਹੈ ।ਆਖ਼ਰੀ ਸਮੇਂ ਕੋਈ ਵੀ ਬੇਲੀ ਨਹੀਂ ਬਣਦਾ, ਸੰਸਾਰ ਦੀ ਇਹ ਅਜੀਬ ਹੀ ਚਾਲ ਹੈ ।੧।

ਹੇ ਮੂਰਖ ਮਨ ! ਤੂੰ ਅਜੇ ਵੀ ਨਹੀਂ ਸਮਝਦਾ ? (ਜਦ ਕਿ ਮੈਂ ਤੈਨੂੰ) ਨਿਤ ਹੀ ਸਿਖਿਆ ਦੇ ਦੇ ਕੇ ਹਾਰ-ਹੁਟ ਗਿਆ ਹਾਂ । ਨਾਨਕ ! ਜੇਕਰ (ਮਨੁੱਖ) ਵਾਹਿਗੁਰੂ ਦੀ ਸਿਫ਼ਤ-ਸਲਾਹ ਦੇ ਗੀਤ ਗਾਇਨ ਕਰੇ ਤਾਂ ਉਹ ਸੰਸਾਰ-ਸਮੁੰਦਰ ਤੋਂ ਪਾਰ ਪੈ ਸਕਦਾ ਹੈ ।੨।੩।੬।

੧ੴ ਸਤਿਗੁਰਪ੍ਰਸਾਦਿ ॥

ਰਾਗੁ ਬਿਹਾਗੜਾ ਮਹਲਾ ੯

ਹਰਿ ਕੀ ਗਤਿ ਨਹਿ ਕੋਊ ਜਾਨੈ ॥
ਜੋਗੀ ਜਤੀ ਤਪੀ ਪਚਿ ਹਾਰੇ
ਅਰੁ ਬਹੁ ਲੋਗ ਸਿਆਨੇ ॥੧॥ਰਹਾਉ॥
ਛਿਨ ਮਹਿ ਰਾਉ ਰੰਕ ਕਉ ਕਰਈ
ਰਾਉ ਰੰਕ ਕਰਿ ਡਾਰੇ ॥
ਰੀਤੇ ਭਰੇ ਭਰੇ ਸਖਨਾਵੈ
ਯਹ ਤਾ ਕੋ ਬਿਵਹਾਰੇ ॥੧॥
ਅਪਨੀ ਮਾਇਆ ਆਪਿ ਪਸਾਰੀ
ਆਪਹਿ ਦੇਖਨਹਾਰਾ ॥
ਨਾਨਾ ਰੂਪ ਧਰੇ ਬਹੁ ਰੰਗੀ
ਸਭ ਤੇ ਰਹੈ ਨਿਆਰਾ ॥੨॥
ਅਗਨਤ ਅਪਾਰੁ ਅਲਖੁ ਨਿਰੰਜਨੁ
ਜਿਹ ਸਭੁ ਜਗੁ ਭਰਮਾਇਓ ॥
ਸਗਲ ਭਰਮ ਤਜਿ ਨਾਨਕ ਪ੍ਰਾਣੀ
ਚਰਨ ਤਾਹਿ ਚਿਤੁ ਲਾਇਓ ॥੩॥੧॥

ਪਦ ਅਰਥ :

ਗਤਿ—ਗਤੀ, ਚੋਜ-ਵਿਡਾਣੀ ਲੀਲ੍ਹਾ। ਕੋਊ—ਕੋਈ ਭੀ। ਨਹਿ ਜਾਨੈ—ਨਹੀਂ ਜਾਣਦਾ। ਪਚਿ—ਖਪ ਖਪ ਕੇ। ਹਾਰੇ—ਹਾਰ ਗਏ। ਅਰੁ—ਅਤੇ।੧।ਰਹਾਉ।

ਛਿਨ ਮਹਿ—ਅੱਖ ਦੇ ਪਲਕਾਰੇ ਵਿਚ। ਰਾਉ—ਰਾਜਾ। ਰੰਕ ਕਉ—ਕੰਗਾਲ ਨੂੰ। ਕਰਈ—ਕਰ ਦਿੰਦਾ ਹੈ। ਕਰਿ ਡਾਰੇ—ਕਰ ਸੁਟਦਾ ਹੈ। ਰੀਤੇ—ਖ਼ਾਲੀ, ਸਖਣੇ। ਸਖਨਾਵੈ—ਸਖਣੇ (ਖ਼ਾਲੀ) ਕਰ ਦਿੰਦਾ ਹੈ। ਯਹ ਤਾ ਕੋ—ਅਜਿਹਾ ਉਸ ਦਾ। ਬਿਵਹਾਰੇ—ਵਰਤਾਰਾ।੧।

KhalsaSpirit.com

ਆਪਿ ਪਸਾਰੀ—ਆਪ ਖਿਲਾਰੀ ਹੋਈ ਹੈ। ਆਪਹਿ ਦੇਖਨਹਾਰਾ—ਆਪ ਹੀ ਦੇਖਣ ਵਾਲਾ ਹੈ, ਦੇਖ-ਭਾਲ ਕਰਨ ਵਾਲਾ ਹੈ। ਨਾਨਾ ਰੂਪ ਧਰੇ—ਕਈ ਤਰ੍ਹਾਂ ਦੇ ਰੂਪ ਧਾਰ ਰੱਖੇ ਹਨ। ਬਹੁ ਰੰਗੀ—ਅਨੇਕਾਂ ਰੰਗਾਂ ਵਾਲੇ ਮਾਲਕ ਪ੍ਰਭੂ ਨੇ। ਤੇ—ਤੋਂ। ਨਿਆਰਾ—ਵੱਖਰਾ।੨।

ਅਗਨਤ—ਗਿਣਤੀ ਤੋਂ ਬਾਹਰਾ।ਅਪਾਰੁ—ਜਿਸ ਦਾ ਪਾਰ ਨਹੀਂ, ਬੇਅੰਤ। ਅਲਖੁ—ਜੋ ਸਮਝ ਤੋਂ ਪਰੇ ਹੈ। ਨਿਰੰਜਨੁ—ਮਾਇਆ ਦੇ ਪ੍ਰਭਾਵ ਤੋਂ ਨਿਰਲੇਪ। ਜਿਹ—ਜਿਸ (ਵਾਹਿਗੁਰੂ) ਨੇ। ਭਰਮਾਇਓ—ਭਰਮ ਵਿਚ ਪਾਇਆ ਹੋਇਆ ਹੈ। ਤਜਿ—ਤਿਆਗ ਕੇ। ਪ੍ਰਾਨੀ—ਹੇ ਪ੍ਰਾਣੀ! ਚਰਨ ਤਾਹਿ—ਉਸ ਦੇ ਚਰਨਾਂ ਵਿਚ। ਲਾਇਓ—ਲਾਇਆ ਕਰ।੩।

ਅਰਥ :

ਵਾਹਿਗੁਰੂ ਦੀ (ਚੋਜ-ਵਿਡਾਣੀ) ਲੀਲ੍ਹਾ (ਦਾ ਭੇਦ) ਕੋਈ ਵੀ ਨਹੀਂ ਜਾਣ ਸਕਦਾ। (ਇਸ ਨੂੰ ਜਾਣਨ ਲਈ) ਅਨੇਕਾਂ ਜੋਗੀ, ਜਤੀ, ਤਪੀ ਅਤੇ ਹੋਰ ਬਥੇਰੇ ਸਿਆਣੇ ਲੋਕ ਖਪ ਖਪ ਕੇ ਹਾਰ-ਹੁਟ ਗਏ ਹਨ।੧।ਰਹਾਉ।

(ਵਾਹਿਗੁਰੂ) ਅੱਖ ਦੇ ਪਲਕਾਰੇ ਵਿਚ ਕੰਗਾਲਾਂ ਨੂੰ ਰਾਜੇ ਅਤੇ ਰਾਜਿਆਂ ਨੂੰ ਕੰਗਾਲ ਕਰ ਸੁਟਦਾ ਹੈ। (ਉਹ) ਸਖਣੇ (ਭਾਂਡੇ) ਭਰ ਦਿੰਦਾ ਹੈ ਅਤੇ ਭਰਿਆਂ ਹੋਇਆਂ ਨੂੰ ਸਖਣੇ ਕਰ ਦਿੰਦਾ ਹੈ (ਭਾਵ, ਮਾਇਆ ਤੋਂ ਖ਼ਾਲੀ ਜੀਵਾਂ ਨੂੰ ਮਾਇਆ ਨਾਲ ਭਰਪੂਰ ਕਰ ਦਿੰਦਾ ਹੈ ਅਤੇ ਮਾਇਆ-ਧਾਰੀਆਂ ਨੂੰ ਮਾਇਆ ਤੋਂ ਖ਼ਾਲੀ ਕਰ ਦਿੰਦਾ ਹੈ), ਅਜਿਹਾ (ਵਚਿਤ੍ਰ) ਉਸ ਦਾ ਵਰਤਾਰਾ ਹੈ।੧।

(ਵਾਹਿਗੁਰੂ ਨੇ) ਆਪਣੀ ਮਾਇਆ (ਸੰਸਾਰ ਵਿਚ) ਆਪ ਹੀ ਖਿਲਾਰੀ ਹੋਈ ਹੈ ਅਤੇ ਉਹ ਆਪ ਹੀ (ਸਾਰੀ ਰਚਨਾ ਦੀ) ਦੇਖ-ਭਾਲ ਕਰ ਰਿਹਾ ਹੈ। ਉਸ ਬਹੁ-ਰੰਗੀ ਮਾਲਕ-ਪ੍ਰਭੂ ਨੇ ਨਾਨਾ ਪ੍ਰਕਾਰੀ ਰੂਪ ਧਾਰ ਰੱਖੇ ਹਨ ਤੇ ਸਾਰੇ ਰੂਪਾਂ ਤੋਂ ਆਪ ਸਦਾ ਵੱਖਰਾ ਅਥਵਾ ਨਿਰਲੇਪ ਰਹਿੰਦਾ ਹੈ।੨।

ਜਿਸ ਨੇ ਸਾਰੇ ਸੰਸਾਰ ਨੂੰ (ਮਾਇਆ ਦੇ) ਭਰਮ ਵਿਚ ਪਾਇਆ ਹੋਇਆ ਹੈ, ਉਹ (ਵਾਹਿਗੁਰੂ) ਗਿਣਤੀ, ਭਾਵ, ਅੰਦਾਜ਼ੇ ਤੋਂ ਪਰੇ ਹੈ, ਉਸ ਦਾ ਪਾਰ ਨਹੀਂ ਪਾਇਆ ਜਾ ਸਕਦਾ, ਉਹ ਮਨੁੱਖੀ ਸਮਝ ਤੋਂ ਪਰੇ ਹੈ, ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਹੈ। [ਮਰਯਾਦਾ ਅਨੁਸਾਰ ਸ਼ਬਦ ਦੇ ਅੰਤ ਵਿਚ] ਨਾਨਕ ! (ਛਾਪ ਲਾ ਕੇ ਪ੍ਰੇਰਨਾ ਬਖ਼ਸ਼ਦੇ ਹਨ) ਹੇ ਪ੍ਰਾਣੀ! ਸਾਰੇ ਸੰਸੇ ਅਤੇ ਤੌਖਲੇ ਤਿਆਗ ਕੇ ਉਸ (ਸਰਬ ਗੁਣ ਸੰਪੂਰਨ ਚੋਜੀ ਪ੍ਰਭੂ) ਦੇ ਚਰਨਾਂ ਵਿਚ ਚਿਤ ਲਾਇਆ ਕਰ।੩।੧।

ੴ ਸਤਿਗੁਰਪ੍ਰਸਾਦਿ ॥

ਸੋਰਠਿ ਮਹਲਾ ੯

ਰੇ ਮਨ ਰਾਮ ਸਿਉ ਕਰਿ ਪ੍ਰੀਤਿ ।।
ਸ੍ਰਵਨ ਗੋਬਿੰਦ ਗੁਨ ਸੁਨਉ
ਅਰੁ ਗਾਉ ਰਸਨਾ ਗੀਤ ।।੧।।ਰਹਾਉ।।
ਕਰਿ ਸਾਧ ਸੰਗਤਿ ਸਿਮਰਿ ਮਾਧੋ
ਹੋਹਿ ਪਤਿਤ ਪੁਨੀਤ ।।
ਕਾਲੁ ਬਿਆਲ ਜਿਉ ਪਰਿਓ ਡੋਲੈ
ਮੁਖੁ ਪਸਾਰੇ ਮੀਤ ।।੧।।
ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ
ਸਮਝਿ ਰਾਖਹੁ ਚੀਤਿ ।।
ਕਹੈ ਨਾਨਕੁ ਰਾਮੁ ਭਜਿ ਲੈ
ਜਾਤੁ ਅਉਸਰੁ ਬੀਤਿ ।।੨।।੧।।

ਪਦ ਅਰਥ :

ਰੇ ਮਨ—ਹੇ ਮਨ! ਸਿਉ—ਨਾਲ। ਪ੍ਰੀਤਿ—ਪ੍ਰੀਤੀ। ਸ੍ਰਵਨ—ਕੰਨਾਂ ਨਾਲ। ਗੋਬਿੰਦ ਗੁਨ ਸੁਨਉ—ਗੋਬਿੰਦ ਦੇ ਗੁਣ ਸੁਣੋ। ਅਰੁ — ਅਤੇ। ਰਸਨਾ—ਜੀਭ ਨਾਲ।੧। ਰਹਾਉ।

ਮਾਧੋ—ਮਾਇਆ ਦਾ ਪਤੀ, ਵਾਹਿਗੁਰੂ। ਹੋਹਿ—('ਹਿ' ਨਾਸਕੀ ਉਚਾਰਣ) ਹੋ ਜਾਏਂਗਾ। ਪਤਿਤ—ਡਿਗਿਆ ਹੋਇਆ, ਧਰਮ ਕਰਮ ਤੋਂ ਡਿਗਾ ਹੋਇਆ, ਪਾਪੀ। ਪੁਨੀਤ—ਪਵਿੱਤਰ। ਬਿਆਲ—(ਸੰ: ਵਜਾਲ) ਸੱਪ, ਭਿਆਨਕ। ਜਿਉ—ਜਿਵੇਂ, ਵਾਂਗ। ਪਰਿਓ ਡੋਲੈ—ਫਿਰ ਰਿਹਾ ਹੈ। ਪਸਾਰੇ—ਪਸਾਰਿ, ਪਸਾਰ ਕੇ, ਖੋਲ੍ਹ ਕੇ। ਮੀਤ—ਹੇ ਮਿੱਤਰ।੧।

ਆਜੁ ਕਾਲਿ—ਅੱਜ ਕਲ੍ਹ, ਜਲਦੀ ਹੀ। (ਕਾਲਿ—'ਲ' ਉਚਾਰਣ ਭਾਰਾ ਕਰ ਕੇ)। ਫੁਨਿ ਤੋਹਿ—ਤੈਨੂੰ ਵੀ। ਗ੍ਰਸਿ ਹੈ—ਗ੍ਰਸ ਲਏਗੀ। ਸਮਝਿ ਰਾਖਹੁ ਚੀਤਿ—ਚਿਤ ਵਿਚ ਸਮਝ ਲੈ, ਚਿਤ ਵਿਚ ਬਿਠਾ ਲੈ। ਜਾਤੁ ਅਉਸਰੁ

ਬੀਤਿ—ਸਮਾਂ ਬੀਤਦਾ ਜਾ ਰਿਹਾ ਹੈ।੨।

ਅਰਥ :

ਹੇ ਮਨ! ਵਾਹਿਗੁਰੂ ਨਾਲ ਪ੍ਰੀਤੀ ਕਰ। ਕੰਨਾਂ ਨਾਲ ਵਾਹਿਗੁਰੂ ਦੇ ਗੁਣ ਸਰਵਣ ਕਰ ਅਤੇ ਜੀਭ ਨਾਲ ਵਾਹਿਗੁਰੂ (ਦੀ ਉਸਤਤਿ) ਦੇ ਗੀਤ ਗਾਇਨ ਕਰ।੧।ਰਹਾਉ।

(ਹੇ ਮਨ!) ਗੁਰਮੁਖਾਂ ਦੀ ਸੰਗਤ ਕਰ, ਮਾਇਆ ਦੇ ਪਤੀ (ਵਾਹਿਗੁਰੂ) ਦਾ ਸਿਮਰਨ ਕਰ, (ਇਸ ਤਰ੍ਹਾਂ ਤੂੰ) ਵਿਕਾਰੀ ਜੀਵਨ ਤੋਂ ਪਵਿੱਤਰ ਜੀਵਨ ਵਾਲਾ ਹੋ ਜਾਏਂਗਾ। ਹੇ ਮਿੱਤਰ! (ਛੇਤੀ ਹੀ ਸਾਧ-ਸੰਗਤ ਵਿਚ ਜੁੜ ਕੇ ਸਿਮਰਨ ਵਿਚ ਜੁਟ, ਕਿਉਂਕਿ) ਕਾਲ (ਮੌਤ) ਭਿਆਨਕ ਸੱਪ ਵਾਂਗ ਮੂੰਹ ਖੋਲ੍ਹ ਕੇ ਫਿਰ ਰਿਹਾ ਹੈ।੧।

ਕਾਲ (ਮੌਤ) ਅੱਜ ਕਲ੍ਹ ਹੀ (ਭਾਵ, ਛੇਤੀ ਹੀ) ਤੈਨੂੰ ਵੀ ਹੜੱਪ ਕਰ ਜਾਏਗਾ, (ਤੂੰ ਇਹ ਗੱਲ) ਆਪਣੇ ਚਿਤ ਵਿਚ ਨਿਸਚੇ ਕਰ ਲੈ। ਨਾਨਕ ਕਹਿੰਦਾ ਹੈ, (ਹੇ ਮਨ!) ਵਾਹਿਗੁਰੂ ਨੂੰ ਜਪ ਲੈ, ਨਹੀਂ ਤਾਂ (ਮਨੁੱਖਾ ਜਨਮ ਦਾ) ਇਹ (ਦੁਰਲਭ) ਸਮਾਂ ਬੀਤਦਾ ਜਾ ਰਿਹਾ ਹੈ।੨।੧।

ਸੋਰਠਿ ਮਹਲਾ ੯

ਮਨ ਕੀ ਮਨ ਹੀ ਮਾਹਿ ਰਹੀ ॥
ਨਾ ਹਰਿ ਭਜੇ ਨ ਤੀਰਥ ਸੇਵੇ
ਚੋਟੀ ਕਾਲਿ ਗਹੀ ॥੧॥ਰਹਾਉ॥
ਦਾਰਾ ਮੀਤ ਪੂਤ ਰਥ ਸੰਪਤਿ
ਧਨ ਪੂਰਨ ਸਭ ਮਹੀ ॥
ਅਵਰ ਸਗਲ ਮਿਥਿਆ ਏ ਜਾਨਹੁ
ਭਜਨੁ ਰਾਮ ਕੋ ਸਹੀ ॥੧॥
ਫਿਰਤ ਫਿਰਤ ਬਹੁਤੇ ਜੁਗ ਹਾਰਿਓ
ਮਾਨਸ ਦੇਹ ਲਹੀ ॥
ਨਾਨਕੁ ਕਹਤੁ ਮਿਲਨ ਕੀ ਬਰੀਆ
ਸਿਮਰਤ ਕਹਾ ਨਹੀ ॥੨॥੨॥

ਪਦ ਅਰਥ :

ਮਾਹਿ—ਵਿਚ । ਨਾ ਹਰਿ ਭਜੇ—ਨਾ ਹਰੀ ਦਾ ਭਜਨ ਕੀਤਾ । ਸੇਵੇ—ਸੇਵਾ ਕੀਤੀ । ਤੀਰਥ—ਪਵਿੱਤਰ ਅਸਥਾਨ, ਸਤ-ਸੰਗਤ ਅਸਥਾਨ । ਚੋਟੀ—ਬੋਦੀ । ਕਾਲਿ ਗਹੀ—ਕਾਲ ਨੇ ਆ ਪਕੜੀ ।੧। ਰਹਾਉ।

ਦਾਰਾ—ਪਤਨੀ, ਇਸਤ੍ਰੀ। ਪੂਤ—ਪੁੱਤਰ। ਸੰਪਤਿ—ਸੰਪਤੀ, ਧਨ-ਪਦਾਰਥ। ਪੂਰਨ—ਭੋਗ-ਬਿਲਾਸ। ਸਭ—ਸਾਰੀ। ਮਹੀ—ਧਰਤੀ। ਸਗਲ—ਸਾਰਾ ਕੁਝ। ਮਿਥਿਆ—ਝੂਠਾ, ਬਿਨਸਨਹਾਰ, ਨਾਸਵੰਤ। ਏ—ਇਹ (ਬਹੁ-ਵਚਨ)। ਜਾਨਹੁ—ਜਾਣੋ। ਭਜਨੁ ਰਾਮ ਕੋ—ਰਾਮ ਦਾ ਭਜਨ। ਸਹੀ—ਠੀਕ, ਅਸਲ।੧।

ਹਾਰਿਓ—ਹਾਰ ਗਿਆ। ਮਾਨਸ ਦੇਹ—ਮਨੁੱਖਾ ਦੇਹੀ। ਲਹੀ—ਪ੍ਰਾਪਤ ਕੀਤੀ। ਬਰੀਆ—ਵਾਰੀ। ਸਿਮਰਤ ਕਹਾ ਨਹੀ—ਕਿਉਂ ਨਹੀਂ ਸਿਮਰਦਾ ? ।੨।

ਅਰਥ :

ਮਨ ਦੀ (ਜੀਵਨ ਵਿਚ ਸੁਖ-ਪ੍ਰਾਪਤੀ ਦੀ ਲਾਲਸਾ) ਮਨ ਵਿਚ ਹੀ ਰਹਿ

ਗਈ। ਨਾ ਹੀ ਵਾਹਿਗੁਰੂ (ਜੋ ਸੁਖਾਂ ਦਾ ਸੋਮਾ ਹੈ) ਦਾ ਭਜਨ ਕੀਤਾ ਤੇ ਨਾ ਹੀ ਤੀਰਥ ਸਮਾਨ ਪਵਿੱਤਰ ਸਤ-ਸੰਗਤ ਦੀ ਸੇਵਾ ਕੀਤੀ, ਅੰਤ ਮੌਤ ਨੇ ਚੋਟੀ ਆ ਫੜੀ।੧।ਰਹਾਉ।

ਇਸਤ੍ਰੀ, ਮਿੱਤਰ, ਪੁੱਤਰ, ਰੱਥ, ਐਸ਼ੋ-ਇਸ਼ਰਤ ਦੀ ਸਾਮੱਗਰੀ, ਸਾਰੀ ਧਰਤੀ ਦੇ ਧਨ ਆਦਿ ਦੇ ਭੋਗ-ਬਿਲਾਸ (ਪ੍ਰਭੂ-ਭਜਨ ਤੋਂ ਬਿਨਾਂ) ਹੋਰ ਸਾਰੇ ਬਿਨਸਨਹਾਰ ਜਾਣੋ, (ਕੇਵਲ) ਵਾਹਿਗੁਰੂ ਦਾ ਸਿਮਰਨ ਹੀ ਅਸਲ (ਨਾਲ ਨਿਭਣ ਵਾਲਾ ਸਾਥੀ) ਹੈ।੧।

ਕਈ ਜੁਗ (ਅਨੇਕਾਂ ਜੂਨੀਆਂ ਵਿਚ) ਭਟਕ ਭਟਕ ਕੇ ਤੂੰ ਹਾਰ-ਹੁੱਟ ਚੁੱਕਾ ਹੈਂ ਅਤੇ (ਹੁਣ ਵੱਡੇ ਭਾਗਾਂ ਨਾਲ ਇਹ) ਮਨੁੱਖਾ ਦੇਹੀ ਮਿਲੀ ਹੈ। ਨਾਨਕ ਕਹਿੰਦਾ ਹੈ (ਹੇ ਜੀਵ! ਇਹ ਮਨੁੱਖਾ ਜਨਮ ਹੀ ਵਾਹਿਗੁਰੂ ਨੂੰ) ਮਿਲਣ ਦੀ ਵਾਰੀ ਹੈ (ਅਤੇ 'ਮਿਲਾਪ' ਸਿਮਰਨ ਦੁਆਰਾ ਹੀ ਹੋ ਸਕਦਾ ਹੈ, ਫਿਰ ਹੁਣ) ਤੂੰ ਸਿਮਰਨ ਕਿਉਂ ਨਹੀਂ ਕਰਦਾ ?।੨।੨।

ਸੋਰਠਿ ਮਹਲਾ ੯

ਮਨ ਰੇ ਕਉਨ ਕੁਮਤਿ ਤੈ ਲੀਨੀ ॥
ਪਰਦਾਰਾ ਨਿੰਦਿਆ ਰਸਿ ਰਚਿਓ
ਰਾਮ ਭਗਤਿ ਨਹੀ ਕੀਨੀ ॥੧॥ਰਹਾਉ॥
ਮੁਕਤਿ ਪੰਥੁ ਜਾਨਿਓ ਤੈ ਨਾਹਿਨ
ਧਨੁ ਜੋਰਨ ਕਉ ਧਾਇਆ ॥
ਅੰਤਿ ਸੰਗੁ ਕਾਹੂ ਨਹੀ ਦੀਨਾ
ਬਿਰਥਾ ਆਪੁ ਬੰਧਾਇਆ ॥੧॥
ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ
ਨਹ ਉਪਜਿਓ ਕਛੁ ਗਿਆਨਾ ॥
ਘਟ ਹੀ ਮਾਹਿ ਨਿਰੰਜਨੁ ਤੇਰੈ
ਤੈ ਖੋਜਤ ਉਦਿਆਨਾ ॥੨॥
ਬਹੁਤੁ ਜਨਮ ਭਰਮਤ ਤੈ ਹਾਰਿਓ
ਅਸਥਿਰ ਮਤਿ ਨਹੀ ਪਾਈ ॥
ਮਾਨਸ ਦੇਹ ਪਾਇ ਪਦੁ ਹਰਿ ਭਜੁ
ਨਾਨਕ ਬਾਤ ਬਤਾਈ ॥੩॥੩॥

ਪਦ ਅਰਥ :

ਕਉਨ ਕੁਮਤਿ—ਕਿਹੜੀ ਖੋਟੀ ਮਤ ? ਕੁਮਤਿ [ਉਚਾਰਣ ਕੁ+ਮਤਿ] । ਤੈ—(ਮਧਮ ਪੁਰਖ, ਕਰਤਾ ਕਾਰਕ, ਪੜਨਾਉਂ, ਉਚਾਰਣ ਨਾਸਕੀ) ਤੂੰ। ਪਰਦਾਰਾ—ਪਰਾਈ ਇਸਤ੍ਰੀ। ਨਿੰਦਿਆ—ਬਦਖੋਈ। ਰਸਿ—ਰਸ ਵਿਚ। ਰਚਿਓ—ਰਚਿਆ ਹੋਇਆ ਹੈਂ, ਮਸਤ ਹੋਇਆ ਪਿਆ ਹੈਂ। ਰਾਮ ਭਗਤਿ—ਰਾਮ ਦੀ ਭਗਤੀ।੧।ਰਹਾਉ।

ਮੁਕਤਿ ਪੰਥੁ—ਮੁਕਤੀ ਦਾ ਰਸਤਾ, ਜਨਮ ਮਰਨ ਦੇ ਗੇੜ ਤੋਂ ਖ਼ਲਾਸੀ ਦਾ ਰਸਤਾ। ਨਾਹਿਨ—ਨਹੀਂ। ਧਨੁ—ਮਾਇਆ। ਧਾਇਆ—ਧਾਉਂਦਾ ਫਿਰਦਾ ਹੈਂ, ਨੱਸਾ ਫਿਰਦਾ ਹੈਂ। ਸੰਗੁ—ਸਾਥ। ਕਾਹੂ ਨਹੀ—ਕਿਸੇ ਨੇ ਵੀ ਨਹੀਂ। ਬਿਰਥਾ—

ਬੇੜਾਇਦਾ, ਅਜਾਈਂ। ਆਪੁ—ਆਪਣੇ ਆਪ ਨੂੰ। ਬੰਧਾਇਆ—ਫਸਾਇਆ ਹੋਇਆ ਹੈ।੧।

ਗੁਰ ਜਨੁ—ਗੁਰੂ-ਪੁਰਖ। ਸੇਵਿਓ—ਸੇਵਾ ਕੀਤੀ। ਉਪਜਿਓ—ਪੈਦਾ ਹੋਇਆ, ਉਤਪੰਨ ਹੋਇਆ। ਗਿਆਨਾ—ਬੋਧ, ਇਲਮ। ਘਟ ਹੀ ਮਾਹਿ—ਹਿਰਦੇ ਵਿਚ ਹੀ। ਨਿਰੰਜਨੁ—ਮਾਇਆ ਦੇ ਪ੍ਰਭਾਵ ਤੋਂ ਨਿਰਲੇਪ (ਵਾਹਿਗੁਰੁ)। ਤੈ ਖੋਜਤ—ਤੂੰ ਖੋਜਦਾ ਫਿਰਦਾ ਹੈਂ ['ਤੈ' ਉਚਾਰਣ ਨਾਸਕੀ]। ਉਦਿਆਨਾ—ਜੰਗਲਾਂ ਵਿਚ।੨।

ਭਰਮਤ—ਭਟਕਦਿਆਂ। ਤੈ ਹਾਰਿਓ—ਤੂੰ ਹਾਰ ਗਿਆ ਹੈਂ, ਤੂੰ ਥੱਕ ਗਿਆ ਹੈਂ ['ਤੈ'-ਉਚਾਰਣ ਨਾਸਕੀ]। ਅਸਥਿਰ ਮਤਿ—ਅਸਥਿਰਤਾ ਪ੍ਰਾਪਤ ਕਰਨ ਵਾਲੀ ਬੁੱਧੀ। ਮਾਨਸ ਦੇਹ—ਮਨੁੱਖਾ ਦੇਹੀ। ਪਦੁ—(ਉਤਮ) ਰੁਤਬਾ। ਪਾਇ—ਪਾ ਕੇ।੩।

ਅਰਥ :

ਹੇ ਮਨ! ਤੂੰ ਕਿਹੜੀ ਖੋਟੀ ਮਤਿ ਲੈ ਲਈ ਹੈ ? ਤੂੰ ਪਰਾਈ ਇਸਤ੍ਰੀ ਤੇ ਪਰਾਈ ਨਿੰਦਿਆ ਦੇ (ਹੋਛੇ) ਰਸ ਵਿਚ ਲੰਪਟ ਹੋਇਆ ਪਿਆ ਹੈਂ, ਪਰ (ਰਸਾਲੂ) ਵਾਹਿਗੁਰੂ ਦੀ ਭਗਤੀ ਨਹੀਂ ਕੀਤੀ।੧।ਰਹਾਉ।

(ਹੇ ਮਨ! ਜਨਮ ਮਰਨ ਦੇ ਗੇੜ ਤੋਂ) ਖ਼ਲਾਸੀ ਪਾਉਣ ਦਾ ਰਾਹ ਤੂੰ ਜਾਣਿਆ ਹੀ ਨਹੀਂ, ਕੇਵਲ ਧਨ ਇਕੱਠਾ ਕਰਨ ਲਈ ਨੱਠਾ ਭੱਜਾ ਫਿਰਦਾ ਹੈਂ। (ਪਰ ਜਿਨ੍ਹਾਂ ਵਾਸਤੇ ਤੂੰ ਧਨ ਜੋੜਦਾ ਫਿਰਦਾ ਹੈਂ, ਉਹਨਾਂ ਵਿਚੋਂ) ਕਿਸੇ ਨੇ ਵੀ ਅੰਤ ਨੂੰ ਕਦੀ ਸਾਥ ਨਹੀਂ ਦਿਤਾ ਤੇ ਨਾ ਹੀ ਦੇਣਾ ਹੈ, ਤੂੰ ਬੇੜਾਇਦਾ ਹੀ ਆਪਣੇ ਆਪ ਨੂੰ (ਇਨ੍ਹਾਂ ਦੇ ਮੋਹ ਵਿਚ) ਫਸਾਇਆ ਹੋਇਆ ਹੈ।੧।

ਤੂੰ ਨਾ ਹੀ ਵਾਹਿਗੁਰੂ ਦਾ ਭਜਨ ਕੀਤਾ ਹੈ, ਨਾ ਹੀ ਗੁਰੂ-ਪੁਰਖ ਨੂੰ ਸੇਵਿਆ, ਅਤੇ ਨਾ ਹੀ ਤੇਰੇ ਅੰਦਰ (ਆਤਮਕ) ਗਿਆਨ ਉਤਪੰਨ ਹੋਇਆ ਹੈ। ਤੇਰੇ ਹਿਰਦੇ ਵਿਚ ਹੀ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਵਾਹਿਗੁਰੂ (ਵੱਸਦਾ ਰਸਦਾ) ਹੈ, ਤੂੰ (ਐਵੇਂ ਹੀ) ਜੰਗਲਾਂ ਵਿਚ ਲਭਦਾ ਫਿਰਦਾ ਹੈਂ।੨।

ਅਨੇਕਾਂ ਜਨਮਾਂ ਵਿਚ ਭਟਕਦਾ ਹੋਇਆ ਤੂੰ ਹਾਰ-ਹੰਭ ਗਿਆ ਹੈਂ, ਪਰ ਤੂੰ ਅਸਥਿਰ ਹੋਣ ਵਾਲੀ ਮਤਿ ਨਹੀਂ ਪ੍ਰਾਪਤ ਕੀਤੀ (ਭਾਵ, ਐਸੀ ਮਤਿ ਨਹੀਂ ਪਾਈ ਜਿਸ ਨਾਲ ਤੂੰ ਜਨਮ ਮਰਨ ਤੋਂ ਛੁਟਕਾਰਾ ਪਾ ਕੇ ਅਸਥਿਰਤਾ ਪ੍ਰਾਪਤ ਕਰ ਸਕੇਂ)। ਨਾਨਕ ਨੇ ਇਹ ਗੱਲ ਦੱਸੀ ਹੈ ਕਿ (ਅਸਥਿਰ ਹੋਣ ਦਾ ਭੇਤ ਇਸ ਵਿਚ ਹੈ ਕਿ) ਮਨੁੱਖਾ ਦੇਹੀ ਵਰਗਾ ਉਤਮ ਰੁਤਬਾ (ਪਦ) ਪ੍ਰਾਪਤ ਕਰ ਕੇ ਵਾਹਿਗੁਰੂ ਦਾ ਭਜਨ ਕਰ।੩।੩।

KhalsaSpirit.com

ਸੋਰਠਿ ਮਹਲਾ ੯

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥
ਜਿਹ ਸਿਮਰਤ ਗਨਿਕਾ ਸੀ ਉਧਰੀ
ਤਾ ਕੋ ਜਸੁ ਉਰਿ ਧਾਰੋ॥੧॥ਰਹਾਉ॥
ਅਟਲੁ ਭਇਓ ਧ੍ਰੂਅ ਜਾ ਕੈ ਸਿਮਰਨਿ
ਅਰੁ ਨਿਰਭੈ ਪਦੁ ਪਾਇਆ ॥
ਦੁਖ ਹਰਤਾ ਇਹ ਬਿਧਿ ਕੋ ਸੁਆਮੀ
ਤੈ ਕਾਹੇ ਬਿਸਰਾਇਆ ॥੧॥
ਜਬ ਹੀ ਸਰਨਿ ਗਹੀ ਕਿਰਪਾਨਿਧਿ
ਗਜੁ ਗਰਾਹ ਤੇ ਛੂਟਾ ॥
ਮਹਿਮਾ ਨਾਮ ਕਹਾ ਲਉ ਬਰਨਉ
ਰਾਮੁ ਕਹਤ ਬੰਧਨ ਤਿਹ ਤੂਟਾ ॥੨॥
ਅਜਾਮਲੁ ਪਾਪੀ ਜਗੁ ਜਾਨੈ
ਨਿਮਖ ਮਾਹਿ ਨਿਸਤਾਰਾ ॥
ਨਾਨਕੁ ਕਹਤੁ ਚੇਤਿ ਚਿੰਤਾਮਨਿ
ਤੈ ਭੀ ਉਤਰਹਿ ਪਾਰਾ ॥੩॥੪॥

ਪਦ ਅਰਥ :

ਬਿਚਾਰੋ—ਵਿਚਾਰੋ, ਵਿਚਾਰ ਬਣਾ। ਜਿਹ ਸਿਮਰਤ—ਜਿਸ ਨੂੰ ਸਿਮਰਦਿਆਂ। ਗਨਿਕਾ—ਇਕ ਵੇਸਵਾ। ਸੀ—ਵਰਗੀ, ਜਿਹੀ। ਉਰਿ ਧਾਰੋ—ਹਿਰਦੇ ਵਿਚ ਵਸਾਓ।੧। ਰਹਾਉ।

ਅਟਲੁ—ਅਸਥਿਰ। ਧ੍ਰੂਅ—ਧ੍ਰੂਅ ਭਗਤ। ਸਿਮਰਨਿ—ਸਿਮਰਨ ਨਾਲ। ਨਿਰਭੈ ਪਦੁ—ਭੈ-ਰਹਿਤ ਰੁਤਬਾ, ਅਬਿਨਾਸ਼ੀ ਪਦ। ਦੁਖ ਹਰਤਾ—ਦੁੱਖਾਂ ਦਾ ਨਾਸ਼ ਕਰਨ ਵਾਲਾ। ਇਹ ਬਿਧਿ ਕੋ ਸੁਆਮੀ—ਇਸ ਤਰ੍ਹਾਂ ਦਾ ਪ੍ਰਭੂ। ਤੈ—(ਉਚਾਰਣ ਨਾਸਕੀ) ਤੂੰ। ਕਾਹੇ—ਕਿਉਂ ?।੧।

ਗਹੀ—ਪਕੜੀ। ਕਿਰਪਾ ਨਿਧਿ—ਕਿਰਪਾ ਦਾ ਸਮੁੰਦਰ, ਵਾਹਿਗੁਰੂ। ਗਜੁ—ਇਕ ਹਾਥੀ। ਗਰਾਹ—ਤੰਦੂਆ। ਕਹਾ ਲਉ—ਕਿਥੋਂ ਤਕ। ਕਹਾ—['ਾ' ਉਚਾਰਣ ਨਾਸਕੀ]। ਬਰਨਉ ['ਉ' ਉਚਾਰਣ ਨਾਸਕੀ]—ਮੈਂ ਬਿਆਨ ਕਰਾਂ, ਦੱਸਾਂ। ਬੰਧਨ ਤਿਹ ਤੂਟਾ—ਤਿਸ ਦੇ ਬੰਧਨ ਟੁਟ ਗਏ।੨।

ਅਜਾਮਲੁ—ਕਨੌਜ ਦਾ ਇਕ ਵੇਸਵਾ-ਗਾਮੀ ਬ੍ਰਾਹਮਣ। ਜਾਨੈ—ਜਾਣਦਾ ਹੈ। ਮਾਹਿ—ਵਿਚ। ਨਿਸਤਾਰਾ—ਪਾਰ ਉਤਾਰਾ। ਚੇਤਿ—ਚੇਤੇ ਕਰ, ਸਿਮਰਨ ਕਰ। ਚਿੰਤਾਮਨਿ—ਮਨ-ਮੰਗੇ ਪਦਾਰਥ ਦੇਣ ਵਾਲੀ ਚਿੰਤਾਮਣੀ, ਭਾਵ ਵਾਹਿਗੁਰੂ। ਉਤਰਹਿ—['ਹ' ਉਚਾਰਣ ਨਾਸਕੀ] ਉਤਰ ਜਾਏਂਗਾ।੩।

[*ਨੋਟ*—ਗਜ, ਗਨਿਕਾ ਤੇ ਅਜਾਮਲ ਦੀਆਂ ਪੌਰਾਣਿਕ ਸਾਖੀਆਂ ਲਈ ਵੇਖੋ ਅੰਤਿਕਾ-ੳ।]

ਅਰਥ :

ਹੇ ਮਨ! ਵਾਹਿਗੁਰੂ ਦੀ ਸ਼ਰਨ ਪੈਣ ਦਾ ਵਿਚਾਰ ਬਣਾ। ਜਿਸ ਵਾਹਿਗੁਰੂ ਦਾ ਸਿਮਰਨ ਕਰਦਿਆਂ ਗਨਿਕਾ ਵਰਗੀ (ਬਦਚਲਨ ਔਰਤ) ਦਾ ਪਾਰ-ਉਤਾਰਾ ਹੋ ਗਿਆ; (ਹੇ ਮਨ! ਤੂੰ ਵੀ ਉਸ ਦਾ ਸਿਮਰਨ ਹਿਰਦੇ ਵਿਚ ਵਸਾ ਲੈ।੧। ਰਹਾਉ।

ਜਿਸ ਵਾਹਿਗੁਰੂ ਦੇ ਸਿਮਰਨ ਨਾਲ ਧ੍ਰੂਅ ਸਦਾ ਲਈ ਅਸਥਿਰ ਹੋ ਗਿਆ ਹੈ ਅਤੇ ਨਿਰਭੈਤਾ ਵਾਲਾ ਅਬਿਨਾਸ਼ੀ ਪਦ ਪ੍ਰਾਪਤ ਕਰ ਲਿਆ ਹੈ, (ਹੇ ਮਨ!) ਤੂੰ ਅਜਿਹੇ (ਗਰੀਬ-ਨਿਵਾਜ਼ ਅਤੇ) ਦੁਖ-ਨਾਸ਼ਕ ਮਾਲਕ ਪ੍ਰਭੂ ਨੂੰ ਕਿਉਂ ਮਨੋਂ ਵਿਸਾਰ ਰਖਿਆ ਹੈ?।੧।

(ਇਸੇ ਤਰ੍ਹਾਂ) ਜਦੋਂ ਹੀ ਕਿਰਪਾ ਦੇ ਸਮੁੰਦਰ ਵਾਹਿਗੁਰੂ ਦੀ ਸ਼ਰਨ (ਗਜ ਨੇ) ਪਕੜੀ ਤਾਂ ਉਹ ਗਜ ਤੰਦੂਏ (ਦੇ ਜਾਲ) ਤੋਂ ਬਚ ਨਿਕਲਿਆ। ਵਾਹਿਗੁਰੂ ਨਾਮ ਦੀ ਮਹਿਮਾ ਮੈਂ ਕਿਥੋਂ ਤਕ ਬਿਆਨ ਕਰਾਂ, ਉਸ ਦਾ ਨਾਮ ਉਚਾਰਦਿਆਂ ਸਾਰ ਉਸ (ਗਜ) ਦੇ ਬੰਧਨ ਕਟੇ ਗਏ।੨।

ਪਾਪੀ ਅਜਾਮਲ ਨੂੰ ਸਾਰਾ ਜਗਤ ਜਾਣਦਾ ਹੈ (ਭਾਵ ਅਜਾਮਲ ਦਾ ਪਾਪੀ ਹੋਣਾ ਜਗਤ-ਪ੍ਰਸਿਧ ਹੈ, ਪਰ ਰਾਮ ਨਾਮ ਦੇ ਸਿਮਰਨ ਨਾਲ) ਅੱਖ ਦੇ ਫੋਰ ਵਿਚ ਉਸ ਦਾ ਪਾਰ-ਉਤਾਰਾ ਹੋ ਗਿਆ। ਨਾਨਕ ਕਹਿੰਦਾ ਹੈ (ਹੇ ਮਨ!) ਸਾਰੀਆਂ ਮੁਰਾਦਾਂ ਪੂਰੀਆਂ ਕਰਨ ਵਾਲੇ ਵਾਹਿਗੁਰੂ ਦਾ ਸਿਮਰਨ ਕਰ, (ਉਸ ਦੇ ਸਿਮਰਨ ਨਾਲ) ਤੂੰ ਭੀ (ਸੰਸਾਰ-ਸਾਗਰ ਤੋਂ) ਪਾਰ ਉਤਰ ਜਾਏਂਗਾ।੩।੪।

ਸੋਰਠਿ ਮਹਲਾ ੯

ਪ੍ਰਾਨੀ ਕਉਨੁ ਉਪਾਉ ਕਰੈ ॥
ਜਾ ਤੇ ਭਗਤਿ ਰਾਮ ਕੀ ਪਾਵੈ
ਜਮ ਕੋ ਤ੍ਰਾਸੁ ਹਰੈ ॥੧॥ਰਹਾਉ॥
ਕਉਨੁ ਕਰਮੁ ਬਿਦਿਆ ਕਹੁ ਕੈਸੀ
ਧਰਮੁ ਕਉਨੁ ਫੁਨਿ ਕਰਈ ॥
ਕਉਨੁ ਨਾਮੁ ਗੁਰ ਜਾ ਕੈ ਸਿਮਰੈ
ਭਵ ਸਾਗਰ ਕਉ ਤਰਈ ॥੧॥
ਕਲਿ ਮਹਿ ਏਕੁ ਨਾਮੁ ਕਿਰਪਾਨਿਧਿ
ਜਾਹਿ ਜਪੈ ਗਤਿ ਪਾਵੈ ॥
ਅਉਰ ਧਰਮ ਤਾ ਕੈ ਸਮ ਨਾਹਿਨ
ਇਹ ਬਿਧਿ ਬੇਦੁ ਬਤਾਵੈ ॥੨॥
ਸੁਖ ਦੁਖ ਰਹਤ ਸਦਾ ਨਿਰਲੇਪੀ
ਜਾ ਕਉ ਕਹਤ ਗੁਸਾਈ ॥
ਸੋ ਤੁਮ ਹੀ ਮਹਿ ਬਸੈ ਨਿਰੰਤਰਿ
ਨਾਨਕ ਦਰਪਨ ਨਿਆਈ ॥੩॥੫॥

ਪਦ ਅਰਥ :

ਕਉਨੁ—ਕਿਹੜਾ ? ਉਪਾਉ—ਜਤਨ, ਉਪਰਾਲਾ । ਜਾ ਤੇ—ਜਿਸ ਕਰਕੇ । ਭਗਤਿ—ਭਗਤੀ । ਪਾਵੈ—ਪਾ ਲਵੇ । ਜਮ ਕੋ—ਜਮ ਦਾ । ਤ੍ਰਾਸੁ—ਭੈ, ਡਰ । ਹਰੈ—ਦੂਰ ਕਰ ਲਏ ।੧।ਰਹਾਉ ।

ਕਉਨੁ ਕਰਮੁ—ਕਿਹੜਾ ਕਰਮ ? ਬਿਦਿਆ ਕੈਸੀ—ਕਿਹੋ ਜਿਹੀ ਵਿਦਿਆ ? ਕਹੁ—(ਇਹ) ਦੱਸੋ । ਫੁਨਿ—ਫਿਰ, ਅਤੇ । ਕਰਈ—ਕਰੇ । ਕਉਨੁ ਧਰਮੁ—ਕਿਹੜਾ ਧਰਮ ? ਕਉਨੁ ਨਾਮੁ—ਕਿਹੜਾ ਨਾਮ ? ਕਉਨੁ ਨਾਮੁ ਗੁਰ—ਕਿਹੜਾ ਸ਼੍ਰੋਮਣੀ ਨਾਮ ? ਜਾ ਕੈ ਸਿਮਰੈ—ਜਿਸ ਨੂੰ ਸਿਮਰਿਆਂ । ਭਵ ਸਾਗਰ ਕਉ—ਸੰਸਾਰ-ਸਮੁੰਦਰ ਨੂੰ । ਤਰਈ—ਤਰ ਜਾਏ ।੧।

ਕਲਿ ਮਹਿ—ਕਲੀ-ਕਾਲ ਵਿਚ, ਕਲਜੁਗ ਵਿਚ। ਏਕੁ ਨਾਮੁ ਕਿਰਪਾ ਨਿਧਿ—ਕਿਰਪਾ ਦੇ ਖ਼ਜ਼ਾਨੇ ਵਾਹਿਗੁਰੂ ਦਾ ਇਕ ਨਾਮ। ਜਾਹਿ ਜਪੈ—ਜਿਸ ਦੇ ਜਪਣ ਨਾਲ। ਗਤਿ—ਗਤੀ, ਮੁਕਤੀ, ਮੋਖ ਪਦਵੀ। ਪਾਵੈ—ਪਾ ਲੈਂਦਾ ਹੈ। ਅਉਰ ਧਰਮ—ਹੋਰ ਕਰਮ ਧਰਮ। ਤਾ ਕੈ ਸਮ—ਉਸ ਦੇ ਬਰਾਬਰ। ਨਾਹਿਨ—ਨਹੀਂ। ਇਹ ਬਿਧਿ—ਇਸ ਤਰ੍ਹਾਂ। ਬੇਦੁ—ਗਿਆਨ।੨।

ਸੁਖ ਦੁਖ ਰਹਤ—ਸੁਖਾਂ ਦੁੱਖਾਂ ਤੋਂ ਮੁਕਤ। ਨਿਰਲੇਪੀ—ਮਾਇਆ ਤੋਂ ਨਿਰਲੇਪ (ਵਾਹਿਗੁਰੂ)। ਜਾ ਕਉ—ਜਿਸ ਨੂੰ। ਗੁਸਾਈ—['ਈ' ਉਚਾਰਣ ਨਾਸਕੀ] ਧਰਤੀ ਦਾ ਮਾਲਕ। ਬਸੈ—ਵੱਸਦਾ ਹੈ। ਨਿਰੰਤਰਿ—ਬਿਨਾਂ ਅੰਤਰ, ਲਗਾਤਾਰ, ਇਕ-ਰਸ। ਦਰਪਨ ਨਿਆਈ—ਸ਼ੀਸ਼ੇ ਦੇ ਸਮਾਨ, ਸ਼ੀਸ਼ੇ ਵਾਂਗ। [ਨਿਆਈ—'ਈ' ਉਚਾਰਣ ਨਾਸਕੀ]।੩।

ਅਰਥ :

(ਇਹ) ਜੀਵ ਕਿਹੜਾ ਉਪਰਾਲਾ ਕਰੇ, ਜਿਸ ਨਾਲ ਵਾਹਿਗੁਰੂ ਦੀ ਭਗਤੀ ਪਾ ਲਵੇ ਅਤੇ ਜਮ ਦਾ ਡਰ ਦੂਰ ਕਰ ਲਵੇ।੧।ਰਹਾਉ।

(ਇਹ) ਦੱਸੋ ਕਿ ਜੀਵ ਕਿਹੜਾ ਕਰਮ, ਕਿਹੋ ਜਿਹੀ ਵਿਦਿਆ ਅਤੇ ਕਿਹੜਾ ਧਰਮ ਕਰੇ। ਉਹ ਕਿਹੜਾ ਸ਼੍ਰੋਮਣੀ ਨਾਮ ਹੈ, ਜਿਸ ਨੂੰ ਸਿਮਰਿਆਂ ਉਹ ਸੰਸਾਰ-ਸਮੁੰਦਰ ਤੋਂ ਪਾਰ ਉਤਰ ਜਾਏ।੧।

ਕਲਜੁਗ ਵਿਚ ਕਿਰਪਾ ਦੇ ਭੰਡਾਰ ਵਾਹਿਗੁਰੂ ਦਾ ਇਕ ਨਾਮ ਹੀ (ਸ਼੍ਰੋਮਣੀ) ਹੈ, ਜਿਸ ਨੂੰ ਜਪ ਕੇ(ਮਨੁੱਖ ਜਨਮ ਮਰਨ ਦੇ ਗੇੜ ਤੋਂ)ਮੁਕਤੀ ਪ੍ਰਾਪਤ ਕਰ ਸਕਦਾ ਹੈ। ਹੋਰ (ਅਨਿਕ ਪ੍ਰਕਾਰੀ) ਕਰਮ ਧਰਮ ਉਸ (ਨਾਮ) ਦੇ ਬਰਾਬਰ ਨਹੀਂ, (ਗੁਰੂ ਦਾ) ਗਿਆਨ ਇਸ ਤਰ੍ਹਾਂ ਦਸਦਾ ਹੈ।੨।

ਨਾਨਕ! ਦੁੱਖਾਂ ਸੁਖਾਂ ਤੋਂ ਮੁਕਤ ਅਤੇ ਮਾਇਆ ਤੋਂ ਨਿਰਲੇਪ (ਵਾਹਿਗੁਰੂ), ਜਿਸ ਨੂੰ ਸ੍ਰਿਸ਼ਟੀ ਦਾ ਮਾਲਕ ਕਹੀਦਾ ਹੈ, ਉਹ ਤੁਹਾਡੇ ਅੰਦਰ ਸ਼ੀਸ਼ੇ (ਵਿਚਲੇ ਪਰਛਾਵੇਂ) ਵਾਂਗ ਇਕ-ਰਸ ਲਗਾਤਾਰ ਵੱਸ ਰਿਹਾ ਹੈ (ਤਾਂ ਤੇ ਭਵ-ਸਾਗਰ ਤਰਨ ਲਈ ਉਸ ਦਾ ਨਾਮ-ਸਿਮਰਨ ਰੂਪੀ ਸਿਰਮੋਰ ਉਪਾਉ ਕਰੋ)।੩।੫।

ਸੋਰਠਿ ਮਹਲਾ ੯

ਮਾਈ ਮੈ ਕਿਹ ਬਿਧਿ ਲਖਉ ਗੁਸਾਈ ।।
ਮਹਾ ਮੋਹ ਅਗਿਆਨ ਤਿਮਰਿ
ਮੋ ਮਨੁ ਰਹਿਓ ਉਰਝਾਈ ।।੧।।ਰਹਾਉ।।
ਸਗਲ ਜਨਮੁ ਭਰਮ ਹੀ ਭਰਮਿ ਖੋਇਓ
ਨਹ ਅਸਥਿਰ ਮਤਿ ਪਾਈ ।।
ਬਿਖਿਆਸਕਤ ਰਹਿਓ ਨਿਸਿ ਬਾਸੁਰ
ਨਹ ਛੂਟੀ ਅਧਮਾਈ ।।੧।।
ਸਾਧ ਸੰਗੁ ਕਬਹੂ ਨਹੀ ਕੀਨਾ
ਨਹ ਕੀਰਤਿ ਪ੍ਰਭ ਗਾਈ ।।
ਜਨ ਨਾਨਕ ਮੈ ਨਾਹਿ ਕੋਊ ਗੁਨੁ
ਰਾਖਿ ਲੇਹੁ ਸਰਨਾਈ ।।੨।।੬।।

ਪਦ ਅਰਥ :

ਮਾਈ—ਹੇ ਮਾਂ-ਜਾਈ, ਹੇ ਸਤਸੰਗਣ ਸਖੀ! ਕਿਹ ਬਿਧਿ—ਕਿਵੇਂ, ਕਿਸ ਤਰ੍ਹਾਂ? ਲਖਉ—('ਉ' ਉਚਾਰਣ ਨਾਸਕੀ) ਮੈਂ ਲੱਖਾਂ, ਮੈਂ ਪਛਾਣਾਂ। ਗੁਸਾਈ—('ਈ' ਉਚਾਰਣ ਨਾਸਕੀ) ਸ੍ਰਿਸ਼ਟੀ ਦਾ ਮਾਲਕ ਵਾਹਿਗੁਰੂ ।ਅਗਿਆਨ ਤਿਮਰਿ—ਅਗਿਆਨ ਦੇ ਹਨੇਰੇ ਵਿਚ। ਮੋ ਮਨੁ—ਮੇਰਾ ਮਨ। ਰਹਿਓ ਉਰਝਾਈ—ਉਲਝਿਆ ਪਿਆ ਹੈ, ਫਸਿਆ ਪਿਆ ਹੈ।੧।ਰਹਾਉ।

ਭਰਮ ਹੀ ਭਰਮਿ—ਭਰਮ ਵਿਚ ਹੀ ਭਟਕ ਭਟਕ ਕੇ। ਖੋਇਓ—ਗਵਾ ਲਿਆ ਹੈ। ਅਸਥਿਰ ਮਤਿ—ਅਚੱਲ ਬੁੱਧੀ, ਅਡੋਲ ਬੁੱਧੀ। ਬਿਖਿਆਸਕਤ—ਬਿਖਿਆ+ਆਸਕਤ, ਵਿਸ਼ਿਆਂ ਵਿਚ ਲੰਪਟ (ਆਸਕਤ—ਸੰ: ਆਸ਼ਕ, ਪ੍ਰੇਮੀ)। ਨਿਸਿ ਬਾਸੁਰ—ਰਾਤ ਦਿਨ, ਹਰ ਵੇਲੇ। ਨਹ ਛੂਟੀ—ਮਗਰੋਂ ਨਹੀਂ ਲੱਥੀ। ਅਧਮਾਈ—ਨੀਵਾਂਪਣ, ਨੀਚਤਾ।੧।

ਸਾਧ ਸੰਗੁ—ਸਾਧਾਂ ਦਾ ਸੰਗ ਸਾਥ, ਮੇਲ-ਮਿਲਾਪ। ਕੀਰਤਿ—ਕੀਰਤੀ, ਸਿਫ਼ਤ-ਸਲਾਹ। ਨਾਹਿ ਕੋਊ ਗੁਨੁ—ਕੋਈ ਵੀ ਗੁਣ ਨਹੀਂ। ਸਰਨਾਈ—ਸ਼ਰਨ ਵਿਚ।੨।

ਅਰਥ :

ਹੇ ਸਤਸੰਗਣ ਸਖੀ ! ਮੈਂ ਸ੍ਰਿਸ਼ਟੀ ਦੇ ਮਾਲਕ ਵਾਹਿਗੁਰੂ ਨੂੰ ਕਿਵੇਂ ਪਛਾਣਾਂ ? (ਜਦ ਕਿ) ਮੇਰਾ ਮਨ ਤਾਂ ਬਲੀ ਮੋਹ ਅਤੇ ਅਗਿਆਨਤਾ ਦੇ ਹਨੇਰੇ ਵਿਚ ਫਸਿਆ ਪਿਆ ਹੈ ।੧। ਰਹਾਉ ।

ਮੈਂ ਸਾਰਾ ਜਨਮ ਭਰਮ ਵਿਚ ਭ੍ਰਟਕ ਭਟਕ ਕੇ ਹੀ ਗਵਾ ਲਿਆ ਹੈ, ਮੈਨੂੰ ਟਿਕਾਅ ਵਾਲੀ ਬ੍ਰਿਤੀ ਪ੍ਰਾਪਤ ਨਹੀਂ ਹੋ ਸਕੀ । ਮੈਂ ਦਿਨ ਰਾਤ ਵਿਸ਼ਿਆਂ ਵਿਚ ਲੰਪਟ ਰਿਹਾ ਹਾਂ ਅਤੇ ਮੇਰੀ ਇਹ ਨੀਚਤਾ ਮੇਰੇ ਮਗਰੋਂ ਨਹੀਂ ਲੱਥੀ ।

ਮੈਂ ਕਦੇ ਵੀ ਭਲੇ ਪੁਰਸ਼ਾਂ ਦਾ ਸੰਗ-ਸਾਥ ਨਹੀਂ ਕੀਤਾ ਅਤੇ ਨਾ ਹੀ ਕਦੇ ਮੈਂ ਵਾਹਿਗੁਰੂ ਦੀ ਸਿਫ਼ਤ-ਸਲਾਹ ਕੀਤੀ ਹੈ । (ਹੇ ਵਾਹਿਗੁਰੂ !) ਮੈਂ ਦਾਸ ਨਾਨਕ ਵਿਚ ਕੋਈ ਗੁਣ ਨਹੀਂ ਹੈ, ਮੈਨੂੰ ਆਪਣੀ ਸ਼ਰਨ ਵਿਚ ਰਖ ਲਵੋ ।੨।੬।

ਸੋਰਠਿ ਮਹਲਾ ੯

ਮਾਈ ਮਨੁ ਮੇਰੋ ਬਸਿ ਨਾਹਿ ॥
ਨਿਸਿ ਬਾਸੁਰ ਬਿਖਿਅਨ ਕਉ ਧਾਵਤ
ਕਿਹ ਬਿਧਿ ਰੋਕਉ ਤਾਹਿ ॥੧॥ਰਹਾਉ॥
ਬੇਦ ਪੁਰਾਨ ਸਿੰਮ੍ਰਿਤਿ ਕੇ ਮਤ ਸੁਨਿ
ਨਿਮਖ ਨ ਹੀਏ ਬਸਾਵੈ ॥
ਪਰ ਧਨ ਪਰ ਦਾਰਾ ਸਿਉ ਰਚਿਓ
ਬਿਰਥਾ ਜਨਮੁ ਸਿਰਾਵੈ ॥੧॥
ਮਦਿ ਮਾਇਆ ਕੈ ਭਇਓ ਬਾਵਰੋ
ਸੂਝਤ ਨਹ ਕਛੁ ਗਿਆਨਾ ॥
ਘਟ ਹੀ ਭੀਤਰਿ ਬਸਤ ਨਿਰੰਜਨੁ
ਤਾ ਕੋ ਮਰਮੁ ਨ ਜਾਨਾ ॥੨॥
ਜਬ ਹੀ ਸਰਨਿ ਸਾਧ ਕੀ ਆਇਓ
ਦੁਰਮਤਿ ਸਗਲ ਬਿਨਾਸੀ ॥
ਤਬ ਨਾਨਕ ਚੇਤਿਓ ਚਿੰਤਾਮਨਿ
ਕਾਟੀ ਜਮ ਕੀ ਫਾਸੀ ॥੩॥੭॥

ਪਦ ਅਰਥ :

ਮਾਈ—ਹੇ ਮਾਂ-ਜਾਈ! ਹੇ ਸਤਸੰਗਣ ਸਖੀ! ਮਨੁ ਮੇਰੋ— ਮੇਰਾ ਮਨ। ਬਸਿ ਨਾਹਿ—ਵੱਸ ਵਿਚ ਨਹੀਂ। ਨਿਸਿ ਬਾਸੁਰ—ਰਾਤ ਦਿਨ, ਹਰ ਵੇਲੇ। ਬਿਖਿਅਨ ਕਉ—ਵਿਸ਼ਿਆਂ ਵਲ, ਮਾਇਕ ਪਦਾਰਥਾਂ ਵਲ। ਧਾਵਤ— ਧਾਉਂਦਾ ਹੈ, ਦੌੜਦਾ ਹੈ। ਕਿਹ ਬਿਧਿ—ਕਿਸ ਬਿਧੀ ਨਾਲ, ਕਿਸ ਢੰਗ ਨਾਲ ? ਰੋਕਉ—('ਉ' ਉਚਾਰਣ ਨਾਸਕੀ) ਮੈਂ ਰੋਕਾਂ, ਮੈਂ ਕਾਬੂ ਕਰਾਂ। ਤਾਹਿ—ਉਸ (ਮਨ) ਨੂੰ। ੧। ਰਹਾਉ।

ਬੇਦ ਪੁਰਾਨ ਸਿੰਮ੍ਰਿਤਿ ਕੇ ਮਤ ਸੁਨਿ—ਵੇਦਾਂ ਪੁਰਾਣਾਂ ਤੇ ਸਿਮ੍ਰਿਤੀਆਂ ਭਾਵ ਧਰਮ-ਪੁਸਤਕਾਂ ਦੇ ਉਪਦੇਸ਼ ਸੁਣ ਕੇ। ਨਿਮਖ—ਅੱਖ ਝਮਕਣ ਜਿੰਨਾ ਸਮਾਂ। ਨ ਹੀਏ ਬਸਾਵੈ—ਹਿਰਦੇ ਵਿਚ ਨਹੀਂ ਵਸਾਂਦਾ। ਪਰ ਧਨ—ਪਰਾਇਆ ਧਨ। ਪਰ

ਦਾਰਾ—ਪਰਾਈ ਇਸਤ੍ਰੀ। ਸਿਉ—ਨਾਲ। ਰਚਿਓ—ਖਚਿਤ ਹੋ ਰਿਹਾ ਹੈ। ਬਿਰਥਾ—ਅਜਾਈਂ, ਬੇਫ਼ਾਇਦਾ। ਸਿਰਾਵੈ—ਬਿਤਾਂਦਾ ਹੈ।੧।

ਮਦਿ ਮਾਇਆ ਕੈ—ਮਾਇਆ ਦੇ ਨਸ਼ੇ ਵਿਚ। ਭਇਓ ਬਾਵਰੋ—ਪਾਗ਼ਲ ਹੋਇਆ ਪਿਆ ਹੈ। ਗਿਆਨਾ—ਆਤਮਾ ਪਰਮਾਤਮਾ ਸੰਬੰਧੀ ਸੋਝੀ। ਘਟ ਹੀ ਭੀਤਰਿ—ਹਿਰਦੇ ਵਿਚ ਹੀ।ਬਸਤ—ਵੱਸਦਾ ਹੈ।ਨਿਰੰਜਨੁ—ਮਾਇਆ ਦੇ ਪ੍ਰਭਾਵ ਤੋਂ ਨਿਰਲੇਪ (ਵਾਹਿਗੁਰੂ)। ਤਾ ਕੋ—ਉਸ ਦਾ। ਮਰਮੁ—ਭੇਦ।੨।

ਸਰਨਿ ਸਾਧ ਕੀ—ਸਾਧ-ਸਤਿਗੁਰੂ ਦੀ ਸ਼ਰਨ। ਦੁਰਮਤਿ ਸਗਲ ਬਿਨਾਸੀ—ਖੋਟੀ ਮਤਿ ਸਾਰੀ ਦੂਰ ਹੋ ਗਈ।ਚਿੰਤਾਮਨਿ—ਚਿਤਵਨੀਆਂ ਪੂਰੀਆਂ ਕਰਨ ਵਾਲੀ ਮਣੀ, ਵਾਹਿਗੁਰੂ।੩।੭।

ਅਰਥ:

ਹੇ ਸਤਸੰਗਣ ਸਖੀ! ਮੇਰਾ ਮਨ ਕਾਬੂ ਵਿਚ ਨਹੀਂ ਹੈ। (ਇਹ ਮਨ) ਹਰ ਵੇਲੇ ਵਿਸ਼ੇ ਵਿਕਾਰਾਂ ਵਲ ਭੱਜਾ ਫਿਰਦਾ ਹੈ, ਇਸ ਨੂੰ ਮੈਂ ਕਿਸ ਢੰਗ ਨਾਲ ਕਾਬੂ ਕਰਾਂ?।੧।ਰਹਾਉ।

ਬੇਦਾਂ ਪੁਰਾਣਾਂ ਤੇ ਸਿਮ੍ਰਿਤੀਆਂ, ਭਾਵ ਧਰਮ-ਪੁਸਤਕਾਂ ਦੇ ਉਪਦੇਸ਼ (ਕਿ ਪਰ-ਧਨ ਤੇ ਪਰ-ਤਨ ਵਿਚ ਪਰਵਿਰਤੀ ਨਿੱਜੀ ਅਤੇ ਸਮਾਜਿਕ ਜੀਵਨ ਦੇ ਪਤਨ ਦਾ ਮੂਲ ਕਾਰਨ ਹੈ) ਸੁਣ ਕੇ ਨਿਮਖ ਭਰ ਲਈ ਵੀ (ਇਹ ਉਪਦੇਸ਼) ਹਿਰਦੇ ਵਿਚ ਨਹੀਂ ਵਸਾਂਦਾ। (ਪਰ ਇਸ ਦੇ ਉਲਟ) ਪਰਾਏ (ਲੁੱਟ ਮਾਰ ਦੇ) ਧਨ ਤੇ ਪਰਾਈ ਇਸਤ੍ਰੀ (ਦੀ ਪ੍ਰੀਤ) ਵਿਚ ਖਚਿਤ ਹੋਇਆ ਪਿਆ ਹੈ, (ਇਉਂ ਇਹ ਅਮੋਲਕ) ਜਨਮ ਅਜਾਈਂ ਬਿਤਾ ਰਿਹਾ ਹੈ।੧।

ਮਾਇਆ ਦੇ ਨਸ਼ੇ ਵਿਚ (ਇਹ ਮਨ) ਪਾਗ਼ਲ ਹੋਇਆ ਪਿਆ ਹੈ ਅਤੇ (ਆਤਮਾ ਪਰਮਾਤਮਾ ਬਾਰੇ) ਗਿਆਨ ਇਸ ਨੂੰ ਸੁਝਦਾ ਹੀ ਨਹੀਂ। ਮਾਇਆ ਦੇ ਪ੍ਰਭਾਵ ਤੋਂ ਨਿਰਲੇਪ, ਵਾਹਿਗੁਰੂ, ਤਾਂ ਹਿਰਦੇ ਵਿਚ ਹੀ ਵੱਸ ਰਿਹਾ ਹੈ, ਪਰ ਉਸ ਦਾ ਭੇਦ (ਮੇਰੇ ਮਨ ਨੇ) ਨਹੀਂ ਜਾਣਿਆ।੨।

(ਇਹ ਖੋਟਾ ਮਨ ਚੰਗੇ ਭਾਗਾਂ ਸਦਕਾ) ਜਦੋਂ ਹੀ ਸਾਧ-ਸਤਿਗੁਰੂ ਦੀ ਸ਼ਰਨੀ ਆ ਪਿਆ ਤਾਂ ਇਸ ਦੀ ਖੋਟੀ ਮਤਿ ਸਾਰੀ ਦੀ ਸਾਰੀ ਨਾਸ ਹੋ ਗਈ। ਤਦ ਹੀ, ਨਾਨਕ! (ਇਸ ਮਨ ਨੇ) ਵਾਹਿਗੁਰੂ, ਜੋ ਸਾਰੀਆਂ ਮਨੋ-ਕਾਮਨਾਂ ਪੂਰੀਆਂ ਕਰਨ ਵਾਲਾ ਹੈ, ਦਾ ਚਿੰਤਨ ਕੀਤਾ, (ਜਿਸ ਦਾ ਸਦਕਾ) ਇਸ ਦੀ ਜਮ ਦੀ ਫਾਹੀ ਕੱਟੀ ਗਈ (ਭਾਵ, ਜਨਮ ਮਰਨ ਦਾ ਗੇੜ ਮੁਕ ਗਿਆ)।੩।੭।

KhalsaSpirit.com

ਸੋਰਠਿ ਮਹਲਾ ੯

ਰੇ ਨਰ ਇਹ ਸਾਚੀ ਜੀਅ ਧਾਰਿ ॥
ਸਗਲ ਜਗਤੁ ਹੈ ਜੈਸੇ ਸੁਪਨਾ
ਬਿਨਸਤ ਲਗਤ ਨ ਬਾਰ ॥੧॥ਰਹਾਉ॥
ਬਾਰੂ ਭੀਤਿ ਬਨਾਈ ਰਚਿ ਪਚਿ
ਰਹਤ ਨਹੀ ਦਿਨ ਚਾਰਿ ॥
ਤੈਸੇ ਹੀ ਏ ਸੁਖ ਮਾਇਆ ਕੇ
ਉਰਝਿਓ ਕਹਾ ਗਵਾਰ ॥੧॥
ਅਜਹੂ ਸਮਝਿ ਕਛੁ ਬਿਗਰਿਓ ਨਾਹਿਨ
ਭਜਿ ਲੇ ਨਾਮੁ ਮੁਰਾਰਿ ॥
ਕਹੁ ਨਾਨਕ ਨਿਜ ਮਤਿ ਸਾਧਨ ਕਉ
ਭਾਖਿਓ ਤੋਹਿ ਪੁਕਾਰਿ ॥੨॥੮॥

ਪਦ ਅਰਥ :

ਸਾਚੀ—ਸੱਚੀ, ਅਟੱਲ ਸਚਾਈ । ਜੀਅ—ਜੀਅ ਵਿਚ, ਹਿਰਦੇ ਵਿਚ । ਧਾਰਿ—ਧਾਰਨ ਕਰ ਲੈ, ਵਸਾ ਲੈ । ਸਗਲ ਜਗਤੁ—ਸਾਰਾ ਸੰਸਾਰ । ਬਿਨਸਤ—ਬਿਨਸਦਿਆਂ, ਨਾਸ ਹੁੰਦਿਆਂ । ਬਾਰ—ਢਿੱਲ, ਦੇਰੀ ।੧। ਰਹਾਉ ।

ਬਾਰੂ ਭੀਤਿ—ਰੇਤ ਦੀ ਕੰਧ । ਰਚਿ—ਰਚ ਕੇ, ਬਣਾ ਕੇ । ਪਚਿ—ਪੋਚ ਕੇ, ਸੰਵਾਰ ਕੇ । ਉਰਝਿਓ—ਫਸਿਆ ਹੋਇਆ, ਖੱਚਤ ਹੋਇਆ । ਕਹਾ—('ਹਾ' ਉਚਾਰਣ ਨਾਸਕੀ) ਕਿਉਂ ? ਗਵਾਰ—ਹੇ ਮੂਰਖ! ।੧।

ਅਜਹੂ—('ਹੂ' ਉਚਾਰਣ ਨਾਸਕੀ) ਅਜੇ ਵੀ । ਕਛੁ ਬਿਗਰਿਓ ਨਾਹਿਨ—ਕੁਝ ਨਹੀਂ ਵਿਗੜਿਆ । ਭਜਿ ਲੇ—ਚੇਤੇ ਕਰ ਲੈ, ਸਿਮਰਨ ਕਰ ਲੈ । ਮੁਰਾਰਿ—ਮੁਰ ਦੈਂਤ ਦਾ ਵੈਰੀ, ਵਾਹਿਗੁਰੂ । ਨਿਜ ਮਤਿ—ਆਪਣੀ ਬੁੱਧੀ । ਸਾਧਨ ਕਉ—ਸੋਧਣ ਪਰਬੋਧਣ ਲਈ । ਭਾਖਿਓ ਤੋਹਿ—ਤੈਨੂੰ ਕਿਹਾ ਹੈ । ਪੁਕਾਰਿ—ਪੁਕਾਰ ਕੇ, ਕੂਕ ਕੂਕ ਕੇ ।੨।

ਅਰਥ :

ਹੇ ਪ੍ਰਾਣੀ! ਇਹ ਅਟੱਲ ਸੱਚਾਈ ਆਪਣੇ ਮਨ ਵਿਚ ਪੱਕੀ ਤਰ੍ਹਾਂ ਵਸਾ ਲੈ ਕਿ ਸਾਰਾ ਸੰਸਾਰ ਸੁਪਨੇ ਵਾਂਗ ਹੈ ਅਤੇ ਇਸ ਦੇ ਨਾਸ ਹੁੰਦਿਆਂ ਢਿੱਲ ਨਹੀਂ ਲਗਦੀ ।੧। ਰਹਾਉ ।

ਜਿਵੇਂ ਬਣਾ ਸੰਵਾਰ ਕੇ ਤਿਆਰ ਕੀਤੀ ਹੋਈ ਰੇਤ ਦੀ ਕੰਧ ਚਾਰ ਦਿਨ ਵੀ ਨਹੀਂ ਟਿਕ ਸਕਦੀ, ਤਿਵੇਂ ਹੀ (ਰੇਤ ਦੀ ਕੰਧ ਵਾਂਗ) ਇਹ ਮਾਇਆ ਦੇ ਸੁਖ (ਛਿਨ-ਭੰਗਰ) ਹਨ; (ਤਾਂ ਤੇ) ਹੇ ਮੂਰਖ (ਪ੍ਰਾਣੀ), ਤੂੰ ਇਨ੍ਹਾਂ (ਛਿਨ-ਭੰਗਰ ਸੁਖਾਂ ਵਿਚ) ਕਿਉਂ ਖੱਚਤ ਹੋਇਆ ਪਿਆ ਹੈਂ ? ।੧।

(ਹੇ ਪ੍ਰਾਣੀ!) ਹੁਣ ਭੀ ਸਮਝ ਜਾ, ਅਜੇ ਕੁਝ ਨਹੀਂ ਵਿਗੜਿਆ, ਤੂੰ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰ ਲੈ । ਨਾਨਕ ਦਾ ਇਹ ਕਥਨ ਹੈ, (ਹੇ ਮਨੁੱਖ!) ਤੇਰੀ ਨਿੱਜੀ ਮਤਿ ਸੋਧਣ ਪਰਬੋਧਣ ਲਈ ਹੀ ਤੈਨੂੰ (ਇਹ ਅਟੱਲ ਸੱਚਾਈ) ਪੁਕਾਰ ਪੁਕਾਰ ਕੇ ਆਖੀ ਹੈ ।੨।੮।

ਸੋਰਠਿ ਮਹਲਾ ੯

ਇਹ ਜਗਿ ਮੀਤੁ ਨ ਦੇਖਿਓ ਕੋਈ ॥
ਸਗਲ ਜਗਤੁ ਅਪਨੈ ਸੁਖਿ ਲਾਗਿਓ
ਦੁਖ ਮਹਿ ਸੰਗਿ ਨ ਹੋਈ ॥੧॥ਰਹਾਉ॥
ਦਾਰਾ ਮੀਤ ਪੂਤ ਸਨਬੰਧੀ
ਸਗਰੇ ਧਨ ਸਿਉ ਲਾਗੇ ॥
ਜਬ ਹੀ ਨਿਰਧਨੁ ਦੇਖਿਓ ਨਰ ਕਉ
ਸੰਗੁ ਛਾਡਿ ਸਭਿ ਭਾਗੇ ॥੧॥
ਕਹਉ ਕਹਾ ਯਿਆ ਮਨ ਬਉਰੇ ਕਉ
ਇਨ ਸਿਉ ਨੇਹੁ ਲਗਾਇਓ ॥
ਦੀਨਾ ਨਾਥੁ ਸਕਲ ਭੈ ਭੰਜਨੁ
ਜਸੁ ਤਾ ਕੋ ਬਿਸਰਾਇਓ ॥੨॥
ਸੁਆਨ ਪੂਛ ਜਿਉ ਭਇਓ ਨ ਸੂਧਉ
ਬਹੁਤੁ ਜਤਨੁ ਮੈ ਕੀਨਉ ॥
ਨਾਨਕ ਲਾਜ ਬਿਰਦ ਕੀ ਰਾਖਹੁ
ਨਾਮੁ ਤੁਹਾਰਉ ਲੀਨਉ ॥੩॥੯॥

ਪਦ ਅਰਥ :

ਇਹ ਜਗਿ—ਇਸ ਜਗਤ ਵਿਚ । ਸਗਲ ਜਗਤੁ—ਸਾਰਾ ਸੰਸਾਰ । ਅਪਨੈ ਸੁਖਿ ਲਾਗਿਓ—ਆਪਣੇ ਸੁਖ ਨਾਲ ਜੁੜਿਆ ਪਿਆ ਹੈ । ਮਹਿ—ਵਿਚ । ਸੰਗਿ—ਸੰਗੀ, ਸਾਥੀ ।੧। ਰਹਾਉ ।

ਦਾਰਾ—ਇਸਤ੍ਰੀ, ਪਤਨੀ । ਪੂਤ—ਪੁੱਤਰ । ਸਨਬੰਧੀ—ਰਿਸ਼ਤੇਦਾਰ । ਸਗਰੇ—ਸਾਰੇ ਹੀ । ਧਨ ਸਿਉ—ਧਨ ਨਾਲ । ਨਿਰਧਨੁ—ਜਿਸ ਕੋਲ ਧਨ ਨਹੀਂ, ਕੰਗਾਲ । ਨਰ ਕਉ—ਮਨੁੱਖ ਨੂੰ । ਸੰਗੁ—ਸਾਥ । ਛਾਡਿ—ਛਡ ਕੇ । ਸਭਿ ਭਾਗੇ—ਸਾਰੇ ਭੱਜ ਗਏ ।੧।

ਕਹਉ—('ਉ' ਉਚਾਰਣ ਨਾਸਕੀ) ਮੈਂ ਆਖਾਂ। ਕਹਾ—('ਾ' ਉਚਾਰਣ ਨਾਸਕਤਾ ਰਹਿਤ) ਕੀ (ਪ੍ਰਸ਼ਨ-ਵਾਚੀ ਪੜਨਾਉਂ)। ਕਹਉ ਕਹਾ—ਮੈਂ ਕੀ ਆਖਾਂ ? ਯਿਆ ਮਨ ਬਉਰੇ ਕਉ—ਇਸ ਝੱਲੇ ਮਨ ਨੂੰ। ਨੇਹੁ—ਪਿਆਰ। ਦੀਨਾ ਨਾਥੁ—ਗਰੀਬਾਂ ਦਾ ਮਾਲਕ, ਵਾਹਿਗੁਰੂ। ਸਕਲ—ਸਾਰੇ। ਭੈ ਭੰਜਨੁ—ਡਰ ਨਾਸ ਕਰਨ ਵਾਲਾ, ਵਾਹਿਗੁਰੂ। ਜਸੁ ਤਾ ਕੋ—ਉਸ ਦਾ ਜਸ, ਉਸ ਦਾ ਗੁਣਾਨਵਾਦ।੨।

ਸੁਆਨ ਪੂਛ—ਕੁੱਤੇ ਦੀ ਪੂਛਲ। ਜਿਉ—ਜਿਵੇਂ। ਭਯਿਓ ਨ ਸੂਧਉ—ਸਿੱਧੀ ਨਹੀਂ ਹੁੰਦੀ। ਮੈ ਕੀਨਉ—ਮੈਂ ਕੀਤਾ ਹੈ। ਬਿਰਦ—ਰਵਾਇਤ, ਮੁੱਢ-ਕਦੀਮਾਂ ਦਾ ਬਖ਼ਸ਼ਿੰਦ ਸੁਭਾਅ। ਲੀਨਉ—ਮੈਂ ਲਿਆ ਹੈ।੩।੯।

ਅਰਥ :

ਇਸ ਸੰਸਾਰ ਵਿਚ ਕੋਈ (ਸਾਥ ਨਿਭਣ ਵਾਲਾ) ਮਿੱਤਰ ਨਹੀਂ ਵੇਖਿਆ। ਸਾਰਾ ਸੰਸਾਰ ਆਪਣੇ ਹੀ ਸੁਖ ਨਾਲ ਜੁੜਿਆ ਪਿਆ ਹੈ, ਦੁਖ ਵਿਚ (ਕੋਈ ਕਿਸੇ ਦਾ) ਸੰਗੀ ਨਹੀਂ ਬਣਦਾ।੧।ਰਹਾਉ।

ਘਰ ਵਾਲੀ ਪਤਨੀ, ਮਿੱਤਰ, ਪੁੱਤਰ ਅਤੇ ਰਿਸ਼ਤੇਦਾਰ, ਇਹ ਸਾਰੇ (ਵਾਸਤਵ ਵਿਚ) ਧਨ ਨਾਲ ਹੀ ਲੱਗੇ ਹੋਏ ਹਨ (ਭਾਵ, ਧਨ ਨਾਲ ਪਿਆਰ ਕਰਦੇ ਹਨ), ਜਦੋਂ ਹੀ ਪ੍ਰਾਣੀ ਨੂੰ (ਇਹ ਸਾਕ ਸਨਬੰਧੀ) ਧਨ-ਵਿਹੂਣ ਵੇਖਦੇ ਹਨ ਤਾਂ ਸਾਰੇ ਹੀ ਸਾਥ ਛਡ ਕੇ ਭੱਜ ਜਾਂਦੇ ਹਨ।੧।

(ਸੰਸਾਰ ਦੀ ਇਹ ਸੁਆਰਥੀ ਦਸ਼ਾ ਦੇਖ ਕੇ) ਮੈਂ ਇਸ ਪਾਗ਼ਲ ਮਨ ਨੂੰ ਕੀ ਆਖਾਂ ? (ਜਿਹੜਾ ਕਿ) ਇਨ੍ਹਾਂ (ਸੁਆਰਥੀਆਂ) ਨਾਲ ਪਿਆਰ ਪਾਈ ਬੈਠਾ ਹੈ ਅਤੇ ਵਾਹਿਗੁਰੂ, ਜੋ ਗ਼ਰੀਬਾਂ ਦਾ ਮਾਲਕ ਹੈ ਅਤੇ ਸਾਰੇ ਡਰ ਦੂਰ ਕਰਨ ਵਾਲਾ ਹੈ, ਉਸ ਦਾ ਜਸ (ਗੁਣਾਨਵਾਦ ਕਰਨਾ ਇਸ ਨੇ) ਭੁਲਾਇਆ ਹੋਇਆ ਹੈ।੨।

ਮੈਂ ਬਹੁਤ ਜਤਨ ਕੀਤਾ ਹੈ ਪਰ (ਇਹ ਖੋਟਾ ਮਨ) ਕੁੱਤੇ ਦੀ ਪੂਛਲ ਵਾਂਗ (ਡਿੰਗਾ ਹੀ ਰਹਿੰਦਾ ਹੈ) ਸਿੱਧਾ ਨਹੀਂ ਹੁੰਦਾ। (ਅੰਤ ਵਿਚ) ਨਾਨਕ (ਮੁਹਰ ਲਾ ਕੇ) (ਗੁਰੂ ਪਾਤਸ਼ਾਹ ਜੀਵਾਂ ਨੂੰ ਅਜਿਹੀ ਤਰਸ-ਯੋਗ ਦਸ਼ਾ ਤੋਂ ਛੁਟਕਾਰਾ ਪਾਉਣ ਲਈ ਪ੍ਰਭੂ ਅੱਗੇ ਅਰਦਾਸ ਕਰਨ ਦਾ ਵਲ ਸਿਖਾਉਂਦੇ ਹਨ) ਹੇ ਵਾਹਿਗੁਰੂ! ਆਪਣੇ ਮੁੱਢ-ਕਦੀਮਾਂ ਦੇ ਕ੍ਰਿਪਾਲੂ ਅਤੇ ਬਖ਼ਸ਼ਿੰਦ ਸੁਭਾਅ ਦੀ ਲਜਿਆ ਪਾਲੋ, ਮੈਂ ਆਪ ਜੀ ਦਾ ਨਾਮ ਹੀ (ਆਸਰਾ ਬਣਾ) ਲਿਆ ਹੈ।੩।੯।

ਸੋਰਠਿ ਮਹਲਾ ੯

ਮਨ ਰੇ ਗਹਿਓ ਨ ਗੁਰ ਉਪਦੇਸੁ ॥
ਕਹਾ ਭਇਓ ਜਉ ਮੂੰਡੁ ਮੁੰਡਾਇਓ
ਭਗਵਉ ਕੀਨੋ ਭੇਸੁ ॥੧॥ਰਹਾਉ॥
ਸਾਚੁ ਛਾਡਿ ਕੈ ਝੂਠਹਿ ਲਾਗਿਓ
ਜਨਮੁ ਅਕਾਰਥੁ ਖੋਇਓ ॥
ਕਰਿ ਪਰਪੰਚ ਉਦਰੁ ਨਿਜ ਪੋਖਿਓ
ਪਸੁ ਕੀ ਨਿਆਈ ਸੋਇਓ ॥੧॥
ਰਾਮ ਭਜਨ ਕੀ ਗਤਿ ਨਹੀ ਜਾਨੀ
ਮਾਇਆ ਹਾਥਿ ਬਿਕਾਨਾ ॥
ਉਰਝਿ ਰਹਿਓ ਬਿਖਿਅਨ ਸੰਗਿ ਬਉਰਾ
ਨਾਮੁ ਰਤਨੁ ਬਿਸਰਾਨਾ ॥੨॥
ਰਹਿਓ ਅਚੇਤੁ ਨ ਚੇਤਿਓ ਗੋਬਿੰਦੁ
ਬਿਰਥਾ ਅਉਧ ਸਿਰਾਨੀ ॥
ਕਹੁ ਨਾਨਕ ਹਰਿ ਬਿਰਦੁ ਪਛਾਨਉ
ਭੂਲੇ ਸਦਾ ਪਰਾਨੀ ॥੩॥੧੦॥

ਪਦ ਅਰਥ :

ਗਹਿਓ—ਪਕੜਿਆ, ਗ੍ਰਹਿਣ ਕੀਤਾ। ਕਹਾ ਭਇਓ— ('ਕਹਾ' ਉਚਾਰਣ ਨਾਸਿਕਤਾ ਰਹਿਤ) ਕੀ ਹੋਇਆ, ਕੀ ਸਵਰਿਆ ? ਮੂੰਡੁ ਮੁੰਡਾਇਓ—ਸਿਰ ਮੁਨਾ ਲਿਆ। ਭੇਸੁ—ਲਿਬਾਸ, ਪਹਿਰਾਵਾ।੧।ਰਹਾਉ।

ਸਾਚੁ—ਵਾਹਿਗੁਰੂ ਦਾ ਸੱਚਾ ਨਾਮ। ਝੂਠਹਿ—ਝੂਠ ਵਿਚ। ਅਕਾਰਥੁ—ਅਜਾਈਂ। ਪਰਪੰਚ—ਧੋਖਾ, ਪਖੰਡ। ਉਦਰੁ ਨਿਜ—ਆਪਣਾ ਪੇਟ। ਪੋਖਿਓ—ਪਾਲਿਆ। ਪਸੁ ਕੀ ਨਿਆਈ—ਪਸ਼ੂ ਵਾਂਗ (ਨਿਆਈ—'ਈ' ਉਚਾਰਣ ਨਾਸਕੀ)।੧।

ਗਤਿ—ਗਤੀ, ਸਾਰ। ਮਾਇਆ ਹਾਥਿ—ਮਾਇਆ ਦੇ ਹੱਥ ਵਿਚ। ਉਰਝਿ ਰਹਿਓ—ਫਸਿਆ ਰਿਹਾ। ਬਿਖਿਅਨ ਸੰਗਿ—ਵਿਸ਼ਿਆਂ ਨਾਲ।੨।

ਰਹਿਓ—ਤੂੰ ਰਿਹਾ । ਅਚੇਤੁ—ਗ਼ਾਫ਼ਲ । ਅਉਧ—ਉਮਰ । ਸਿਰਾਨੀ—ਬੀਤ ਗਈ । ਹਰਿ—ਹੇ ਹਰੀ ! ਬਿਰਦੁ—ਰਵਾਇਤ, ਆਦਿ ਕਾਲ ਤੋਂ ਕਿਰਪਾਲੂ ਤੇ ਬਖ਼ਸ਼ਿੰਦ ਸੁਭਾਅ ।੩।

ਅਰਥ :

ਹੇ ਮਨ ! ਤੂੰ ਗੁਰੂ ਦਾ ਉਪਦੇਸ਼ ਗ੍ਰਹਿਣ ਨਹੀਂ ਕੀਤਾ । (ਹੇ ਮਨ!ਸਤਿਗੁਰੂ ਦਾ ਉਪਦੇਸ਼ ਗ੍ਰਹਿਣ ਕੀਤੇ ਬਿਨਾਂ) ਜੇ ਸਿਰ ਮੂੰਹ ਮੁਨਾ ਲਿਆ ਅਤੇ ਭਗਵਾ ਭੇਸ, ਪਹਿਰਾਵਾ ਕਰ ਲਿਆ ਤਾਂ ਵੀ ਕੀ ਸਵਰਿਆ ? ।੧। ਰਹਾਉ ।

[ਨੋਟ—ਗੁਰਬਾਣੀ ਵਿਚ ਮਨੁੱਖੀ ਕਮਜ਼ੋਰੀਆਂ ਅਤੇ ਕੁਰੀਤੀਆਂ ਦਾ ਵਿਸ਼ੇਸ਼ ਵਰਨਣ ਕਰ ਕੇ ਨਿਰਮਲ ਜੀਵਨ ਜੀਉਣ ਦੀ ਪ੍ਰੇਰਨਾ ਕਰਨ ਦਾ ਇਕ ਆਦਰਸ਼ਕ ਢੰਗ ਅਪਨਾਇਆ ਮਿਲਦਾ ਹੈ । ਗੁਰੂ ਪਾਤਸ਼ਾਹ ਨੇ ਆਮ ਮਨੁੱਖੀ ਮਨ ਦੀ ਨਿਘਰਦੀ ਦਸ਼ਾ ਦਾ ਅਨੁਭਵ ਕਰ ਕੇ, ਉਹਨਾਂ ਦੇ ਅੰਦਰ ਬੈਠ ਕੇ ਉਤਮ-ਪੁਰਖ ਵਿਚ ਉਹਨਾਂ ਕਮਜ਼ੋਰੀਆਂ/ਕੁਰੀਤੀਆਂ ਦਾ ਨਕਸ਼ਾ ਖਿਚਿਆ ਹੈ ਤੇ ਫਿਰ ਇਸ ਤੋਂ ਉਬਰਨ ਲਈ ਅਰਦਾਸ ਕਰਨ ਦਾ ਪੂਰਨਾ ਪਾ ਕੇ ਭੁੱਲਣਹਾਰ ਜੀਵਾਂ ਨੂੰ ਇਹ ਸੱਚਾ ਸੁੱਚਾ ਵੱਲ ਸਿਖਾਇਆ ਹੈ । ਗੁਰਬਾਣੀ ਵਿਚ 'ਨਾਨਕੁ ਨੀਚੁ ਕਹੈ ਵੀਚਾਰੁ', 'ਕਹੁ ਨਾਨਕ ਹਮ ਨੀਚ ਕਰੰਮਾ' ਤੇ ਹੋਰ ਅਜਿਹੀਆਂ ਪੰਗਤੀਆਂ ਵਿਚ ਵੀ ਆਮ ਮਨੁੱਖੀ ਕਮਜ਼ੋਰੀਆਂ ਦਾ ਹੀ ਵਰਨਣ ਹੈ; ਪਰ ਉਤਮ ਪੁਰਖ ਵਿਚ ਨਿਰੂਪਨ ਕਰ ਕੇ ਗੁਰੂ ਪਾਤਸ਼ਾਹਾਂ ਨੇ ਪਰਉਪਕਾਰ ਹਿਤ ਸਾਨੂੰ ਹਉਮੈ ਗ੍ਰਸੇ ਜੀਵਾਂ ਨੂੰ ਨਿਮਰਤਾ ਤੇ ਨਿਰਹੰਗਤਾ ਅਪਣਾਉਣ ਦਾ ਉਤਮ ਸਬਕ ਸਿਖਾਇਆ ਹੈ । ਸੋ ਇਸ ਸ਼ਬਦ ਵਿਚ 'ਮੂੰਡੁ ਮੁੰਡਾਇਓ' ਅਤੇ 'ਭਗਵਉ ਕੀਨੋ ਭੇਸੁ' ਦਾ ਵਰਨਣ ਵੀ ਮਨੁੱਖੀ ਮਨ ਦੀ ਭਰਮ-ਦਸ਼ਾ ਦਾ ਹੀ ਸੰਕੇਤ ਹੈ ।]

(ਧਾਰਮਿਕ ਭੇਖ ਧਾਰਨ ਕਰਨ ਦੇ ਬਾਵਜੂਦ) ਸੱਚ (ਸਰੂਪ ਵਾਹਿਗੁਰੂ) ਨੂੰ ਛਡ ਕੇ ਝੂਠ (ਨਾਸਵੰਤ ਸੰਸਾਰ ਦੇ ਮੋਹ) ਵਿਚ ਹੀ ਲੱਗਾ ਰਿਹਾ, ਛਲ ਫ਼ਰੇਬ ਕਰ ਕੇ ਆਪਣਾ ਪੇਟ ਭਰਦਾ ਰਿਹਾ ਤੇ (ਖਾ ਪੀ ਕੇ) ਪਸ਼ੂ ਵਾਂਗ ਸੁੱਤਾ ਰਿਹਾ, (ਇਸ ਤਰ੍ਹਾਂ ਕਰਦਿਆਂ ਇਹ ਅਮੋਲਕ ਮਨੁੱਖਾ) ਜਨਮ ਵਿਅਰਥ ਹੀ ਗੁਆ ਲਿਆ ।੧।

ਹੇ ਕਮਲੇ (ਮਨ) ! ਤੂੰ ਵਾਹਿਗੁਰੂ ਦੇ ਭਜਨ ਦੀ ਸਾਰ ਨਹੀਂ ਜਾਣੀ ਅਤੇ ਮਾਇਆ ਦੇ ਹੱਥ ਵਿਚ ਹੀ ਵਿਕਿਆ ਰਿਹਾ । ਤੂੰ(ਦਿਨ ਰਾਤ)ਵਿਸ਼ੇ ਵਿਕਾਰਾਂ ਵਿਚ ਹੀ ਲੰਪਟ ਰਿਹਾ ਤੇ ਵਾਹਿਗੁਰੂ ਦੇ ਰਤਨ-ਨਾਮ ਨੂੰ ਭੁਲਾਈ ਰੱਖਿਆ ।੨।

(ਹੇ ਮਨ !) ਤੂੰ ਸਦਾ ਗ਼ਾਫ਼ਲ ਹੀ ਰਿਹਾ, ਵਾਹਿਗੁਰੂ ਦਾ ਸਿਮਰਨ ਨਾ ਕੀਤਾ, ਸਾਰੀ ਉਮਰ ਅਜਾਈਂ ਹੀ ਬੀਤ ਗਈ । ਨਾਨਕ ਦੀ ਬੇਨਤੀ ਹੈ, ਹੇ ਵਾਹਿਗੁਰੂ ਜੀ! ਤੁਸੀਂ ਆਪਣੇ ਆਦਿ ਕਾਲ ਦੇ ਕਿਰਪਾਲੂ ਅਤੇ ਬਖ਼ਸ਼ਿੰਦ ਸੁਭਾਅ ਦੀ ਲਜਿਆ ਰੱਖੋ (ਅਤੇ ਸਾਨੂੰ ਬਖ਼ਸ਼ੋ), ਅਸੀਂ ਜੀਵ ਸਦਾ ਭੁਲਣਹਾਰ ਹਾਂ ।੩।੧੦।

KhalsaSpirit.com

ਸੋਰਠਿ ਮਹਲਾ ੯

ਜੋ ਨਰੁ ਦੁਖ ਮਹਿ ਦੁਖੁ ਨਹੀ ਮਾਨੈ ।।
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ
ਕੰਚਨ ਮਾਟੀ ਮਾਨੈ ।।੧।।ਰਹਾਉ।।
ਨਹ ਨਿੰਦਿਆ ਨਹ ਉਸਤਤਿ ਜਾ ਕੈ
ਲੋਭੁ ਮੋਹੁ ਅਭਿਮਾਨਾ ।।
ਹਰਖ ਸੋਗ ਤੇ ਰਹੈ ਨਿਆਰਉ
ਨਾਹਿ ਮਾਨੁ ਅਪਮਾਨਾ ।।੧।।
ਆਸਾ ਮਨਸਾ ਸਗਲ ਤਿਆਗੈ
ਜਗ ਤੇ ਰਹੈ ਨਿਰਾਸਾ ।।
ਕਾਮੁ ਕ੍ਰੋਧੁ ਜਿਹ ਪਰਸੈ ਨਾਹਿਨ
ਤਿਹ ਘਟਿ ਬ੍ਰਹਮ ਨਿਵਾਸਾ ।।੨।।
ਗੁਰਿ ਕਿਰਪਾ ਜਿਹ ਨਰ ਕਉ ਕੀਨੀ
ਤਿਹ ਇਹ ਜੁਗਤਿ ਪਛਾਨੀ ।।
ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ ।।੩।।੧੧।।

ਪਦ ਅਰਥ :

ਦੁਖ ਮਹਿ—ਦੁਖ ਵਿਚ । ਨਹੀ ਮਾਨੈ—ਨਹੀਂ ਮੰਨਦਾ । ਸੁਖ ਸਨੇਹੁ—ਸੁਖ ਦਾ ਸਨੇਹ, ਮੋਹ । ਭੈ ਨਹੀ ਜਾ ਕੈ—ਜਿਸ ਦੇ ਅੰਦਰ ਡਰ ਨਹੀਂ ਹਨ (ਭੈ—ਭਉ ਦਾ ਬਹੁ-ਵਚਨ) । ਕੰਚਨ—ਸੋਨਾ । ਮਾਨੈ—ਮੰਨਦਾ ਹੈ ।੧। ਰਹਾਉ।

ਨਿੰਦਿਆ—ਬਦ-ਖ਼ੋਈ, ਬੁਰਿਆਈ । ਉਸਤਤਿ—ਖ਼ੁਸ਼ਾਮਦ । ਹਰਖ ਸੋਗ—ਖ਼ੁਸ਼ੀ ਗ਼ਮੀ । ਰਹੈ ਨਿਆਰਉ—ਨਿਆਰਾ, ਵੱਖ, ਨਿਰਲੇਪ ਰਹਿੰਦਾ ਹੈ । ਮਾਨੁ ਅਪਮਾਨਾ—ਆਦਰ ਨਿਰਾਦਰੀ ।੧।

ਆਸਾ—ਕਿਸੇ ਪ੍ਰਾਪਤੀ ਦੀ ਉਮੀਦ, ਲਾਲਸਾ । ਮਨਸਾ—ਮਨ ਦੀ ਖ਼ਾਹਸ਼,

ਤ੍ਰਿਸ਼ਨਾ। ਪਰਸੈ ਨਾਹਿਨ—ਨਹੀਂ ਪਰਸਦਾ, ਨਹੀਂ ਪੋਹਦਾ। ਜਿਹ—ਜਿਸ (ਮਨੁੱਖ) ਦੇ। ਤਿਹ—ਤਿਸ (ਮਨੁੱਖ) ਦੇ। ਘਟਿ—ਹਿਰਦੇ ਵਿਚ। ਬ੍ਰਹਮ—ਵਾਹਿਗੁਰੂ ਦਾ।੨।

ਗੁਰਿ—ਗੁਰੂ ਨੇ। ਜੁਗਤਿ—ਜੀਵਨ-ਜਾਚ। ਲੀਨ ਭਇਓ—ਇਕ-ਮਿਕ ਹੋਇਆ ਰਹਿੰਦਾ ਹੈ। ਸਿਉ—ਨਾਲ, ਵਿਚ। ਸੰਗਿ—ਨਾਲ। ਜਿਉ—ਜਿਵੇਂ।੩।

ਅਰਥ :

ਜਿਹੜਾ ਮਨੁੱਖ ਦੁਖ ਵਿਚ ਵੀ ਦੁਖ ਨਹੀਂ ਮੰਨਦਾ (ਭਾਵ, ਦੁਖ ਦੀ ਪਰਵਾਹ ਨਹੀਂ ਕਰਦਾ); ਜਿਸ ਦੇ ਅੰਦਰ ਸੁਖ ਦਾ ਮੋਹ ਨਹੀਂ ਅਤੇ (ਕਈ ਤਰ੍ਹਾਂ ਦੇ ਦੁਨਿਆਵੀ) ਡਰ ਨਹੀਂ ਹਨ, ਜਿਹੜਾ ਸੋਨੇ ਨੂੰ ਮਿੱਟੀ ਵਾਂਗ (ਤੁਛ) ਜਾਣਦਾ ਹੈ (ਉਸ ਦੇ ਹਿਰਦੇ ਵਿਚ, ਸਮਝੋ, ਵਾਹਿਗੁਰੂ ਦਾ ਵਾਸ ਹੈ)।੧।ਰਹਾਉ।

ਜਿਸ ਜੀਵ ਦੇ ਅੰਦਰ ਨਾ ਹੀ ਕਿਸੇ ਦੀ ਬਦ-ਖ਼ੋਈ ਅਤੇ ਨਾ ਹੀ ਕਿਸੇ ਦੀ ਖ਼ੁਸ਼ਾਮਦ (ਕਰਨ ਜਾਂ ਕਰਾਉਣ ਦੀ ਵਾਦੀ)ਹੈ ਅਤੇ ਜਿਸ ਦੇ ਅੰਦਰ ਨਾ ਲੋਭ ਹੈ ਨਾ ਮੋਹ, ਅਤੇ ਨਾ ਹੀ ਹੰਕਾਰ; ਜਿਹੜਾ ਜੀਵ ਖ਼ੁਸ਼ੀ ਤੇ ਗ਼ਮੀ ਤੋਂ ਨਿਆਰਾ ਰਹਿੰਦਾ ਹੈ, ਜਿਸ ਨੂੰ ਨਾ ਆਦਰ (ਦੀ ਭੁਖ) ਹੈ ਤੇ ਨਾ ਹੀ ਨਿਰਾਦਰ (ਦੀ ਪਰਵਾਹ), (ਉਸ ਦੇ ਹਿਰਦੇ ਵਿਚ ਜਾਣੋ ਵਾਹਿਗੁਰੂ ਵੱਸਦਾ ਹੈ)।੧।

ਜਿਹੜਾ ਪ੍ਰਾਣੀ ਸਾਰੀ ਆਸਾ ਤੇ ਤ੍ਰਿਸ਼ਨਾ ਤਿਆਗ ਦਿੰਦਾ ਹੈ ਤੇ ਜਗਤ ਵਿਚ ਲਾਲਸਾ-ਰਹਿਤ ਰਹਿੰਦਾ ਹੈ, ਜਿਸ ਪ੍ਰਾਣੀ ਨੂੰ ਨਾ ਕਾਮ ਪੋਹ ਸਕਦਾ ਹੈ ਤੇ ਨਾ ਕ੍ਰੋਧ; ਉਸ (ਮਨੁੱਖ) ਦੇ ਹਿਰਦੇ ਵਿਚ (ਸਮਝੋ) ਵਾਹਿਗੁਰੂ ਦਾ ਵਾਸਾ ਹੈ।੨।

ਜਿਸ ਪ੍ਰਾਣੀ ਤੇ ਸਤਿਗੁਰੂ ਨੇ ਕਿਰਪਾ ਕੀਤੀ ਹੈ ਉਸ ਨੇ ਹੀ ਇਹ (ਜੀਵਨ ਦੀ) ਸਹੀ ਜਾਚ ਸਮਝੀ (ਅਤੇ ਅਪਣਾਈ) ਹੈ। ਨਾਨਕ! (ਉਹ ਜੀਵਨ ਦੀ ਸਹੀ ਜੁਗਤਿ ਪਛਾਣਨ ਵਾਲਾ ਪ੍ਰਾਣੀ) ਵਾਹਿਗੁਰੂ ਨਾਲ ਇਉਂ ਇਕ-ਮਿਕ ਹੋਇਆ ਰਹਿੰਦਾ ਹੈ, ਜਿਵੇਂ ਪਾਣੀ ਨਾਲ ਪਾਣੀ (ਅਭੇਦ ਹੋ ਜਾਂਦਾ ਹੈ)।੩।੧੧।

ਸੋਰਠਿ ਮਹਲਾ ੯

ਪ੍ਰੀਤਮ ਜਾਨਿ ਲੇਹੁ ਮਨ ਮਾਹੀ ॥
ਅਪੁਨੇ ਸੁਖ ਸਿਉ ਹੀ ਜਗੁ ਫਾਂਧਿਓ
ਕੋ ਕਾਹੂ ਕੋ ਨਾਹੀ ॥੧॥ਰਹਾਉ॥
ਸੁਖ ਮਹਿ ਆਨਿ ਬਹੁਤੁ ਮਿਲਿ ਬੈਠਤ
ਰਹਤ ਚਹੂ ਦਿਸ ਘੇਰੈ ॥
ਬਿਪਤਿ ਪਰੀ ਸਭ ਹੀ ਸੰਗੁ ਛਾਡਤ
ਕੋਊ ਨ ਆਵਤ ਨੇਰੈ ॥੧॥
ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ
ਸਦਾ ਰਹਤ ਸੰਗਿ ਲਾਗੀ ॥
ਜਬ ਹੀ ਹੰਸਿ ਤਜੀ ਇਹ ਕਾਂਇਆ
ਪ੍ਰੇਤ ਪ੍ਰੇਤ ਕਰਿ ਭਾਗੀ ॥੨॥
ਇਹ ਬਿਧਿ ਕੋ ਬਿਉਹਾਰੁ ਬਨਿਓ ਹੈ
ਜਾ ਸਿਉ ਨੇਹੁ ਲਗਾਇਓ ॥
ਅੰਤ ਬਾਰ ਨਾਨਕ ਬਿਨੁ ਹਰਿ ਜੀ
ਕੋਊ ਕਾਮਿ ਨ ਆਇਓ ॥੩॥੧੨॥੧੩੯॥

ਪਦ ਅਰਥ :

ਪ੍ਰੀਤਮ—ਹੇ ਪਿਆਰੇ! ਜਾਨਿ ਲੇਹੁ—ਜਾਣ ਲੈ। ਮਾਹੀ— ['ਹੀ' ਉਚਾਰਣ ਨਾਸਕੀ] ਵਿਚ। ਸਿਉ—ਨਾਲ। ਫਾਂਧਿਓ—ਫਸਿਆ ਹੋਇਆ, ਫੰਧੇ ਵਿਚ ਪਿਆ ਹੈ। ਕੋ—ਕੋਈ ਮਨੁੱਖ। ਕਾਹੂ ਕੋ—ਕਿਸੇ ਦਾ [ਕਾਹੂ—'ਹੂ' ਉਚਾਰਣ ਨਾਸਕੀ]।੧। ਰਹਾਉ।

ਆਨਿ—ਆ ਕੇ। ਮਿਲਿ ਬੈਠਤ—ਮਿਲ ਬੈਠਦੇ ਹਨ। ਚਹੂ ਦਿਸ—ਚਾਰੇ ਪਾਸਿਆਂ ਤੋਂ [ਚਹੂ—'ਹੂ' ਉਚਾਰਣ ਨਾਸਕੀ]। ਰਹਤ ਘੇਰੈ—ਘੇਰੇ ਵਿਚ, ਭਾਵ ਘਿਰਿਆ ਰਹਿੰਦਾ ਹੈ। ਸਭ ਹੀ—ਸਾਰੇ ਹੀ। ਸੰਗੁ—ਸਾਥ।੧।

ਨਾਰਿ—ਇਸਤ੍ਰੀ, ਪਤਨੀ। ਹਿਤੁ—ਪਿਆਰ। ਸੰਗਿ—ਨਾਲ। [ਸੰਗੁ—

ਸਾਥ (ਨਾਂਵ), ਸੰਗਿ—ਸੰਗ ਵਿਚ (ਕਿਰਿਆ ਵਿਸ਼ੇਸ਼ਣ)] । ਹੰਸਿ—ਜੀਵਾਤਮਾ ਵਲੋਂ । ਕਾਂਇਆ—['ਆ' ਉਚਾਰਣ ਨਾਸਕੀ] ਦੇਹੀ । ਪ੍ਰੇਤ—ਭੂਤ, ਸੰ: ਗਿਆ ਹੋਇਆ, ਮੋਇਆ ਹੋਇਆ, ਮੁਰਦਾ ।੨।

ਬਿਉਹਾਰੁ—ਵਿਵਹਾਰ, ਵਰਤਾਰਾ । ਨੇਹੁ ਲਗਾਇਓ—ਪਿਆਰ ਲਾਇਆ ਹੋਇਆ ਹੈ । ਅੰਤ ਬਾਰ—ਅੰਤ ਵੇਲੇ । ਕਾਮਿ—ਕੰਮ ਵਿਚ ।੩।

ਅਰਥ :

ਹੇ ਪਿਆਰੇ ! ਆਪਣੇ ਮਨ ਵਿਚ ਇਹ ਗੱਲ(ਦ੍ਰਿੜ੍ਹ ਕਰ ਕੇ)ਸਮਝ ਲੈ ਕਿ ਸਾਰਾ ਜਗਤ ਆਪਣੇ ਸੁਖ (ਪ੍ਰਾਪਤੀ ਦੀ ਖ਼ੁਦਗਰਜ਼ੀ) ਵਿਚ ਹੀ ਗ੍ਰਸਿਆ ਪਿਆ ਹੈ, (ਵਾਸਤਵ ਵਿਚ) ਕੋਈ ਵੀ ਕਿਸੇ ਦਾ (ਤੋੜ ਨਿਭਣ ਵਾਲਾ ਸਾਥੀ) ਨਹੀਂ ਹੈ ।੧।ਰਹਾਉ।

ਸੁਖ ਵਿਚ (ਮਨੁੱਖ ਪਾਸ) ਬਹੁਤੇ (ਸੱਜਣ-ਸੈਣ) ਆ ਕੇ ਮਿਲ ਬਹਿੰਦੇ ਹਨ, ਤੇ ਚੌਹੀਂ ਪਾਸੀਂ (ਮਨੁੱਖ ਸੰਗੀ ਸਾਥੀਆਂ ਵਿਚ) ਘਿਰਿਆ ਰਹਿੰਦਾ ਹੈ । (ਪਰ ਜਦ ਮਨੁੱਖ ਨੂੰ) ਬਿਪਤਾ ਆ ਬਣਦੀ ਹੈ ਤਾਂ ਸਾਰੇ ਹੀ ਸਾਥ ਛਡ ਜਾਂਦੇ ਹਨ ਅਤੇ (ਉਸ ਜੀਵ ਦੇ) ਕੋਈ ਵੀ ਨੇੜੇ ਨਹੀਂ ਢੁਕਦਾ ।੧।

ਘਰ ਦੀ ਪਤਨੀ, ਜਿਸ ਨਾਲ (ਮਨੁੱਖ ਦਾ) ਬਹੁਤ ਪਿਆਰ ਹੁੰਦਾ ਹੈ ਅਤੇ ਸਦਾ ਨੇੜੇ ਰਹਿੰਦੀ ਹੈ, (ਅਸਚਰਜ ਦੀ ਗੱਲ ਇਹ ਹੈ ਕਿ) ਜਦੋਂ ਹੀ ਜੀਵ-ਆਤਮਾ ਵਲੋਂ ਇਹ ਦੇਹੀ ਤਿਆਗੀ ਜਾਂਦੀ ਹੈ (ਉਹ ਨਾਲ ਰਹਿਣ ਵਾਲੀ ਪਤਨੀ ਵੀ) 'ਗੁਜ਼ਰ ਗਿਆ, ਗੁਜ਼ਰ ਗਿਆ' ਆਖ ਕੇ ਭੱਜ ਜਾਂਦੀ ਹੈ (ਭਾਵ, ਸਾਥ ਛਡ ਜਾਂਦੀ ਹੈ) ।੨।

(ਸੰਸਾਰ ਵਿਚ) ਇਸ ਤਰ੍ਹਾਂ (ਦੀ ਪੋਪ-ਲੀਲ੍ਹਾ) ਦਾ ਵਿਵਹਾਰ ਬਣਿਆ ਹੋਇਆ ਹੈ, ਜਿਸ ਨਾਲ (ਮਨੁੱਖ ਨੇ) ਪਿਆਰ ਪਾਇਆ ਹੋਇਆ ਹੈ । 'ਨਾਨਕ !' ਅੰਤ ਸਮੇਂ ਵਾਹਿਗੁਰੂ ਤੋਂ ਬਿਨਾਂ ਕੋਈ ਵੀ (ਉਸ ਦੇ) ਕੰਮ ਨਹੀਂ ਆਉਂਦਾ ।੩।੧੨।੧੩੯।

ੴ ਸਤਿਗੁਰਪ੍ਰਸਾਦਿ ॥

ਧਨਾਸਰੀ ਮਹਲਾ ੯

ਕਾਹੇ ਰੇ ਬਨਿ ਖੋਜਨਿ ਜਾਈ ॥
ਸਰਬ ਨਿਵਾਸੀ ਸਦਾ ਅਲੇਪਾ
ਤੋਹੀ ਸੰਗਿ ਸਮਾਈ ॥੧॥ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ
ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ ਹਰਿ ਬਸੇ ਨਿਰੰਤਰਿ
ਘਟ ਹੀ ਖੋਜਹੁ ਭਾਈ ॥੧॥
ਬਾਹਰਿ ਭੀਤਰਿ ਏਕੋ ਜਾਨਹੁ
ਇਹੁ ਗੁਰੁ ਗਿਆਨੁ ਬਤਾਈ ॥
ਜਨ ਨਾਨਕ ਬਿਨੁ ਆਪਾ ਚੀਨੈ
ਮਿਟੈ ਨ ਭ੍ਰਮ ਕੀ ਕਾਈ ॥੨॥੧॥

ਪਦ ਅਰਥ :

ਕਾਹੇ—ਕਾਹਦੇ ਲਈ ? ਰੇ—ਹੇ ਭਾਈ ! ਬਨਿ—ਜੰਗਲ ਵਿਚ। ਜਾਈ—ਜਾਂਦਾ ਹੈਂ। ਸਰਬ ਨਿਵਾਸੀ—ਸਾਰਿਆਂ ਵਿਚ ਨਿਵਾਸ ਕਰਨ ਵਾਲਾ । ਅਲੇਪਾ—ਨਿਰਲੇਪ, ਮਾਇਆ ਦੇ ਪ੍ਰਭਾਵ ਤੋਂ ਰਹਿਤ। ਤੋਹੀ ਸੰਗਿ—ਤੇਰੇ ਨਾਲ ਹੀ । ਸਮਾਈ—ਸਮਾਇਆ ਹੋਇਆ ਹੈ, ਵਸ ਰਿਹਾ ਹੈ ।੧। ਰਹਾਉ।

ਪੁਹਪ ਮਧਿ—ਫੁੱਲ ਵਿਚ । ਬਾਸੁ—ਵਾਸ਼ਨਾ, ਸੁਗੰਧੀ । ਮੁਕਰ—ਦਰਪਣ, ਸ਼ੀਸ਼ਾ । ਛਾਈ—ਛਾਇਆ, ਪਰਛਾਵਾਂ । ਨਿਰੰਤਰਿ—ਨਿਰ-ਅੰਤਰ, ਬਿਨਾਂ ਅੰਤਰ ਦੇ, ਇਕ-ਰਸ । ਘਟ ਹੀ—ਹਿਰਦੇ ਵਿਚ ਹੀ । ਭਾਈ—ਹੇ ਭਾਈ ।੧।

ਭੀਤਰਿ—ਅੰਦਰ । ਆਪਾ—ਆਪਣਾ ਅਸਲਾ । ਬਿਨੁ ਚੀਨੈ—ਪਛਾਨਣ ਤੋਂ ਬਿਨਾਂ । ਭ੍ਰਮ—ਭੁਲਾਵਾ (Delusion) । ਕਾਈ—ਹਰੇ ਰੰਗ ਦੀ ਝਿੱਲੀ ਜੋ ਖਲੋਤੇ ਪਾਣੀ ਵਿਚ ਜੰਮ ਜਾਂਦੀ ਹੈ ।੨।੧।

KhalsaSpirit.com

ਅਰਥ :

ਹੇ ਭਾਈ, ਤੂੰ (ਵਾਹਿਗੁਰੂ ਨੂੰ) ਢੂੰਡਣ ਲਈ ਜੰਗਲ ਵਿਚ ਕਾਹਦੇ ਲਈ ਜਾਂਦਾ ਹੈਂ ? (ਨਿਰਗੁਣ ਸਰੂਪ ਹੋਣ ਕਰਕੇ) ਵਾਹਿਗੁਰੂ (ਜਗਤ-ਖੇਡ ਤੋਂ) ਨਿਰਲੇਪ ਹੁੰਦਾ ਹੋਇਆ (ਸਰਗੁਣ ਸਰੂਪ ਹੋਣ ਕਰਕੇ) ਸਾਰੇ (ਜੀਵ-ਜੰਤੂਆਂ) ਵਿਚ ਵਾਸਾ ਰਖਦਾ ਹੈ ਅਤੇ ਉਹ ਤੇਰੇ ਵਿਚ ਵੀ ਸਮਾਇਆ ਹੋਇਆ ਹੈ ।੧। ਰਹਾਉ।

ਜਿਵੇਂ ਫੁੱਲ ਵਿਚ ਸੁਗੰਧੀ ਵਸਦੀ ਹੈ, ਜਿਵੇਂ ਸ਼ੀਸ਼ੇ ਵਿਚ ਪਰਛਾਵਾਂ ਵਸਦਾ ਹੈ, ਤਿਵੇਂ ਹੀ ਵਾਹਿਗੁਰੂ ਸਾਰਿਆਂ ਵਿਚ ਇਕ-ਰਸ ਵਸਦਾ ਹੈ, ਸੋ ਹੇ ਭਾਈ ! (ਬਾਹਰ ਭਾਲ ਕਰਨ ਦੀ ਬਜਾਏ ਉਸ ਦੀ) ਆਪਣੇ ਹਿਰਦੇ ਵਿਚ ਹੀ ਢੂੰਡ-ਭਾਲ ਕਰੋ ।੧।

ਗੁਰੂ ਇਹ ਗਿਆਨ ਦਸਦਾ ਹੈ ਕਿ (ਹੇ ਭਾਈ ! ਆਪਣੇ) ਅੰਦਰ (ਅਤੇ ਆਪਣੇ) ਬਾਹਰ (ਹਰੇਕ ਥਾਵੇਂ) ਇਕ ਵਾਹਿਗੁਰੂ ਨੂੰ ਹੀ ਰਮਿਆ ਜਾਣੋ । ਦਾਸ ਨਾਨਕ ! ਆਪਣਾ ਆਪਾ (ਮੂਲ, ਅਸਲਾ) ਪਛਾਨਣ ਤੋਂ ਬਗ਼ੈਰ ਭੁਲਾਵੇ ਦੀ ਝਿੱਲੀ (ਮਨ ਵਿਚੋਂ) ਮਿਟਦੀ ਨਹੀਂ (ਅਤੇ ਭਰਮ-ਭੁਲੇਖੇ ਦੀ ਝਿੱਲੀ ਦੂਰ ਹੋਏ ਬਗ਼ੈਰ ਵਾਹਿਗੁਰੂ ਦੀ ਸਰਬ-ਵਿਆਪਕਤਾ ਉਤੇ ਅਮੰਨਾ ਨਹੀਂ ਬੱਝਦੀ) ।੨।੧।

ਧਨਾਸਰੀ ਮਹਲਾ ੯

ਸਾਧੋ ਇਹੁ ਜਗੁ ਭਰਮਿ ਭੁਲਾਨਾ ॥
ਰਾਮਨਾਮ ਕਾ ਸਿਮਰਨੁ ਛੋਡਿਆ
ਮਾਇਆ ਹਾਥਿ ਬਿਕਾਨਾ ॥੧॥ਰਹਾਉ॥
ਮਾਤ ਪਿਤਾ ਭਾਈ ਸੁਤ ਬਨਿਤਾ
ਤਾ ਕੈ ਰਸਿ ਲਪਟਾਨਾ ॥
ਜੋਬਨੁ ਧਨੁ ਪ੍ਰਭਤਾ ਕੈ ਮਦ ਮਹਿ
ਅਹਿਨਿਸਿ ਰਹੈ ਦਿਵਾਨਾ ॥੧॥
ਦੀਨ ਦਇਆਲੁ ਸਦਾ ਦੁਖ ਭੰਜਨੁ
ਤਾ ਸਿਉ ਮਨੁ ਨ ਲਗਾਨਾ ॥
ਜਨ ਨਾਨਕ ਕੋਟਨ ਮਹਿ ਕਿਨਹੂ
ਗੁਰਮੁਖਿ ਹੋਇ ਪਛਾਨਾ ॥੨॥੨॥

ਪਦ ਅਰਥ :

ਸਾਧੋ—ਹੇ ਸਾਧਨਾ ਕਰਨ ਵਾਲੇ ਭਲੇ ਪੁਰਸ਼ੋ! ਇਹੁ ਜਗੁ—ਇਹ ਸੰਸਾਰ। ਭਰਮਿ—ਭਰਮ ਵਿਚ। ਭੁਲਾਨਾ—ਭੁਲਿਆ ਹੋਇਆ ਹੈ। ਹਾਥਿ—ਹੱਥ ਵਿਚ। ਬਿਕਾਨਾ—ਵਿਕਿਆ ਹੋਇਆ ਹੈ।੧।ਰਹਾਉ।

ਭਾਈ—ਭਰਾ। ਸੁਤ—ਪੁੱਤਰ। ਬਨਿਤਾ—ਇਸਤ੍ਰੀ, ਪਤਨੀ। ਤਾ ਕੈ ਰਸਿ—ਉਨ੍ਹਾਂ ਦੇ ਮੋਹ ਵਿਚ। ਲਪਟਾਨਾ—ਫਸਿਆ ਪਿਆ ਹੈ। ਜੋਬਨੁ—ਹੁਸਨ, ਜੁਬਾ ਅਵਸਥਾ, ਜੁਆਨੀ। ਪ੍ਰਭਤਾ—ਵਡੱਪਣ, ਸਾਹਿਬੀ। ਮਦ—ਹੰਕਾਰ, ਨਸ਼ਾ। ਅਹਿਨਿਸਿ—ਦਿਨ ਰਾਤ, ਹਰ ਵੇਲੇ। ਦਿਵਾਨਾ—ਕਮਲਾ, ਝੱਲਾ।੧।

ਦੀਨ ਦਇਆਲੁ—ਦੀਨਾਂ ਉਤੇ ਦਇਆ ਕਰਨ ਵਾਲਾ। ਦੁਖ ਭੰਜਨੁ—ਦੁੱਖਾਂ ਨੂੰ ਨਾਸ਼ ਕਰਨ ਵਾਲਾ। ਤਾ ਸਿਉ—ਉਸ (ਵਾਹਿਗੁਰੂ) ਨਾਲ। ਜਨ ਨਾਨਕ—ਦਾਸ ਨਾਨਕ! ਕੋਟਨ ਮਹਿ—ਕਰੋੜਾਂ (ਮਨੁੱਖਾਂ) ਵਿਚੋਂ। ਕਿਨਹੂ—['ਹੂ' ਉਚਾਰਣ ਨਾਸਕੀ] ਕਿਸੇ ਵਿਰਲੇ ਨੇ ਹੀ। ਗੁਰਮੁਖਿ ਹੋਇ—ਗੁਰੂ ਦਾ ਅਨੁਸਾਰੀ ਹੋ ਕੇ। ਪਛਾਨਾ—ਪਛਾਣਿਆ ਹੈ।੨।੨।

ਅਰਥ :

ਹੇ ਸਾਧਨਾ ਕਰਨ ਵਾਲੇ ਭਲੇ ਪੁਰਸ਼ੋ! ਇਹ (ਸਾਰਾ) ਸੰਸਾਰ ਭੁਲੇਖੇ ਵਿਚ ਭੁਲਿਆ ਹੋਇਆ ਹੈ। (ਸੰਸਾਰ ਨੇ) ਰਾਮ ਨਾਮ ਦਾ ਸਿਮਰਨ ਛਡ ਰਖਿਆ ਹੈ ਅਤੇ ਮਾਇਆ ਦੇ ਹੱਥ ਵਿਚ ਵਿਕਿਆ ਹੋਇਆ ਹੈ।੧। ਰਹਾਉ।

(ਪ੍ਰਭੂ ਨੂੰ ਵਿਸਾਰ ਕੇ) ਮਾਂ, ਪਿਉ, ਭਰਾ, ਪੁੱਤਰ, ਇਸਤ੍ਰੀ (ਆਦਿ), ਇਨ੍ਹਾਂ ਦੇ ਮੋਹ ਵਿਚ ਵਸਿਆ ਪਿਆ ਹੈ। (ਇਹ ਸੰਸਾਰ) ਹੁਸਨ, ਧਨ, ਵਡੱਪਣ ਦੇ ਨਸ਼ੇ ਵਿਚ ਦਿਨ ਰਾਤ ਕਮਲਾ ਹੋਇਆ ਫਿਰਦਾ ਹੈ।੧।

ਜਿਹੜਾ ਪ੍ਰਭੂ ਦੀਨਾਂ ਦੁਖੀਆਂ ਉਤੇ ਦਇਆ ਕਰਨ ਵਾਲਾ ਹੈ, ਜੋ (ਜੀਵਾਂ ਦੇ) ਸਾਰੇ ਦੁੱਖਾਂ ਨੂੰ ਦਲਣ ਵਾਲਾ ਹੈ, (ਭਰਮ ਵਿਚ ਭੁੱਲੇ ਸੰਸਾਰ ਨੇ) ਉਸ (ਦੇ ਚਰਨ ਕਮਲਾਂ) ਨਾਲ ਆਪਣਾ ਮਨ ਨਹੀਂ ਲਾਇਆ। ਦਾਸ ਨਾਨਕ! ਕਰੋੜਾਂ ਵਿਚੋਂ ਕਿਸੇ ਵਿਰਲੇ ਨੇ ਹੀ ਸਤਿਗੁਰੂ ਦਾ ਅਨੁਸਾਰੀ ਹੋ ਕੇ ਵਾਹਿਗੁਰੂ ਨੂੰ ਪਛਾਣਿਆ ਹੈ।੨।੨।

ਧਨਾਸਰੀ ਮਹਲਾ ੯

ਤਿਹ ਜੋਗੀ ਕਉ ਜੁਗਤਿ ਨ ਜਾਨਉ ॥
ਲੋਭੁ ਮੋਹੁ ਮਾਇਆ ਮਮਤਾ ਫੁਨਿ
ਜਿਹ ਘਟ ਮਾਹਿ ਪਛਾਨਉ ॥੧॥ਰਹਾਉ॥
ਪਰ ਨਿੰਦਾ ਉਸਤਤਿ ਨਹ ਜਾ ਕੈ
ਕੰਚਨ ਲੋਹ ਸਮਾਨੋ ॥
ਹਰਖ ਸੋਗ ਤੇ ਰਹੈ ਅਤੀਤਾ
ਜੋਗੀ ਤਾਹਿ ਬਖਾਨੋ ॥੧॥
ਚੰਚਲ ਮਨੁ ਦਹ ਦਿਸ ਕਉ ਧਾਵਤ
ਅਚਲੁ ਜਾਹਿ ਠਹਰਾਨੋ ॥
ਕਹੁ ਨਾਨਕ ਇਹ ਬਿਧਿ ਕੋ ਜੋ ਨਰੁ
ਮੁਕਤਿ ਤਾਹਿ ਤੁਮ ਮਾਨੋ ॥੨॥੩॥

ਪਦ ਅਰਥ :

ਤਿਹ—ਉਸ। ਕਉ—ਨੂੰ। ਜੁਗਤਿ—ਜੁਗਤੀ, (ਸਫਲ ਜੀਵਨ ਦੀ) ਬਿਧੀ। ਨ ਜਾਨਉ—ਨਾ ਜਾਣੋ, ਨਾ ਸਮਝੋ। ਮਾਇਆ ਮਮਤਾ—ਮਾਇਆ ਦੀ ਮਮਤਾ, ਅਪਣੱਤ। ਫੁਨਿ—ਫਿਰ, ਅਤੇ। ਜਿਹ ਘਟ ਮਾਹਿ—ਜਿਸ ਦੇ ਹਿਰਦੇ ਵਿਚ। ਪਛਾਨਉ—ਪਛਾਣੋ, ਵੇਖੋ।੧। ਰਹਾਉ।

ਪਰ-ਨਿੰਦਾ ਉਸਤਤਿ—ਪਰਾਈ ਨਿੰਦਿਆ ਤੇ ਉਸਤਤੀ, ਪਰਾਈ ਬਦ-ਖੋਈ ਤੇ ਖ਼ੁਸ਼ਾਮਦ। ਜਾ ਕੈ—ਜਿਸ ਦੇ ਸੁਭਾਅ ਵਿਚ। ਕੰਚਨ ਲੋਹ—ਸੋਨਾ ਤੇ ਲੋਹਾ। ਸਮਾਨੋ—ਬਰਾਬਰ, ਇਕ-ਸਮਾਨ। ਹਰਖ ਸੋਗ ਤੇ—ਖ਼ੁਸ਼ੀ ਤੇ ਗ਼ਮੀ ਤੋਂ। ਰਹੈ—ਰਹਿੰਦਾ ਹੈ। ਅਤੀਤਾ—ਵਿਰੱਕਤ, ਨਿਰਲੇਪ। ਤਾਹਿ—ਉਸ ਨੂੰ। ਬਖਾਨੋ—ਬਖਾਣੋ, ਆਖੋ, ਕਹੁ।੧।

ਚੰਚਲ ਮਨੁ—ਟਿਕ ਕੇ ਨਾ ਬੈਠਣ ਵਾਲਾ ਮਨ। ਦਹ ਦਿਸ ਕਉ—ਦਸਾਂ ਦਿਸ਼ਾਵਾਂ ਨੂੰ। ਧਾਵਤ—ਧਾਉਂਦਾ ਹੈ, ਨੱਸਾ ਫਿਰਦਾ ਹੈ। ਅਚਲੁ—[ਉਚਾਰਣ ਅ+ਚਲੁ] ਅਫੁਰ, ਅਡੋਲ। ਜਾਹਿ—ਜਿਸ (ਮਨੁੱਖ) ਨੇ। ਠਹਰਾਨੋ—ਠਹਿਰਾ

ਲਿਆ ਹੈ। ਇਹ ਬਿਧਿ ਕੋ—ਇਸ ਤਰ੍ਹਾਂ ਦਾ। ਜੋ ਨਰੁ—ਜਿਹੜਾ ਮਨੁੱਖ। ਮੁਕਤਿ—ਜਨਮ ਮਰਨ ਦੇ ਗੇੜ ਤੋਂ ਖ਼ਲਾਸੀ। ਤਾਹਿ—ਉਸੇ ਦੀ। ਮਾਨੋ—ਮਾਨਹੁ, ਸਮਝੋ।੨।੩।

ਅਰਥ :

(ਹੇ ਸੰਤ ਜਨੋ!) ਉਸ ਜੋਗੀ ਨੂੰ (ਸਫਲ ਜੀਵਨ ਦੀ) ਜੁਗਤੀ-ਸਪੰਨ ਨਾ ਜਾਣੋ, ਜਿਸ ਦੇ ਹਿਰਦੇ ਵਿਚ ਲੋਭ, ਮੋਹ ਅਤੇ ਮਾਇਆ ਦੀ ਪਕੜ ਵੇਖਦੇ ਹੋ।੧।ਰਹਾਉ।

ਜਿਸ ਮਨੁੱਖ ਵਿਚ ਪਰਾਈ ਨਿੰਦਿਆ (ਕਰਨ ਜਾਂ ਸੁਣਨ ਦਾ ਔਗੁਣ) ਨਹੀਂ, (ਜੋ) ਖ਼ੁਸ਼ਾਮਦ (ਕਰਦਾ ਕਰਾਉਂਦਾ) ਨਹੀਂ, ਜਿਸ ਵਾਸਤੇ ਸੋਨਾ ਤੇ ਲੋਹਾ ਇਕ-ਸਮਾਨ ਹਨ, ਅਤੇ ਜਿਹੜਾ ਮਨੁੱਖ ਖ਼ੁਸ਼ੀ ਗ਼ਮੀ ਤੋਂ ਨਿਰਲੇਪ ਰਹਿੰਦਾ ਹੈ, ਉਸ ਨੂੰ ਹੀ (ਸਹੀ ਅਰਥਾਂ ਵਿਚ) ਜੋਗੀ ਆਖੋ।੧।

ਇਹ ਟਿਕ ਕੇ ਨਾ ਬੈਠਣ ਵਾਲਾ ਮਨ ਦਸਾਂ ਦਿਸ਼ਾਵਾਂ ਵਲ ਨੱਸਾ ਫਿਰਦਾ ਹੈ, ਪਰ ਜਿਸ ਮਨੁੱਖ ਨੇ ਇਸ ਨੂੰ ਅਫੁਰ ਕਰ ਕੇ ਟਿਕਾਅ ਲਿਆ ਹੈ; ਨਾਨਕ ਦਾ ਇਹ ਕਥਨ ਹੈ ਕਿ ਇਸ ਤਰ੍ਹਾਂ ਦਾ (ਇੰਦ੍ਰੇ-ਜਿੱਤ) ਜੀਵਨ-ਜੁਗਤੀ ਵਾਲਾ ਜਿਹੜਾ ਮਨੁੱਖ ਹੈ (ਉਹ ਹੀ ਵਾਸਤਵ ਵਿਚ ਜੋਗੀ ਹੈ ਅਤੇ) ਉਸ ਦੀ ਹੀ ਜਨਮ-ਮਰਨ ਦੇ ਗੇੜ ਤੋਂ ਖ਼ਲਾਸੀ ਸਮਝੋ।੨।੩।

ਧਨਾਸਰੀ ਮਹਲਾ ੯

ਅਬ ਮੈ ਕਉਨੁ ਉਪਾਉ ਕਰਉ ॥
ਜਿਹ ਬਿਧਿ ਮਨ ਕੋ ਸੰਸਾ ਚੂਕੈ
ਭਉਨਿਧਿ ਪਾਰਿ ਪਰਉ ॥੧॥ਰਹਾਉ॥
ਜਨਮੁ ਪਾਇ ਕਛੁ ਭਲੋ ਨ ਕੀਨੋ
ਤਾ ਤੇ ਅਧਿਕ ਡਰਉ ॥
ਮਨ ਬਚ ਕ੍ਰਮ ਹਰਿ ਗੁਨ ਨਹੀ ਗਾਏ
ਯਹ ਜੀਅ ਸੋਚ ਧਰਉ ॥੧॥
ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ
ਪਸੁ ਜਿਉ ਉਦਰੁ ਭਰਉ ॥
ਕਹੁ ਨਾਨਕ ਪ੍ਰਭ ਬਿਰਦੁ ਪਛਾਨਉ
ਤਬ ਹਉ ਪਤਿਤ ਤਰਉ ॥੨॥੪॥੯॥

ਪਦ ਅਰਥ :

ਕਉਨੁ ਉਪਾਉ ਕਰਉ—ਕਿਹੜਾ ਉਪਰਾਲਾ ਕਰਾਂ ? (ਕਰਉ—'ਉ' ਉਚਾਰਣ ਨਾਸਕੀ)। ਜਿਹ ਬਿਧਿ—ਜਿਸ ਵਿਧੀ ਨਾਲ। ਮਨ ਕੋ ਸੰਸਾ—ਮਨ ਦਾ ਭਰਮ। ਚੂਕੈ—ਚੁਕ ਜਾਏ, ਮਿਟ ਜਾਏ। ਭਉ ਨਿਧਿ—ਡਰ ਦਾ ਸਮੁੰਦਰ, ਸੰਸਾਰ-ਸਮੁੰਦਰ। ਪਾਰਿ ਪਰਉ—ਮੈਂ ਪਾਰ ਲੰਘ ਜਾਵਾਂ (ਪਰਉ—'ਉ' ਉਚਾਰਣ ਨਾਸਕੀ)।੧।ਰਹਾਉ।

ਜਨਮੁ ਪਾਇ—ਜਨਮ ਪਾ ਕੇ, ਜਨਮ ਪ੍ਰਾਪਤ ਕਰ ਕੇ। ਨ ਕੀਨੋ—ਨ ਕੀਨਉ, ਮੈਂ ਨਹੀਂ ਕੀਤਾ। ਕਛੁ ਭਲੋ ਨ ਕੀਨੋ—ਮੈਂ ਕੋਈ ਭਲਾ ਕੰਮ ਨਹੀਂ ਕੀਤਾ। ਤਾ ਤੇ—ਇਸ ਕਰਕੇ। ਅਧਿਕ ਡਰਉ—ਮੈਂ ਬਹੁਤ ਡਰਦਾ ਹਾਂ। (ਡਰਉ—'ਉ' ਉਚਾਰਣ ਨਾਸਕੀ)। ਮਨ ਬਚ ਕ੍ਰਮ—ਮਨ ਕਰਕੇ, ਬਚਨ ਕਰਕੇ ਅਤੇ ਕਰਮ ਕਰਕੇ। ਯਹ ਸੋਚ—ਇਹ ਸੋਚ। ਜੀਅ ਧਰਉ—ਮੈਂ ਜੀਅ (ਮਨ) ਵਿਚ ਧਰਦਾ ਹਾਂ।(ਧਰਉ—'ਉ' ਉਚਾਰਣ ਨਾਸਕੀ)।੧।

ਗੁਰਮਤਿ—ਗੁਰੂ ਦੀ ਮਤਿ, ਗੁਰੂ ਦੀ ਸਿਖਿਆ। ਸੁਨਿ—ਸੁਣ ਕੇ।

ਗਿਆਨੁ—ਬੋਧ, ਇਲਮ, ਆਤਮਕ ਜੀਵਨ ਦਾ ਪ੍ਰਕਾਸ਼। ਪਸੁ ਜਿਉ—ਪਸ਼ੂ ਵਾਂਗ। ਉਦਰੁ—ਪੇਟ। ਭਰਉ—('ਉ' ਉਚਾਰਣ ਨਾਸਕੀ) ਮੈਂ ਭਰਦਾ ਹਾਂ। ਪ੍ਰਭ—ਹੇ ਪ੍ਰਭੂ। ਬਿਰਦੁ—ਬਖ਼ਸ਼ਿੰਦ ਤੇ ਕਿਰਪਾਲੂ ਹੋਣ ਦੀ ਰਵਾਇਤ। ਹਉ—('ਉ' ਉਚਾਰਣ ਨਾਸਕੀ) ਮੈਂ। ਪਤਿਤ—ਡਿਗਿਆ ਹੋਇਆ, ਧਰਮ ਕਰਮ ਤੋਂ ਗਿਰਿਆ ਹੋਇਆ, ਪਾਪੀ। ਤਰਉ—('ਉ' ਉਚਾਰਣ ਨਾਸਕੀ) ਮੈਂ ਤਰ ਸਕਦਾ ਹਾਂ।੨।

ਅਰਥ :

(ਸਮਝ ਨਹੀਂ ਪੈਂਦੀ ਕਿ) ਹੁਣ ਮੈਂ ਕਿਹੜਾ ਉਪਰਾਲਾ ਕਰਾਂ, ਜਿਸ ਨਾਲ (ਮੇਰੇ ਭਟਕਦੇ) ਮਨ ਦਾ ਭਰਮ ਮਿਟ ਜਾਏ ਅਤੇ ਸੰਸਾਰ-ਸਮੁੰਦਰ ਤੋਂ ਪਾਰ ਹੋ ਜਾਵਾਂ।੧। ਰਹਾਉ।

(ਮੈਂ ਦੁਰਲਭ) ਮਨੁੱਖਾ ਜਨਮ ਪ੍ਰਾਪਤ ਕਰ ਕੇ ਕੋਈ ਭਲਾ ਕੰਮ ਨਹੀਂ ਕੀਤਾ, ਇਸ ਕਰਕੇ ਮੈਂ ਬਹੁਤ ਡਰਦਾ ਹਾਂ। (ਇਹ ਦੁਰਲਭ ਜਨਮ ਪ੍ਰਾਪਤ ਕਰ ਕੇ) ਮਨ, ਬਚਨ ਕਰਮ ਕਰਕੇ ਹਰੀ ਦੇ ਗੁਣ ਨਹੀਂ ਗਾਏ, ਮੈਂ ਮਨ ਵਿਚ (ਸਦਾ) ਇਹੋ ਚਿੰਤਾ ਕਰਦਾ ਰਹਿੰਦਾ ਹਾਂ।੧।

(ਮੇਰਾ ਮਨ ਏਨਾ ਮਲੀਨ ਅਤੇ ਅਵੇਸਲਾ ਹੈ ਕਿ) ਗੁਰੂ ਦੀ ਸਿਖਿਆ ਸੁਣ ਕੇ ਮੇਰੇ ਅੰਦਰ ਆਤਮਕ-ਪ੍ਰਕਾਸ਼ ਨਹੀਂ ਹੋਇਆ, (ਸਗੋਂ) ਮੈਂ ਪਸ਼ੂ ਵਾਂਗ ਪੇਟ ਭਰ ਛਡਦਾ ਹਾਂ। ਮੈਂ ਨਾਨਕ ਦੀ ਬੇਨਤੀ ਹੈ, ਹੇ ਪ੍ਰਭੂ ਜੀ! ਤੁਸੀਂ (ਮੇਰੇ ਔਗੁਣਾਂ ਦਾ ਲੇਖਾ ਕਰਨ ਦੀ ਬਜਾਏ) ਆਪਣੇ ਬਖ਼ਸ਼ਿੰਦ ਤੇ ਕਿਰਪਾਲੂ ਸੁਭਾਉ ਦੀ ਰਵਾਇਤ ਪਛਾਣੋ, ਤਾਂ ਹੀ ਮੈਂ ਪਾਪੀ (ਇਸ ਸੰਸਾਰ-ਸਮੁੰਦਰ ਤੋਂ) ਪਾਰ ਉਤਰ ਸਕਦਾ ਹਾਂ।੨।੪।੯।

ੴ ਸਤਿਗੁਰਪ੍ਰਸਾਦਿ ॥

ਜੈਤਸਰੀ ਮਹਲਾ ੯

ਭੂਲਿਓ ਮਨੁ ਮਾਇਆ ਉਰਝਾਇਓ ॥
ਜੋ ਜੋ ਕਰਮ ਕੀਓ ਲਾਲਚਿ ਲਗਿ
ਤਿਹ ਤਿਹ ਆਪੁ ਬੰਧਾਇਓ ॥੧॥ਰਹਾਉ॥
ਸਮਝ ਨ ਪਰੀ ਬਿਖੈ ਰਸ ਰਚਿਓ
ਜਸੁ ਹਰਿ ਕੋ ਬਿਸਰਾਇਓ ॥
ਸੰਗਿ ਸੁਆਮੀ ਸੋ ਜਾਨਿਓ ਨਾਹਿਨ
ਬਨਿ ਖੋਜਨ ਕਉ ਧਾਇਓ ॥੧॥
ਰਤਨੁ ਰਾਮੁ ਘਟ ਹੀ ਕੇ ਭੀਤਰਿ
ਤਾ ਕੋ ਗਿਆਨੁ ਨ ਪਾਇਓ ॥
ਜਨ ਨਾਨਕ ਭਗਵੰਤ ਭਜਨ ਬਿਨੁ
ਬਿਰਥਾ ਜਨਮੁ ਗਵਾਇਓ ॥੨॥੧॥

ਪਦ ਅਰਥ :

ਭੂਲਿਓ—ਭੁਲਾ ਹੋਇਆ । ਉਰਝਾਇਓ—ਉਲਝ ਗਿਆ ਹੈ, ਫਸ ਗਿਆ ਹੈ । ਲਾਲਚਿ ਲਗਿ—ਲਾਲਚ ਵਿਚ ਲਗ ਕੇ । ਤਿਹ ਤਿਹ—ਉਨ੍ਹਾਂ ਉਨ੍ਹਾਂ ਵਿਚ । ਆਪੁ—ਆਪਣੇ ਆਪ ਨੂੰ । ਬੰਧਾਇਓ—ਬੰਨ੍ਹਾ ਲਿਆ ਹੈ, ਫਸਾ ਦਿਤਾ ਹੈ । ੧। ਰਹਾਉ।

ਬਿਖੈ ਰਸ—ਮਾਇਕੀ ਰਸਾਂ ਵਿਚ । ਜਸੁ ਹਰਿ ਕੋ—ਹਰੀ ਦਾ ਗੁਣਾਨਵਾਦ । ਬਿਸਰਾਇਓ—ਵਿਸਾਰ ਦਿਤਾ ਹੈ, ਭੁਲਾ ਦਿਤਾ ਹੈ। ਸੰਗਿ—ਨਾਲ । ਸੁਆਮੀ—ਮਾਲਕ ਪ੍ਰਭੂ । ਨਾਹਿਨ—ਨਹੀਂ । ਬਨਿ—ਜੰਗਲ ਵਿਚ । ਧਾਇਓ—ਦੌੜਿਆ ਫਿਰਦਾ ਹੈ । ੧।

ਰਤਨੁ ਰਾਮੁ—ਰਤਨ ਰੂਪੀ ਰਾਮ । ਘਟ ਹੀ ਕੇ ਭੀਤਰਿ—ਹਿਰਦੇ ਵਿਚ ਹੀ । ਤਾ ਕੋ—ਉਸ (ਰਾਮ) ਦਾ । ਭਗਵੰਤ ਭਜਨ ਬਿਨੁ—ਵਾਹਿਗੁਰੂ ਦੇ ਸਿਮਰਨ ਤੋਂ ਬਿਨਾਂ ! ਬਿਰਥਾ—ਅਜਾਈਂ, ਬੇਫ਼ਾਇਦਾ । ੨।

ਅਰਥ :

ਇਹ ਭੁਲਿਆ ਹੋਇਆ (ਭੁੱਲੜ) ਮਨ ਮਾਇਆ (ਦੇ ਲਾਲਚ) ਵਿਚ ਉਲਝ ਗਿਆ ਹੈ। (ਇਸ ਨੇ) ਜੋ ਜੋ ਕੰਮ ਲਾਲਚ ਅਧੀਨ ਕੀਤੇ, ਉਨ੍ਹਾਂ ਉਨ੍ਹਾਂ ਵਿਚ ਆਪਣੇ ਆਪ ਨੂੰ ਫਸਾ ਲਿਆ ਹੈ।੧।ਰਹਾਉ।

(ਭੁਲੜ ਮਨ ਨੂੰ) ਸੋਝੀ ਨਹੀਂ ਆਈ (ਕਿ ਬਿਖੈ-ਰਸ ਹੋਛੇ ਹਨ), ਇਹ ਮਾਇਕੀ ਰਸਾਂ ਵਿਚ ਰਚ ਗਿਆ ਹੈ ਅਤੇ ਵਾਹਿਗੁਰੂ ਦਾ ਗੁਣਾਨਵਾਦ ਭੁਲਾ ਦਿਤਾ ਹੈ। ਜਿਹੜਾ ਪ੍ਰਭੂ ਅੰਗ-ਸੰਗ ਵਸਦਾ ਹੈ ਉਸ ਨੂੰ ਨਹੀਂ ਜਾਣਿਆ, ਸਗੋਂ ਉਸ ਨੂੰ ਭਾਲਣ ਲਈ ਬਾਹਰ ਜੰਗਲ ਵਿਚ ਦੌੜਿਆ ਫਿਰਦਾ ਹੈ।੧।

ਰਤਨ ਵਰਗਾ (ਅਮੋਲਕ) ਰਾਮ, ਜੋ ਹਿਰਦੇ ਵਿਚ ਹੀ ਵਸਦਾ ਹੈ, ਉਸ ਦਾ ਗਿਆਨ ਪ੍ਰਾਪਤ ਨਹੀਂ ਕੀਤਾ। ਦਾਸ ਨਾਨਕ! ਵਾਹਿਗੁਰੂ ਦੇ ਸਿਮਰਨ ਤੋਂ ਬਿਨਾਂ (ਭੁਲੜ ਮਨ ਨੇ) ਮਨੁੱਖਾ ਜਨਮ ਅਜਾਈਂ ਗਵਾ ਲਿਆ ਹੈ।੨।੧।

ਜੈਤਸਰੀ ਮਹਲਾ ੯

ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥
ਜਮ ਕੋ ਤ੍ਰਾਸੁ ਭਇਓ ਉਰ ਅੰਤਰਿ
ਸਰਨਿ ਗਹੀ ਕਿਰਪਾ ਨਿਧਿ ਤੇਰੀ ॥੧॥ਰਹਾਉ॥
ਮਹਾ ਪਤਿਤ ਮੁਗਧ ਲੋਭੀ ਫੁਨਿ
ਕਰਤ ਪਾਪ ਅਬ ਹਾਰਾ ॥
ਭੈ ਮਰਬੇ ਕੋ ਬਿਸਰਤ ਨਾਹਿਨ
ਤਿਹ ਚਿੰਤਾ ਤਨੁ ਜਾਰਾ ॥੧॥
ਕੀਏ ਉਪਾਵ ਮੁਕਤਿ ਕੈ ਕਾਰਨਿ
ਦਹਦਿਸ ਕਉ ਉਠਿ ਧਾਇਆ ॥
ਘਟ ਹੀ ਭੀਤਰਿ ਬਸੈ ਨਿਰੰਜਨੁ
ਤਾ ਕੋ ਮਰਮੁ ਨ ਪਾਇਆ ॥੨॥
ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ
ਕਉਨੁ ਕਰਮੁ ਅਬ ਕੀਜੈ ॥
ਨਾਨਕ ਹਾਰਿ ਪਰਿਓ ਸਰਨਾਗਤਿ
ਅਭੈ ਦਾਨੁ ਪ੍ਰਭ ਦੀਜੈ ॥੩॥੨॥

ਪਦ ਅਰਥ :

ਹਰਿ ਜੂ—ਹੇ ਵਾਹਿਗੁਰੂ ਜੀ! ਰਾਖਿ ਲੇਹੁ—ਰਖ ਲਵੋ। ਪਤਿ ਮੇਰੀ—ਮੇਰੀ ਇੱਜ਼ਤ। ਜਮ ਕੋ ਤ੍ਰਾਸੁ ਭਇਓ—ਜਮਾਂ ਦਾ ਡਰ ਵਾਪਰ ਰਿਹਾ ਹੈ। ਉਰ ਅੰਤਰਿ—ਹਿਰਦੇ ਵਿਚ। ਗਹੀ—ਪਕੜੀ, ਲਈ। ਕਿਰਪਾ ਨਿਧਿ—ਹੇ ਕਿਰਪਾ ਦੇ ਖ਼ਜ਼ਾਨੇ, ਹੇ ਕਿਰਪਾਲੂ ਪ੍ਰਭੂ।੧।ਰਹਾਉ।

ਪਤਿਤ—ਧਰਮ ਕਰਮ ਤੋਂ ਗਿਰਿਆ ਹੋਇਆ, ਵਿਕਾਰੀ, ਪਾਪੀ। ਮੁਗਧ—ਮਹਾਂ ਮੂਰਖ। ਫੁਨਿ—ਫਿਰ, ਅਤੇ। ਕਰਤ ਪਾਪ—ਪਾਪ ਕਰਦਾ ਕਰਦਾ। ਹਾਰਾ—ਹਾਰ ਗਿਆ ਹਾਂ, ਰਹਿ ਖਲੋਤਾ ਹਾਂ। ਭੈ—ਡਰ। ਭੈ ਮਰਬੇ ਕੋ—ਮਰਨ ਦਾ ਡਰ। ਬਿਸਰਤ ਨਾਹਿ—ਵਿਸਰਦਾ ਨਹੀਂ, ਭੁਲਦਾ ਨਹੀਂ। ਜਾਰਾ—ਜਾਲ

ਦਿਤਾ ਹੈ, ਸਾੜ ਦਿਤਾ ਹੈ ।੧।

ਉਪਾਵ—ਉਪਰਾਲੇ, ਜਤਨ (ਉਪਾਉ—ਇਕ-ਵਚਨ, ਉਪਾਵ—ਬਹੁ-ਵਚਨ) । ਮੁਕਤਿ—ਮੁਕਤੀ, ਜਨਮ ਮਰਨ ਦੇ ਗੇੜ ਤੋਂ ਖ਼ਲਾਸੀ । ਦਹਦਿਸ ਕਉ—ਦਸਾਂ ਦਿਸ਼ਾਵਾਂ ਵਲ । ਉਠਿ—ਉਠ ਕੇ । ਧਾਇਆ—ਨਸਿਆ, ਭਜਿਆ । ਘਟ ਹੀ ਭੀਤਰਿ—ਹਿਰਦੇ ਵਿਚ ਹੀ । ਬਸੈ—ਵਸਦਾ ਹੈ । ਨਿਰੰਜਨੁ—ਮਾਇਆ ਦੇ ਪ੍ਰਭਾਵ ਤੋਂ ਨਿਰਲੇਪ (ਵਾਹਿਗੁਰੂ) । ਤਾ ਕੋ—ਉਸ (ਨਿਰੰਜਨ) ਦਾ । ਮਰਮੁ—ਭੇਤ ।੨।

ਨਾਹਿਨ—ਨਹੀਂ ਹੈ । ਕਉਨੁ ਕਰਮੁ ਅਬ ਕੀਜੈ—ਕਿਹੜਾ ਉਪਰਾਲਾ ਹੁਣ ਕੀਤਾ ਜਾਏ ? ਸਰਨਾਗਤਿ—ਸ਼ਰਨ ਵਿਚ । ਅਭੈ ਦਾਨੁ—ਨਿਰਭੈਤਾ ਦਾ ਦਾਨ, ਮੌਤ ਦੇ ਡਰ ਤੋਂ ਛੁਟਕਾਰੇ ਦਾ ਦਾਨ ।੩।

ਅਰਥ :

ਹੇ ਵਾਹਿਗੁਰੂ ਜੀ ! ਮੇਰੀ ਇੱਜ਼ਤ ਰਖ ਲਵੋ । ਮੇਰੇ ਹਿਰਦੇ ਵਿਚ ਜਮਾਂ ਦਾ ਡਰ ਵਾਪਰ ਰਿਹਾ ਹੈ, (ਇਸ ਲਈ ਹੁਣ) ਹੇ ਕਿਰਪਾਲੂ ਵਾਹਿਗੁਰੂ, ਮੈਂ ਤੇਰੀ ਸ਼ਰਨ ਪਕੜੀ ਹੈ ।੧। ਰਹਾਉ।

(ਹੇ ਵਾਹਿਗੁਰੂ !) ਮੈਂ ਧਰਮ ਕਰਮ ਤੋਂ ਡਿਗਿਆ ਹੋਇਆ ਵੱਡਾ ਪਾਪੀ ਹਾਂ, ਮਹਾਂ ਮੂਰਖ ਹਾਂ, ਲੋਭੀ ਹਾਂ ਅਤੇ ਪਾਪ ਕਰਦਾ ਕਰਦਾ ਹਾਰ-ਹੁਟ ਗਿਆ ਹਾਂ (ਭਾਵ, ਰਹਿ ਖਲੋਤਾ ਹਾਂ) । ਮੌਤ ਦਾ ਸਹਿਮ ਮਨ ਤੋਂ ਰਤਾ ਭਰ ਭੀ ਨਹੀਂ ਵਿਸਰਦਾ, ਇਸ ਚਿੰਤਾ ਨੇ ਮੇਰਾ ਸਰੀਰ ਸਾੜ ਸੁਟਿਆ ਹੈ ।੧।

(ਮੌਤ ਅਤੇ ਜਨਮ ਮਰਨ ਦੇ ਗੇੜ ਤੋਂ) ਖ਼ਲਾਸੀ ਪ੍ਰਾਪਤ ਕਰਨ ਲਈ ਮੈਂ (ਕਈ ਤਰ੍ਹਾਂ ਦੇ) ਉਪਰਾਲੇ ਕੀਤੇ ਹਨ, ਦਸਾਂ ਦਿਸ਼ਾਵਾਂ ਵਿਚ ਦੌੜ ਭੱਜ ਕੀਤੀ ਹੈ, ਪਰ ਮਾਇਆ ਤੋਂ ਨਿਰਲੇਪ ਵਾਹਿਗੁਰੂ, ਜੋ ਹਿਰਦੇ ਵਿਚ ਹੀ ਵਸ ਰਿਹਾ ਹੈ, ਉਸ (ਅੰਦਰ ਵਸਦੇ ਪ੍ਰਭੂ) ਦਾ ਭੇਤ ਮੈਂ ਨਹੀਂ ਪਾ ਸਕਿਆ ।੨।

ਮੇਰੇ ਵਿਚ ਨਾ ਕੋਈ ਗੁਣ ਹੈ ਤੇ ਨਾ ਕੋਈ ਜਪ ਤਪ, (ਮੌਤ ਦੇ ਡਰ ਤੋਂ ਬਚਣ ਲਈ) ਹੁਣ ਕਿਹੜਾ ਜਤਨ ਕੀਤਾ ਜਾਏ (ਭਾਵ, ਹੁਣ ਮੈਂ ਆਪਣੇ ਨਿਸਤਾਰੇ ਲਈ ਕੀ ਉਪਰਾਲਾ ਕਰਾਂ ?) ਹੇ ਕਿਰਪਾਲੂ ਪ੍ਰਭੂ ! ਮੈਂ ਨਾਨਕ ਹਾਰ ਕੇ (ਆਪ ਦੀ) ਸ਼ਰਨ ਵਿਚ ਆ ਡਿਗਾ ਹਾਂ (ਅਤੇ ਅਰਦਾਸ ਕਰਦਾ ਹਾਂ) ਮੈਨੂੰ ਨਿਰਭੈਤਾ ਦਾ ਦਾਨ ਬਖ਼ਸ਼ੋ ਜੀ ।੩।੨।

ਜੈਤਸਰੀ ਮਹਲਾ ੯

ਮਨ ਰੇ ਸਾਚਾ ਗਹੋ ਬਿਚਾਰਾ ॥
ਰਾਮ ਨਾਮ ਬਿਨੁ ਮਿਥਿਆ ਮਾਨੋ
ਸਗਰੋ ਇਹੁ ਸੰਸਾਰਾ ॥੧॥ਰਹਾਉ॥
ਜਾ ਕਉ ਜੋਗੀ ਖੋਜਤ ਹਾਰੇ
ਪਾਇਓ ਨਾਹਿ ਤਿਹ ਪਾਰਾ ॥
ਸੋ ਸੁਆਮੀ ਤੁਮ ਨਿਕਟਿ ਪਛਾਨੋ
ਰੂਪ ਰੇਖ ਤੇ ਨਿਆਰਾ ॥੧॥
ਪਾਵਨ ਨਾਮੁ ਜਗਤ ਮਹਿ ਹਰਿ ਕੋ
ਕਬਹੂ ਨਾਹਿ ਸੰਭਾਰਾ ॥
ਨਾਨਕ ਸਰਨਿ ਪਰਿਓ ਜਗ ਬੰਦਨ
ਰਾਖਹੁ ਬਿਰਦੁ ਤੁਹਾਰਾ ॥੨॥੩॥

ਪਦ ਅਰਥ :

ਮਨ ਰੇ—ਹੇ ਮਨ! ਸਾਚਾ—ਜੋ ਨਾਸ ਨਾ ਹੋਵੇ, ਸਦੀਵੀ ਹੋਂਦ ਵਾਲਾ। ਗਹੋ—ਗਹੁ, ਪਕੜ, ਧਾਰਨ ਕਰ। ਮਿਥਿਆ—ਬਿਨਸਨਹਾਰ, ਨਾਸਵੰਤ। ਮਾਨੋ—ਮਾਨਹੁ, ਮੰਨੋ। ਸਗਰੋ—ਸਗਲੋ, ਸਾਰਾ।੧। ਰਹਾਉ।

ਜਾ ਕਉ—ਜਿਸ (ਵਾਹਿਗੁਰੂ) ਨੂੰ। ਜੋਗੀ—ਜੋਗ-ਸਾਧਨਾ ਕਰਨ ਵਾਲੇ। ਖੋਜਤ ਹਾਰੇ—ਢੂੰਡਦਿਆਂ ਥੱਕ ਗਏ। ਪਾਇਓ ਨਾਹਿ—ਨਹੀਂ ਪਾ ਸਕੇ। ਤਿਹ ਪਾਰਾ—ਉਸ (ਵਾਹਿਗੁਰੂ) ਦਾ ਪਾਰਲਾ ਬੰਨਾ (ਪਾਰਾਵਾਰ)। ਸੋ ਸੁਆਮੀ—ਉਹ ਮਾਲਕ ਪ੍ਰਭੂ। ਨਿਕਟਿ—ਨੇੜੇ, ਕੋਲ, ਅੰਗ-ਸੰਗ। ਪਛਾਨੋ—ਜਾਣੋ। ਰੇਖ ਤੇ—ਰੇਖਾ, ਚਿਹਨ ਤੋਂ। ਨਿਆਰਾ—ਨਿਰਲੇਪ।੧।

ਪਾਵਨ—ਪਵਿੱਤਰ ਕਰਨ ਵਾਲਾ। ਜਗਤ ਮਹਿ—ਜਗਤ ਵਿਚ। ਹਰਿ ਕੋ—ਵਾਹਿਗੁਰੂ ਦਾ। ਕਬਹੂ ਨਾਹਿ ਸੰਭਾਰਾ—ਕਦੇ ਭੀ ਚੇਤੇ ਨਹੀਂ ਕੀਤਾ। ਜਗ-ਬੰਦਨ—ਹੇ ਜਗਤ ਦੇ ਬੰਦਨਾ ਕਰਨ ਜੋਗ, ਨਮਸਕਾਰ ਕਰਨ ਜੋਗ! ਬਿਰਦੁ—ਆਦਿ ਕਾਲ ਤੋਂ ਬਖ਼ਸ਼ਿੰਦ ਤੇ ਕਿਰਪਾਲੂ ਹੋਣ ਦੀ ਰਵਾਇਤ।

ਤੁਹਾਰਾ—ਤੁਹਾਡਾ ।੨।

ਅਰਥ :

ਹੇ ਮਨ, (ਸੱਚ ਸਰੂਪ ਵਾਹਿਗੁਰੂ ਦਾ) ਸਦੀਵੀ ਹੋਂਦ ਵਾਲਾ ਵਿਚਾਰ ਦ੍ਰਿੜ੍ਹ ਕਰ। ਵਾਹਿਗੁਰੂ ਦੇ ਨਾਮ ਤੋਂ ਬਿਨਾਂ ਸਾਰਾ ਇਹ ਸੰਸਾਰ ਬਿਨਸਨਹਾਰ ਜਾਣ ।੧। ਰਹਾਉ।

ਜਿਸ (ਵਾਹਿਗੁਰੂ) ਨੂੰ ਜੋਗ-ਸਾਧਨਾ ਕਰਨ ਵਾਲੇ ਜੋਗੀ ਟੋਲਦੇ ਟੋਲਦੇ ਥੱਕ ਗਏ ਹਨ ਅਤੇ ਉਸ ਦਾ ਪਾਰਾਵਾਰ ਨਹੀਂ ਪਾ ਸਕੇ; ਉਸ ਮਾਲਕ-ਪ੍ਰਭੂ ਨੂੰ ਤੂੰ ਅੰਗ-ਸੰਗ ਕਰਕੇ ਜਾਣ, (ਸਾਰੇ ਰੂਪਾਂ-ਰੇਖਾਂ ਵਾਲੇ ਜੀਵਾਂ ਵਿਚ ਵਸਦਾ ਹੋਇਆ ਵੀ) ਉਹ ਆਪ ਰੂਪ ਰੇਖ ਤੋਂ ਨਿਆਰਾ (ਨਿਰਲੇਪ) ਹੈ ।੧।

ਸੰਸਾਰ ਵਿਚ (ਪਾਪਾਂ ਦੀ ਮੈਲ ਕਟ ਕੇ) ਪਵਿੱਤਰ ਕਰਨ ਵਾਲਾ ਵਾਹਿਗੁਰੂ ਦਾ ਨਾਮ ਹੀ ਹੈ, ਪਰ ਮੈਂ (ਉਸ ਨਾਮ ਨੂੰ) ਕਦੇ ਚੇਤੇ ਨਹੀਂ ਕੀਤਾ । ਹੇ ਜਗਤ ਦੇ ਨਮਸਕਾਰ ਕਰਨ ਜੋਗ ਵਾਹਿਗੁਰੂ! ਮੈਂ ਨਾਨਕ ਤੇਰੀ ਸ਼ਰਨ ਆ ਪਿਆ ਹਾਂ, ਮੇਰੀ (ਪਾਪਾਂ ਤੋਂ) ਰਖਿਆ ਕਰ, (ਸ਼ਰਨ ਪਏ ਦੀ ਰੱਖਿਆ ਕਰਨੀ) ਤੇਰਾ ਧੁਰਾਂ ਕਦੀਮਾਂ ਦਾ ਬਿਰਦ ਹੈ ।੨।੩।

ੴ ਸਤਿਗੁਰਪ੍ਰਸਾਦਿ ॥

ਟੋਡੀ ਮਹਲਾ ੯

ਕਹਉ ਕਹਾ ਅਪਨੀ ਅਧਮਾਈ ॥
ਉਰਝਿਓ ਕਨਿਕ ਕਾਮਨੀ ਕੇ ਰਸ
ਨਹ ਕੀਰਤਿ ਪ੍ਰਭ ਗਾਈ ॥੧॥ਰਹਾਉ॥
ਜਗ ਝੂਠੇ ਕਉ ਸਾਚੁ ਜਾਨਿ ਕੈ
ਤਾ ਸਿਉ ਰੁਚ ਉਪਜਾਈ ॥
ਦੀਨ ਬੰਧੁ ਸਿਮਰਿਓ ਨਹੀ ਕਬਹੂ
ਹੋਤ ਜੁ ਸੰਗਿ ਸਹਾਈ ॥੧॥
ਮਗਨ ਰਹਿਓ ਮਾਇਆ ਮਹਿ ਨਿਸਿ ਦਿਨੁ
ਛੁਟੀ ਨ ਮਨ ਕੀ ਕਾਈ ॥
ਕਹਿ ਨਾਨਕ ਅਬ ਨਾਹਿ ਅਨਤ ਗਤਿ
ਬਿਨੁ ਹਰਿ ਕੀ ਸਰਨਾਈ ॥੨॥੧॥੩੧॥

ਪਦ ਅਰਥ :

ਕਹਉ—('ਉ' ਉਚਾਰਣ ਨਾਸਕੀ) ਮੈਂ ਆਖਾਂ । ਕਹਾ —ਕੀ, ਪ੍ਰਸ਼ਨ-ਵਾਚੀ ਪੜਨਾਉਂ (ਉਚਾਰਣ ਨਾਸਕਤਾ ਤੋਂ ਬਗ਼ੈਰ)? ਅਧਮਾਈ— ਨੀਚਤਾ । ਉਰਝਿਓ—ਫਸਿਆ ਪਿਆ ਹਾਂ। ਕਨਿਕ—ਸੋਨਾ, ਧਨ-ਪਦਾਰਥ । ਕਾਮਨੀ—ਇਸਤ੍ਰੀ । ਰਸ—ਰਸਾਂ ਵਿਚ, ਸੁਆਦਾਂ ਵਿਚ । ਕੀਰਤਿ ਪ੍ਰਭ—ਪ੍ਰਭੂ ਦੀ ਕੀਰਤੀ, ਵਾਹਿਗੁਰੂ ਦੀ ਉਸਤਤਿ ।੧। ਰਹਾਉ।

ਜਗ ਝੂਠੇ ਕਉ—ਬਿਨਸਨਹਾਰ ਜਗਤ ਨੂੰ । ਸਾਚੁ ਜਾਨਿ ਕੈ—ਅਸਥਿਰ ਜਾਣ ਕੇ, ਸਦਾ ਕਾਇਮ ਰਹਿਣ ਵਾਲਾ ਸਮਝ ਕੇ । ਤਾ ਸਿਉ—ਉਸ ਨਾਲ । ਰੁਚ ਉਪਜਾਈ—ਰੁਚੀ ਉਪਜਾਈ ਹੋਈ ਹੈ, ਲਗਨ ਪੈਦਾ ਕੀਤੀ ਹੋਈ ਹੈ । ਦੀਨ-ਬੰਧੁ—ਗ਼ਰੀਬਾਂ ਦਾ ਸਹਾਇਕ ਵਾਹਿਗੁਰੂ । ਹੋਤ—ਹੁੰਦਾ ਹੈ । ਜੁ—ਜਿਹੜਾ । ਸੰਗਿ—ਨਾਲ਼ । ਸਹਾਈ—ਸਹਾਇਤਾ ਕਰਨ ਵਾਲਾ, ਮਦਦਗਾਰ ।੧।

ਮਗਨ—ਬਦ-ਮਸਤ । ਮਾਇਆ ਮਹਿ—ਮਾਇਆ ਵਿਚ । ਨਿਸਿ ਦਿਨੁ—

ਰਾਤ ਦਿਨ, ਹਰ ਵਕਤ, ਸਦਾ ਹੀ । ਛੁਟੀ ਨ—ਦੂਰ ਨਾ ਹੋਈ । ਕਾਈ—ਪਾਣੀ ਉਤੇ ਹਰੇ ਰੰਗ ਦੀ ਝਿੱਲੀ, ਪਾਣੀ ਦੀ ਮੈਲ । ਅਬ—ਹੁਣ । ਨਾਹਿ—ਨਹੀਂ ਹੈ । ਅਨਤ—ਹੋਰਥੇ । ਗਤਿ—ਗਤੀ, ਖ਼ਲਾਸੀ ।੨।

ਅਰਥ :

ਮੈਂ ਆਪਣੀ ਕੀ ਕੀ ਨੀਚਤਾ ਵਰਨਣ ਕਰਾਂ ? (ਮੈਂ) ਸੋਨੇ (ਧਨ-ਪਦਾਰਥ) ਅਤੇ ਇਸਤ੍ਰੀ ਆਦਿ ਦੇ ਰਸਾਂ ਵਿਚ ਫਸਿਆ ਪਿਆ ਹਾਂ ਅਤੇ ਮਾਲਕ-ਪ੍ਰਭੂ ਦੀ ਉਸਤਤਿ (ਕਦੇ) ਨਹੀਂ ਕੀਤੀ ।੧।ਰਹਾਉ।

ਇਸ ਬਿਨਸਨਹਾਰ ਜਗਤ ਨੂੰ ਸਦੀਵੀ ਜਾਣ ਕੇ ਇਸ ਨਾਲ ਹੀ ਲਗਨ ਲਾਈ ਹੋਈ ਹੈ (ਅਤੇ) ਉਸ ਗ਼ਰੀਬਾਂ ਦੇ ਸਹਾਇਕ ਵਾਹਿਗੁਰੂ ਨੂੰ, ਜਿਹੜਾ (ਸਭ ਦੇ) ਨਾਲ ਨਿਭਦਾ ਹੈ ਤੇ ਸਭ ਦਾ ਸਹਾਈ ਹੁੰਦਾ ਹੈ, ਕਦੇ ਚੇਤੇ ਨਹੀਂ ਕੀਤਾ ।੧।

ਮੈਂ ਮਾਇਆ (ਦੇ ਨਸ਼ੇ) ਵਿਚ ਰਾਤ ਦਿਨ ਬਦ-ਮਸਤ ਹੋ ਰਿਹਾ ਹਾਂ, (ਜਿਸ ਕਾਰਨ ਮੇਰੇ) ਮਨ ਦੀ ਮੈਲ ਦੂਰ ਨਹੀਂ ਹੋ ਸਕੀ । ਨਾਨਕ ਦਾ ਕਥਨ ਹੈ, ਵਾਹਿਗੁਰੂ ਦੀ ਸ਼ਰਨੀ ਪੈਣ ਤੋਂ ਬਿਨਾਂ ਕਿਧਰੇ ਹੋਰਥੇ ਮੇਰੀ ਖ਼ਲਾਸੀ ਸੰਭਵ ਨਹੀਂ ।੨।੧।੩੧।

ੴ ਸਤਿਗੁਰਪ੍ਰਸਾਦਿ ॥

ਤਿਲੰਗ ਮਹਲਾ ੯ ਕਾਫੀ

ਚੇਤਨਾ ਹੈ ਤਉ ਚੇਤਿ ਲੈ
ਨਿਸਿ ਦਿਨ ਮਹਿ ਪ੍ਰਾਨੀ ॥
ਛਿਨੁ ਛਿਨੁ ਅਉਧ ਬਿਹਾਤੁ ਹੈ
ਫੂਟੈ ਘਟਿ ਜਿਉ ਪਾਨੀ ॥੧॥ ਰਹਾਉ॥
ਹਰਿ ਗੁਨ ਕਾਹਿ ਨ ਗਾਵਹੀ
ਮੂਰਖ ਅਗਿਆਨਾ ॥
ਝੂਠੈ ਲਾਲਚਿ ਲਾਗਿ ਕੈ
ਨਹਿ ਮਰਨੁ ਪਛਾਨਾ ॥੧॥
ਅਜਹੂ ਕਛੁ ਬਿਗਰਿਓ ਨਹੀ
ਜਉ ਪ੍ਰਭ ਗੁਨ ਗਾਵੈ ॥
ਕਹੁ ਨਾਨਕ ਤਿਹ ਭਜਨ ਤੇ
ਨਿਰਭੈ ਪਦੁ ਪਾਵੈ ॥੨॥੧॥

ਪਦ ਅਰਥ :

ਚੇਤਨਾ—ਸਮਝ, ਸੂਝ ਬੂਝ। ਤਉ—ਤਾਂ। ਨਿਸਿ ਦਿਨ ਮਹਿ—ਰਾਤ ਦਿਨ ਵਿਚ, ਅਜ ਕਲ੍ਹ ਹੀ। ਪ੍ਰਾਨੀ—ਹੇ ਜੀਵ! ਛਿਨੁ ਛਿਨੁ—ਇਕ ਇਕ ਛਿਨ ਕਰ ਕੇ। ਅਉਧ—ਉਮਰ। ਬਿਹਾਤੁ ਹੈ—ਬੀਤਦੀ ਜਾਂਦੀ ਹੈ। ਫੂਟੈ ਘਟਿ—ਫੁਟੇ ਘੜੇ ਵਿਚੋਂ, ਤ੍ਰੇੜੇ ਘੜੇ ਵਿਚੋਂ।੧।ਰਹਾਉ।

ਹਰਿ ਗੁਨ—ਹਰੀ ਦੇ ਗੁਣ। ਕਾਹਿ ਨ ਗਾਵਹੀ—ਤੂੰ ਕਿਉਂ ਨਹੀਂ ਗਾਂਦਾ (ਗਾਵਹੀ—'ਹੀ' ਉਚਾਰਣ ਨਾਸਕੀ)? ਮੂਰਖ ਅਗਿਆਨਾ—ਹੇ ਮੂਰਖ ਤੇ ਅਗਿਆਨੀ! ਝੂਠੈ ਲਾਲਚਿ—ਝੂਠੇ ਲਾਲਚ ਵਿਚ। ਲਾਗਿ ਕੈ—ਲਗ ਕੇ। ਮਰਨੁ—ਮਰਨਾ, ਮੌਤ।੧।

ਅਜਹੂ—('ਹੂ' ਉਚਾਰਣ ਨਾਸਕੀ) ਅਜੇ ਵੀ, ਹੁਣ ਵੀ। ਕਛੁ ਬਿਗਰਿਓ ਨਹੀ—ਕੁਝ ਨਹੀਂ ਵਿਗੜਿਆ। ਜਉ—ਜੇਕਰ। ਪ੍ਰਭ ਗੁਨ—ਪ੍ਰਭੂ ਦੇ ਗੁਣ।

ਗਾਵੈ—ਗਾਉਣ ਲਗ ਪਵੇ । ਤਿਹ ਭਜਨ ਤੇ—ਉਸ (ਵਾਹਿਗੁਰੂ) ਦੇ ਭਜਨ ਦੇ ਤੁਫ਼ੈਲ । ਨਿਰਭੈ ਪਦੁ—ਭੈ-ਰਹਿਤ ਰੁਤਬਾ । ਪਾਵੈ—ਪਾ ਲਵੇਗਾ ।੨।

ਅਰਥ :

ਹੇ ਪ੍ਰਾਣੀ ! ਜੇ ਤੇਰੇ ਵਿਚ ਚੇਤਨਾ (ਸੂਝ ਬੂਝ) ਹੈ ਤਾਂ ਅੱਜ ਕਲ੍ਹ, ਭਾਵ, ਤੁਰਤ ਹੀ ਵਾਹਿਗੁਰੂ ਨੂੰ ਚੇਤੇ ਕਰ ਲੈ । ਇਕ ਇਕ ਛਿਨ ਕਰ ਕੇ ਉਮਰ (ਇਉਂ) ਬੀਤਦੀ ਜਾਂਦੀ ਹੈ ਜਿਵੇਂ ਤ੍ਰੇੜੇ ਹੋਏ ਘੜੇ ਵਿਚੋਂ ਪਾਣੀ (ਰਤਾ ਰਤਾ ਕਰ ਕੇ ਚੋਂਦਾ ਤੇ ਘਟਦਾ ਰਹਿੰਦਾ ਹੈ) ।੧। ਰਹਾਉ।

ਹੇ ਮੂਰਖ ਤੇ ਅਗਿਆਨੀ ! ਤੂੰ ਵਾਹਿਗੁਰੂ ਦੇ ਗੁਣ ਕਿਉਂ ਨਹੀਂ ਗਾਉਂਦਾ ? (ਦੁਨਿਆਵੀ ਪਦਾਰਥਾਂ ਦੇ) ਝੂਠੇ ਲਾਲਚ ਵਿਚ ਲਗ ਕੇ ਤੂੰ ਮੌਤ ਨੂੰ ਨਹੀਂ ਪਛਾਣਿਆ (ਭਾਵ, ਭੁਲਾਈ ਬੈਠਾ ਹੈਂ) ।੧।

(ਹੇ ਪ੍ਰਾਣੀ !) ਅਜੇ ਵੀ ਕੁਝ ਨਹੀਂ ਵਿਗੜਿਆ, ਜੇਕਰ (ਤੇਰਾ ਮਨ) ਵਾਹਿਗੁਰੂ ਦੇ ਗੁਣ ਗਾਉਣ ਲਗ ਪਵੇ । ਨਾਨਕ ਦਾ ਇਹ ਕਥਨ ਹੈ, ਵਾਹਿਗੁਰੂ ਦੇ ਸਿਮਰਨ ਦੀ ਤੁਫ਼ੈਲ (ਤੇਰਾ ਮਨ) ਭੈ-ਰਹਿਤ ਰੁਤਬਾ ਪਾ ਲਵੇਗਾ ।੨।੧।

ਤਿਲੰਗ ਮਹਲਾ ੯

ਜਾਗਿ ਲੇਹੁ ਰੇ ਮਨਾ ਜਾਗਿ ਲੇਹੁ
ਕਹਾ ਗਾਫਲ ਸੋਇਆ ॥
ਜੋ ਤਨੁ ਉਪਜਿਆ ਸੰਗ ਹੀ
ਸੋ ਭੀ ਸੰਗਿ ਨ ਹੋਇਆ ॥੧॥ਰਹਾਉ॥
ਮਾਤ ਪਿਤਾ ਸੁਤ ਬੰਧ ਜਨ
ਹਿਤੁ ਜਾ ਸਿਉ ਕੀਨਾ ॥
ਜੀਉ ਛੂਟਿਓ ਜਬ ਦੇਹ ਤੇ
ਡਾਰਿ ਅਗਨਿ ਮਹਿ ਦੀਨਾ ॥੧॥
ਜੀਵਤ ਲਉ ਬਿਉਹਾਰੁ ਹੈ
ਜਗ ਕਉ ਤੁਮ ਜਾਨਉ ॥
ਨਾਨਕ ਹਰਿ ਗੁਨ ਗਾਇ ਲੈ
ਸਭ ਸੁਫਨ ਸਮਾਨਉ ॥੨॥੨॥

ਪਦ ਅਰਥ :

ਜਾਗਿ ਲੇਹੁ—ਚੇਤੰਨ ਹੋ ਜਾਓ, ਹੋਸ਼ ਵਿਚ ਆਓ। ਕਹਾ—ਕ੍ਰਿਆ ਵਿਸ਼ੇਸ਼ਣ, (ਉਚਾਰਣ ਨਾਸਕੀ) ਕਿਉਂ ? ਗਾਫਲ—ਬੇਖ਼ਬਰ, ਅਵੇਸਲਾ। ਤਨੁ—ਸਰੀਰ। ਉਪਜਿਆ—ਪੈਦਾ ਹੋਇਆ। ਸੰਗ ਹੀ—ਨਾਲ ਹੀ। ਸੋ ਭੀ—ਉਹ (ਸਰੀਰ) ਵੀ। ਸੰਗਿ ਨ ਹੋਇਆ—ਕਿਸੇ ਦੇ ਨਾਲ ਨਹੀਂ ਨਿਭਿਆ।੧। ਰਹਾਉ।

ਸੁਤ—ਪੁੱਤਰ। ਬੰਧ ਜਨ—ਸਨਬੰਧੀ। ਹਿਤੁ—ਪਿਆਰ। ਜਾ ਸਿਉ—ਜਿਨ੍ਹਾਂ ਨਾਲ। ਜੀਉ—ਜੀਵਾਤਮਾ। ਛੂਟਿਓ—ਵੱਖ ਹੋ ਜਾਂਦਾ ਹੈ, ਨਿਕਲ ਜਾਂਦਾ ਹੈ। ਦੇਹ ਤੇ—ਦੇਹੀ ਤੋਂ। ਡਾਰਿ ਅਗਨਿ ਮਹਿ ਦੀਨਾ—ਅਗਨੀ ਵਿਚ ਸੁੱਟ ਦਿਤਾ ਜਾਂਦਾ ਹੈ।੧।

ਜੀਵਤ ਲਉ—ਜ਼ਿੰਦਗੀ ਤਕ। ਬਿਉਹਾਰੁ—ਵਰਤਾਰਾ। ਜਾਨਉ—ਜਾਨਹੁ, ਜਾਣੋ। ਸੁਫਨ ਸਮਾਨਉ—ਸੁਪਨੇ ਵਾਂਗ।੨।

KhalsaSpirit.com

ਅਰਥ :

ਹੇ ਮਨ! (ਗ਼ਫ਼ਲਤ ਦੀ ਨੀਂਦ ਵਿਚੋਂ) ਹੋਸ਼ ਵਿਚ ਆ, ਹੋਸ਼ ਵਿਚ ਆ। ਤੂੰ ਕਿਉਂ (ਅਗਿਆਨਤਾ ਦੀ ਨੀਂਦ ਵਿਚ) ਅਵੇਸਲਾ ਹੋ ਕੇ ਸੁੱਤਾ ਪਿਆ ਹੈਂ? (ਇਹ ਨਿਸਚੇ ਕਰ ਕੇ ਜਾਣ ਕਿ) ਇਹ ਸਰੀਰ ਜਿਹੜਾ ਜੀਵ ਦੇ ਨਾਲ ਹੀ ਪੈਦਾ ਹੋਇਆ ਹੈ, ਕਿਸੇ ਨਾਲ ਤੋੜ ਨਹੀਂ ਨਿਭਿਆ।੧।ਰਹਾਉ।

(ਹੇ ਮਨ!) ਮਾਤਾ, ਪਿਤਾ, ਪੁੱਤਰ ਤੇ ਸਨਬੰਧੀ, ਜਿਨ੍ਹਾਂ ਨਾਲ ਤੂੰ ਪਿਆਰ ਪਾਇਆ ਹੋਇਆ ਹੈ, ਜਦੋਂ ਹੀ ਜੀਵਾਤਮਾ ਦੇਹੀ ਵਿਚੋਂ ਉਡਾਰੀ ਮਾਰ ਜਾਂਦਾ ਹੈ ਤਦੋਂ (ਸਨਬੰਧੀਆਂ ਵਲੋਂ ਸਰੀਰ ਨੂੰ) ਅੱਗ ਦੇ ਹਵਾਲੇ ਕਰ ਦਿਤਾ ਜਾਂਦਾ ਹੈ।੧।

(ਹੇ ਮਨ!) ਸੰਸਾਰ ਨੂੰ ਇਉਂ ਸਮਝ ਕਿ ਇਸ ਦਾ (ਭਾਵ, ਰਿਸ਼ਤੇਦਾਰਾਂ ਤੇ ਮਿੱਤਰਾਂ ਦੋਸਤਾਂ ਦਾ) ਵਰਤੋਂ-ਵਿਹਾਰ ਜੀਊਣ ਤਕ ਹੀ ਰਹਿੰਦਾ ਹੈ। ਸ਼ਬਦ ਦੇ ਅੰਤ ਵਿਚ 'ਨਾਨਕ' ਮੁਹਰ ਛਾਪ ਲਾ ਕੇ ਮਨ ਨੂੰ ਉਪਦੇਸ਼ ਕਰਦੇ ਹਨ (ਹੇ ਮਨ! ਗ਼ਫ਼ਲਤ ਨਾ ਕਰ) ਵਾਹਿਗੁਰੂ ਦੇ ਗੁਣ ਗਾ ਲੈ, ਇਹ ਸਾਰੀ ਜਗਤ-ਰਚਨਾ ਸੁਪਨੇ ਵਾਂਗ ਹੀ (ਨਿਰਮੂਲ) ਹੈ।੨।੨।

ਤਿਲੰਗ ਮਹਲਾ ੯

ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ ॥
ਅਉਸਰੁ ਬੀਤਿਓ ਜਾਤੁ ਹੈ
ਕਹਿਓ ਮਾਨਿ ਲੈ ਮੇਰੋ ॥੧॥ਰਹਾਉ॥
ਸੰਪਤਿ ਰਥ ਧਨ ਰਾਜ ਸਿਉ
ਅਤਿ ਨੇਹੁ ਲਗਾਇਓ ॥
ਕਾਲ ਫਾਸ ਜਬ ਗਲਿ ਪਰੀ
ਸਭੁ ਭਇਓ ਪਰਾਇਓ ॥੧॥
ਜਾਨਿ ਬੂਝਿ ਕੈ ਬਾਵਰੇ
ਤੈ ਕਾਜੁ ਬਿਗਾਰਿਓ ॥
ਪਾਪ ਕਰਤ ਸੁਕਚਿਓ ਨਹੀ
ਨਹ ਗਰਬੁ ਨਿਵਾਰਿਓ ॥੨॥
ਜਿਹ ਬਿਧਿ ਗੁਰਿ ਉਪਦੇਸਿਆ
ਸੋ ਸੁਨੁ ਰੇ ਭਾਈ ॥
ਨਾਨਕੁ ਕਹਤੁ ਪੁਕਾਰਿ ਕੈ
ਗਹੁ ਪ੍ਰਭ ਸਰਨਾਈ ॥੩॥੩॥

ਪਦ ਅਰਥ :

ਜਸੁ—ਗੁਣਾਨਵਾਦ। ਸੰਗੀ—(ਨਾਲ ਨਿਭਣ ਵਾਲਾ) ਸਾਥੀ। ਅਉਸਰੁ ਬੀਤਿਓ ਜਾਤੁ ਹੈ—ਜੀਵਨ ਦਾ ਸਮਾਂ ਬੀਤਦਾ ਜਾ ਰਿਹਾ ਹੈ। ਕਹਿਓ ਮੇਰੋ—ਮੇਰਾ ਕਿਹਾ। ਮਾਨਿ ਲੈ—ਮੰਨ ਲੈ।੧। ਰਹਾਉ।

ਸੰਪਤਿ—ਸੰਪਤੀ, ਦੌਲਤ। ਰਾਜ ਸਿਉ—ਰਾਜ ਨਾਲ। ਅਤਿ ਨੇਹੁ ਲਗਾਇਓ—ਅਤੀ (ਬਹੁਤਾ) ਪਿਆਰ ਲਗਾਇਆ ਹੋਇਆ ਹੈ। ਕਾਲ ਫਾਸ—ਕਾਲ ਦੀ ਫਾਹੀ। ਗਲਿ ਪਰੀ—ਗਲ ਵਿਚ ਪਈ। ਸਭੁ—ਸਭ ਕੁਝ। ਪਰਾਇਓ—ਬਿਗਾਨਾ।੧।

ਬਾਵਰੇ–ਹੇ ਬਾਵਲੇ, ਪਾਗ਼ਲ। ਤੈ–(ਉਚਾਰਣ ਨਾਸਕੀ) ਤੂੰ। ਕਾਜੁ ਬਿਗਾਰਿਓ–ਕੰਮ ਵਿਗਾੜ ਲਿਆ ਹੈ। ਪਾਪ ਕਰਤ–ਪਾਪ ਕਰਦਿਆਂ। ਸੁਕਚਿਓ ਨਹੀ–ਸੰਕੋਚ ਨਹੀਂ ਕੀਤਾ, ਝਿਜਕਿਆ ਨਹੀਂ। ਨਹ ਗਰਬੁ ਨਿਵਾਰਿਓ–ਹੰਕਾਰ ਦੂਰ ਨਹੀਂ ਕੀਤਾ।੨।

ਜਿਹ ਬਿਧਿ–ਜਿਸ ਤਰ੍ਹਾਂ। ਗੁਰਿ–ਗੁਰੂ ਨੇ। ਨਾਨਕੁ ਕਹਤੁ–ਨਾਨਕ ਕਹਿੰਦਾ ਹੈ। ਪੁਕਾਰਿ ਕੈ–ਕੂਕ ਕੂਕ ਕੇ, ਦੁਹਾਈ ਦੇ ਦੇ ਕੇ। ਗਹੁ–ਪਕੜ। ਪ੍ਰਭ ਸਰਨਾਈ–ਪ੍ਰਭੂ ਦੀ ਸ਼ਰਨ।੩।

ਅਰਥ :

ਹੇ ਮਨ! ਵਾਹਿਗੁਰੂ ਦਾ ਜਸ ਗਾ ਲੈ, ਜਿਹੜਾ (ਲੋਕ ਪ੍ਰਲੋਕ ਵਿਚ ਨਾਲ ਨਿਭਣ ਵਾਲਾ) ਤੇਰਾ ਸਾਥੀ ਹੈ। ਮੇਰਾ ਆਖਿਆ ਮੰਨ ਲੈ (ਅਤੇ ਛੇਤੀ ਹਰਿ-ਜਸ ਕਰਨਾ ਅਰੰਭ ਦੇਹ, ਕਿਉਂਕਿ) ਉਮਰ ਦਾ ਸਮਾਂ ਬੀਤਦਾ ਜਾ ਰਿਹਾ ਹੈ।੧। ਰਹਾਉ।

ਮਾਇਕ ਸਮੱਗਰੀ, ਰੱਥ, ਧਨ ਤੇ ਰਾਜ ਆਦਿ ਨਾਲ ਤੂੰ ਗੂੜ੍ਹਾ ਮੋਹ ਪਾ ਰਖਿਆ ਹੈ, ਪਰ ਜਦੋਂ ਕਾਲ ਦੀ ਫਾਹੀ (ਤੇਰੇ) ਗਲ ਵਿਚ ਪਈ, ਇਹ ਸਭ ਕੁਝ ਬਿਗਾਨਾ ਹੋ ਜਾਏਗਾ।੧।

ਹੇ ਪਾਗ਼ਲ (ਮਨ!) ਤੂੰ ਜਾਣ ਬੁਝ ਕੇ ਆਪਣਾ ਕੰਮ ਵਿਗਾੜ ਲਿਆ ਹੈ; ਪਾਪ ਕਰਨ ਤੋਂ ਕਦੀ ਝਿਜਕਿਆ ਨਹੀਂ ਅਤੇ ਨਾ ਹੀ ਤੂੰ ਹੰਕਾਰ ਛਡਿਆ ਹੈ (ਜੋ ਕਿ ਸਾਰੇ ਮਨੁੱਖੀ ਗੁਣਾਂ ਦਾ ਘਾਤਕ ਹੈ)।੨।

ਹੇ ਭਾਈ! ਸਤਿਗੁਰੂ ਨੇ ਜਿਸ ਪ੍ਰਕਾਰ, ਉਪਦੇਸ਼ ਕੀਤਾ ਹੈ, ਉਸ ਨੂੰ (ਗਹੁ ਨਾਲ) ਸੁਣ! ਨਾਨਕ ਤੈਨੂੰ ਕੂਕ ਕੂਕ ਕੇ ਆਖਦਾ ਹੈ ਕਿ (ਤੇਰੇ ਛੁਟਕਾਰੇ ਦਾ ਇਕੋ ਸਾਧਨ ਹੈ) ਪ੍ਰਭੂ ਦੀ ਸ਼ਰਨ ਫੜ ਲੈ।੩।੩।

ੴ ਸਤਿਗੁਰਪ੍ਰਸਾਦਿ ॥

ਰਾਗੁ ਬਿਲਾਵਲੁ ਮਹਲਾ ੯ ਦੁਪਦੇ

ਦੁਖ ਹਰਤਾ ਹਰਿ ਨਾਮੁ ਪਛਾਨੋ ॥
ਅਜਾਮਲੁ ਗਨਿਕਾ ਜਿਹ ਸਿਮਰਤ
ਮੁਕਤ ਭਏ ਜੀਅ ਜਾਨੋ ॥੧॥ਰਹਾਉ॥
ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ
ਜਬ ਹੀ ਰਾਮੁ ਬਖਾਨੋ ॥
ਨਾਰਦ ਕਹਤ ਸੁਨਤ ਧ੍ਰੂਅ ਬਾਰਿਕ
ਭਜਨ ਮਾਹਿ ਲਪਟਾਨੋ ॥੧॥
ਅਚਲ ਅਮਰ ਨਿਰਭੈ ਪਦੁ ਪਾਇਓ
ਜਗਤੁ ਜਾਹਿ ਹੈਰਾਨੋ ॥
ਨਾਨਕੁ ਕਹਤੁ ਭਗਤ ਰਛਕ ਹਰਿ
ਨਿਕਟਿ ਤਾਹਿ ਤੁਮ ਮਾਨੋ ॥੨॥੧॥

ਪਦ ਅਰਥ :

ਦੁਖ ਹਰਤਾ—ਦੁਖਾਂ ਦਾ ਨਾਸ ਕਰਨ ਵਾਲਾ। ਪਛਾਨੋ—ਪਛਾਨੁ, ਸਮਝ। ਅਜਾਮਲੁ—ਇਕ ਵਿਕਾਰੀ ਮਨੁੱਖ ਦਾ ਨਾਂ ਹੈ। ਗਨਿਕਾ—ਇਕ ਵੇਸਵਾ। ਜਿਹ ਸਿਮਰਤ—ਜਿਸ ਨੂੰ ਸਿਮਰ ਕੇ। ਮੁਕਤ ਭਏ—ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਗਏ। ਜੀਅ—ਹੇ ਜੀਅੜੇ! ਜਾਨੋ—ਜਾਨੁ, ਜਾਣ ਲੈ।੧।ਰਹਾਉ।

ਗਜ—ਹਾਥੀ। ਤ੍ਰਾਸ—ਬਿਪਤਾ, ਤਕਲੀਫ਼। ਛਿਨਹੂ ਮਹਿ—ਅੱਖ ਦੇ ਪਲਕਾਰੇ ਵਿਚ [ਛਿਨਹੂ—'ਹੂ' ਉਚਾਰਣ ਨਾਸਕੀ]। ਬਖਾਨੋ—ਬਖਾਨਿਆ, ਆਖਿਆ। ਨਾਰਦ—ਇਕ ਰਿਸ਼ੀ। ਕਹਤ—ਆਖਿਆ ਹੋਇਆ, ਉਪਦੇਸ਼। ਸੁਨਤ—ਸੁਣਨ ਸਾਰ। ਧ੍ਰੂਅ ਬਾਰਿਕ—ਬਾਲਕ ਧ੍ਰੂਅ (ਭਗਤ)। ਭਜਨ ਮਾਹਿ—ਭਜਨ ਵਿਚ। ਲਪਟਾਨੋ—ਲਪਟ ਗਿਆ, ਦ੍ਰਿੜ੍ਹਤਾ ਨਾਲ ਜੁੱਟ ਗਿਆ।੧।

ਅਚਲ—ਅਟੱਲ। ਅਮਰ—ਕਦੇ ਨਾ ਬਿਨਸਣ ਵਾਲਾ। ਨਿਰਭੈ ਪਦੁ—

KhalsaSpirit.com

ਭੈ-ਰਹਿਤ ਪਦ, ਜਿਥੇ ਕੋਈ ਡਰ ਨਾ ਵਿਆਪੇ। ਜਾਹਿ—ਜਿਸ ਨੇ। ਭਗਤ-ਰਛਕ ਹਰਿ—ਭਗਤਾਂ ਦੀ ਰਖਿਆ ਕਰਨ ਵਾਲਾ (ਹਰੀ)। ਨਿਕਟਿ ਤਾਹਿ ਤੁਮ ਮਾਨੋ— ਉਸ ਨੂੰ ਅੰਗ-ਸੰਗ ਜਾਣੋ।੨।

[*ਨੋਟ*—ਅਜਾਮਲ, ਗਨਿਕਾ, ਗਜ, ਨਾਰਦ ਤੇ ਧ੍ਰੂਅ ਬਾਰੇ ਬਿਉਰਾ ਅੰਤ ਵਿਚ ਵੇਖੋ।]

ਅਰਥ :

(ਮੇਰੇ ਜੀਅੜੇ!) ਵਾਹਿਗੁਰੂ ਦੇ ਨਾਮ ਨੂੰ ਦੁਖਾਂ ਦਾ ਨਾਸ ਕਰਨ ਵਾਲਾ ਸਮਝ; ਜਿਸ ਨਾਮ ਨੂੰ ਸਿਮਰ ਕੇ ਅਜਾਮਲ ਅਤੇ ਗਨਿਕਾ (ਵਰਗੇ ਪਾਪੀ ਜੀਵ) (ਵਿਕਾਰਾਂ ਅਤੇ ਜਨਮ ਮਰਨ ਤੋਂ)ਮੁਕਤ ਹੋ ਗਏ।੧। ਰਹਾਉ।

(ਜਦੋਂ ਹੀ) ਵਾਹਿਗੁਰੂ ਦੇ ਨਾਮ ਨੂੰ ਉਚਾਰਿਆ, ਗਜ (ਹਾਥੀ) ਦੀ ਬਿਪਤਾ ਛਿਨ ਵਿਚ ਹੀ ਟਲ ਗਈ। ਨਾਰਦ ਦਾ ਕਹਿਆ ਹੋਇਆ ਉਪਦੇਸ਼ ਸੁਣਦੇ ਸਾਰ ਹੀ ਬਾਲਕ ਧ੍ਰੂਅ ਹਰਿ-ਨਾਮ ਦੇ ਸਿਮਰਨ ਵਿਚ (ਦ੍ਰਿੜ੍ਹਤਾ ਨਾਲ) ਜੁੱਟ ਗਿਆ।੧।

(ਹਰਿ-ਨਾਮ ਸਿਮਰਨ ਦੇ ਤੁਫ਼ੈਲ ਧ੍ਰੂਅ ਨੇ) ਕਦੇ ਨਾ ਬਿਨਸਣ ਵਾਲਾ ਅਸਥਿਰ ਤੇ ਭੈ-ਰਹਿਤ ਆਤਮਕ-ਪਦ ਪ੍ਰਾਪਤ ਕਰ ਲਿਆ, ਜਿਸ ਨੇ ਸੰਸਾਰ ਨੂੰ ਚਕ੍ਰਿਤ ਕਰ ਦਿਤਾ। ਨਾਨਕ ਆਖਦਾ ਹੈ (ਹੇ ਮੇਰੇ ਜੀਅੜੇ!) ਜਿਹੜਾ ਵਾਹਿਗੁਰੂ ਆਪਣੇ ਭਗਤਾਂ ਦਾ ਰਖਵਾਲਾ ਹੈ, ਉਸ ਨੂੰ ਸਦਾ ਅੰਗ-ਸੰਗ ਵਸਦਾ ਜਾਣ।੨।੧।

ਬਿਲਾਵਲੁ ਮਹਲਾ ੯

ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥
ਭਗਤਿ ਬਿਨਾ ਸਹਸਾ ਨਹ ਚੂਕੈ
ਗੁਰੁ ਇਹੁ ਭੇਦੁ ਬਤਾਵੈ ॥੧॥ਰਹਾਉ॥
ਕਹਾ ਭਇਓ ਤੀਰਥ ਬ੍ਰਤ ਕੀਏ
ਰਾਮ ਸਰਨਿ ਨਹੀ ਆਵੈ ॥
ਜੋਗ ਜਗ ਨਿਹਫਲ ਤਿਹ ਮਾਨਉ
ਜੋ ਪ੍ਰਭ ਜਸੁ ਬਿਸਰਾਵੈ ॥੧॥
ਮਾਨ ਮੋਹ ਦੋਨੋ ਕਉ ਪਰਹਰਿ
ਗੋਬਿੰਦ ਕੇ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ
ਜੀਵਨ ਮੁਕਤ ਕਹਾਵੈ ॥੨॥੨॥

ਪਦ ਅਰਥ :

ਭਗਤਿ—ਭਗਤੀ । ਸਹਸਾ—ਭਰਮ । ਨਹ ਚੂਕੈ—ਦੂਰ ਨਹੀਂ ਹੁੰਦਾ । ਭੇਦੁ—ਭੇਤ, ਗੁੱਝਾ ਰਾਜ਼ ।੧। ਰਹਾਉ।

ਕਹਾ ਭਇਓ—ਕੀ ਹੋਇਆ, ਕੀ ਮੱਲ ਮਾਰ ਲਈ ? [ਕਹਾ—ਪ੍ਰਸ਼ਨ-ਵਾਚੀ ਪੜਨਾਉਂ, ਉਚਾਰਣ ਨਾਸਕਤਾ-ਰਹਿਤ]।

ਤੀਰਥ ਬ੍ਰਤ ਕੀਏ—ਤੀਰਥ-ਇਸ਼ਨਾਨ ਕੀਤੇ ਤੇ ਵਰਤ ਰਖੇ । ਜੋਗ—ਜੋਗ ਦੇ ਸਾਧਨ । ਜਗ—ਹਵਨ ਆਦਿਕ । ਨਿਹਫਲ—ਬੇਅਰਥ, ਬੇਫ਼ਾਇਦਾ । ਤਿਹ—ਉਸ ਦੇ । ਮਾਨਉ—ਮਾਨਹੁ, ਸਮਝੋ । ਪ੍ਰਭ ਜਸੁ—ਪ੍ਰਭੂ ਦਾ ਗੁਣਾਨਵਾਦ ।੧।

ਮਾਨ—ਹੰਕਾਰ । ਪਰਹਰਿ—ਛਡ ਕੇ, ਤਿਆਗ ਕੇ । ਇਹ ਬਿਧਿ ਕੋ—ਇਸ ਤਰ੍ਹਾਂ ਦਾ । ਜੀਵਨ ਮੁਕਤ—ਜੀਊਂਦੇ-ਜੀਅ ਵਿਕਾਰਾਂ ਤੋਂ ਮੁਕਤ । ਕਹਾਵੈ—ਅਖਵਾਂਦਾ ਹੈ ।੨।

ਅਰਥ :

ਵਾਹਿਗੁਰੂ ਦੇ ਨਾਮ ਸਿਮਰਨ ਤੋਂ ਬਿਨਾਂ (ਜੀਵ) ਦੁਖ ਹੀ ਭੋਗਦਾ ਰਹਿੰਦਾ ਹੈ। ਗੁਰੂ ਹੀ ਇਹ ਗੁੱਝਾ ਭੇਤ ਦਸਦਾ ਹੈ ਕਿ (ਵਾਹਿਗੁਰੂ ਦੀ) ਭਗਤੀ ਤੋਂ ਬਿਨਾਂ (ਜੀਵ ਦਾ) ਭਰਮ ਨਹੀਂ ਮਿਟ ਸਕਦਾ।੧।ਰਹਾਉ।

ਜੇ ਪ੍ਰਾਣੀ ਵਾਹਿਗੁਰੂ ਦੀ ਸ਼ਰਨ ਵਿਚ ਨਹੀਂ ਆਇਆ (ਅਤੇ ਇਸ ਦੀ ਬਜਾਏ) ਤੀਰਥ-ਇਸ਼ਨਾਨ ਕਰ ਲਏ, ਅਥਵਾ ਵਰਤ ਰਖ ਲਏ, ਤਾਂ ਕੀ (ਹਾਸਲ) ਹੋਇਆ ? ਜਿਹੜਾ ਪ੍ਰਾਣੀ ਪ੍ਰਭੂ ਦਾ ਜਸ ਵਿਸਾਰ ਦਿੰਦਾ ਹੈ, ਉਸ ਦੇ ਜੋਗ-ਸਾਧਨ ਕਰਨੇ ਅਤੇ ਜਗ ਆਦਿ ਕਰਨੇ (ਸਾਰੇ) ਫ਼ਜ਼ੂਲ ਸਮਝੋ।੧।

(ਸਹੀ ਅਰਥਾਂ ਵਿਚ ਮਨੁੱਖ ਉਹ ਹੀ ਹੈ, ਜਿਹੜਾ) ਹੰਕਾਰ ਤੇ ਮੋਹ ਦੋਹਾਂ ਨੂੰ ਤਿਆਗ ਕੇ ਵਾਹਿਗੁਰੂ ਦੇ ਗੁਣ ਗਾਉਂਦਾ ਹੈ; ਨਾਨਕ ਦਾ ਇਹ ਕਥਨ ਹੈ ਕਿ ਇਸ ਤਰ੍ਹਾਂ ਦਾ (ਆਦਰਸ਼ਕ ਜੀਵਨ ਵਾਲਾ) ਪ੍ਰਾਣੀ ਜੀਵਨ-ਮੁਕਤ ਆਖਿਆ ਜਾਂਦਾ ਹੈ।੨।੨।

ਬਿਲਾਵਲੁ ਮਹਲਾ ੯

ਜਾ ਮਹਿ ਭਜਨੁ ਰਾਮ ਕੋ ਨਾਂਹੀ ॥
ਤਿਹ ਨਰਿ ਜਨਮੁ ਅਕਾਰਥੁ ਖੋਇਆ
ਯਹ ਰਾਖਹੁ ਮਨ ਮਾਹੀ ॥੧॥ਰਹਾਉ॥
ਤੀਰਥ ਕਰੈ ਬ੍ਰਤ ਫੁਨਿ ਰਾਖੈ
ਨਹ ਮਨੂਆ ਬਸਿ ਜਾ ਕੋ ॥
ਨਿਹਫਲ ਧਰਮ ਤਾਹਿ ਤੁਮ ਮਾਨੋ
ਸਾਚੁ ਕਹਤ ਮੈ ਯਾ ਕਉ ॥੧॥
ਜੈਸੇ ਪਾਹਨੁ ਜਲ ਮਹਿ ਰਾਖਿਓ
ਭੇਦੈ ਨਾਹਿ ਤਿਹ ਪਾਨੀ ॥
ਤੈਸੇ ਹੀ ਤੁਮ ਤਾਹਿ ਪਛਾਨੋ
ਭਗਤਿ ਹੀਨ ਜੋ ਪ੍ਰਾਨੀ ॥੨॥
ਕਲਿ ਮਹਿ ਮੁਕਤਿ ਨਾਮ ਤੇ ਪਾਵਤ
ਗੁਰ ਯਹ ਭੇਦੁ ਬਤਾਵੈ ॥
ਕਹੁ ਨਾਨਕ ਸੋਈ ਨਰੁ ਗਰੂਆ
ਜੋ ਪ੍ਰਭ ਕੇ ਗੁਨ ਗਾਵੈ ॥੩॥੩॥

ਪਦ ਅਰਥ :

ਜਾ ਮਹਿ—ਜਿਸ (ਪ੍ਰਾਣੀ) ਵਿਚ। ਤਿਹ ਨਰਿ—ਉਸ ਪ੍ਰਾਣੀ ਨੇ। ਅਕਾਰਥੁ—ਬੇਫ਼ਾਇਦਾ, ਅਜਾਈਂ। ਯਹ—ਇਹ (ਸੱਚਾਈ)। ਯਹ ਰਾਖਹੁ ਮਨ ਮਾਹੀ—(ਇਹ ਸੱਚਾਈ) ਮਨ ਵਿਚ ਦ੍ਰਿੜ੍ਹ ਕਰੋ।੧।ਰਹਾਉ।

ਫੁਨਿ—ਫਿਰ, ਅਤੇ, ਵੀ। ਰਾਖੈ—ਰਖਦਾ ਹੈ। ਮਨੂਆ—ਮਨ। ਬਸਿ—ਵਸ ਵਿਚ। ਨਹ ਮਨੂਆ ਬਸਿ ਜਾ ਕੋ—ਜਿਸ ਦਾ ਮਨ ਵਸ ਵਿਚ ਨਹੀਂ। ਨਿਹਫਲ—ਬੇ-ਅਰਥ। ਤਾਹਿ—ਉਸ ਦਾ (ਅਜਿਹੇ ਮਨੁੱਖ ਦਾ)। ਮਾਨੋ—ਸਮਝੋ। ਸਾਚੁ—ਯਥਾਰਥ, ਸਚੁ। ਯਾ ਕਉ—ਇਸ (ਸੱਚਾਈ) ਨੂੰ।੧।

ਪਾਹਨੁ—ਪੱਥਰ। ਜਲ ਮਹਿ—ਪਾਣੀ ਵਿਚ। ਭੇਦੈ ਨਾਹਿ—ਨਹੀਂ ਵਿੰਨ੍ਹ ਸਕਦਾ। ਪਛਾਨੋ—ਜਾਣੋ। ਭਗਤਿ ਹੀਨ—ਭਗਤੀ ਤੋਂ ਵਿਰਵਾ।੨।

ਕਲਿ ਮਹਿ—ਕਲਿਜੁਗ ਵਿਚ। ਤੇ—ਤੋਂ। ਮੁਕਤਿ—ਮੁਕਤੀ, ਵਿਕਾਰਾਂ ਅਤੇ ਜਨਮ ਮਰਨ ਤੋਂ ਖ਼ਲਾਸੀ। ਭੇਦੁ—ਭੇਤ, ਗੁੱਝਾ ਰਾਜ਼। ਗਰੂਆ—ਗੌਰਵ ਵਾਲਾ, ਭਾਰਾ, ਆਦਰ ਯੋਗ।੩।

ਅਰਥ :

ਇਹ ਗੱਲ ਪੱਕੀ ਤਰ੍ਹਾਂ ਮਨ ਵਿਚ ਵਸਾ ਲਉ ਕਿ ਜਿਸ ਦੇ ਅੰਦਰ ਵਾਹਿਗੁਰੂ ਨਾਮ ਦਾ ਭਜਨ ਨਹੀਂ, ਉਸ ਪ੍ਰਾਣੀ ਨੇ ਆਪਣਾ ਜੀਵਨ ਵਿਅਰਥ ਹੀ ਗੁਆ ਲਿਆ ਹੈ।੧। ਰਹਾਉ।

(ਭਾਵੇਂ ਕੋਈ ਪ੍ਰਾਣੀ) ਤੀਰਥ-ਇਸ਼ਨਾਨ ਕਰਦਾ ਹੈ, ਅਤੇ ਵਰਤ ਵੀ ਰਖਦਾ ਹੈ, ਪਰ ਜਿਸ ਦਾ ਮਨ ਵਸ ਵਿਚ ਨਹੀਂ ਹੈ, ਉਸ ਦੇ ਸਾਰੇ ਕਰਮ ਧਰਮ ਤੁਸੀਂ ਫ਼ਜ਼ੂਲ ਸਮਝੋ, ਮੈਂ ਇਹ ਸੱਚ ਆਖਦਾ ਹਾਂ।੧।

ਜਿਵੇਂ ਪੱਥਰ ਪਾਣੀ ਵਿਚ ਰਖਿਆ ਜਾਏ, ਤਾਂ ਪਾਣੀ ਉਸ ਵਿਚ ਪਰਵੇਸ਼ ਨਹੀਂ ਕਰ ਸਕਦਾ (ਭਾਵ, ਪੱਥਰ ਅਭਿਜ ਹੀ ਰਹਿੰਦਾ ਹੈ); ਇਸੇ ਤਰ੍ਹਾਂ ਤੁਸੀਂ ਉਸ ਪ੍ਰਾਣੀ ਨੂੰ ਜਾਣੋ ਜੋ ਵਾਹਿਗੁਰੂ ਦੀ ਭਗਤੀ ਤੋਂ ਵਿਰਵਾ (ਅਭਿਜ) ਹੈ (ਭਾਵ, ਪ੍ਰੇਮਾ ਭਗਤੀ ਤੋਂ ਕੋਰਾ ਪੱਥਰ-ਚਿਤ ਮਨੁੱਖ ਚੰਗੀ ਸੰਗਤ ਦਾ ਕੋਈ ਅਸਰ ਨਹੀਂ ਕਬੂਲਦਾ)।੨।

ਸਤਿਗੁਰੂ ਇਹ ਗੁੱਝਾ ਰਾਜ਼ ਸਮਝਾਂਦਾ ਹੈ ਕਿ ਕਲਿਜੁਗ ਵਿਚ (ਪ੍ਰਾਣੀ) ਵਾਹਿਗੁਰੂ ਦੇ ਨਾਮ ਦੀ ਰਾਹੀਂ ਹੀ ਮੁਕਤੀ (ਭਾਵ, ਵਿਕਾਰਾਂ ਤੋਂ ਤੇ ਜਨਮ ਮਰਨ ਤੋਂ ਖ਼ਲਾਸੀ) ਪਾ ਸਕਦਾ ਹੈ; ਨਾਨਕ ਦਾ ਕਥਨ ਹੈ ਕਿ ਉਹੀ ਪ੍ਰਾਣੀ ਗੌਰਵ-ਸ਼ੀਲ ਹੈ, ਜਿਹੜਾ ਪ੍ਰਭੂ ਦੇ ਗੁਣ ਗਾਉਂਦਾ ਹੈ।੩।੩।

੧ੴ ਸਤਿਗੁਰਪ੍ਰਸਾਦਿ ॥

ਰਾਗੁ ਰਾਮਕਲੀ ਮਹਲਾ ੯ ਤਿਪਦੇ

ਰੇ ਮਨ ਓਟ ਲੇਹੁ ਹਰਿ ਨਾਮਾ ॥
ਜਾ ਕੈ ਸਿਮਰਨਿ ਦੁਰਮਤਿ ਨਾਸੈ
ਪਾਵਹਿ ਪਦੁ ਨਿਰਬਾਨਾ ॥੧॥ਰਹਾਉ॥
ਬਡਭਾਗੀ ਤਿਹ ਜਨ ਕਉ ਜਾਨਉ
ਜੋ ਹਰਿ ਕੇ ਗੁਨ ਗਾਵੈ ॥
ਜਨਮ ਜਨਮ ਕੇ ਪਾਪ ਖੋਇ ਕੈ
ਫੁਨਿ ਬੈਕੁੰਠਿ ਸਿਧਾਵੈ ॥੧॥
ਅਜਾਮਲ ਕਉ ਅੰਤ ਕਾਲ ਮਹਿ
ਨਾਰਾਇਨ ਸੁਧਿ ਆਈ ॥
ਜਾਂ ਗਤਿ ਕਉ ਜੋਗੀਸੁਰ ਬਾਛਤ
ਸੋ ਗਤਿ ਛਿਨ ਮਹਿ ਪਾਈ ॥੨॥
ਨਾਹਿਨ ਗੁਨੁ ਨਾਹਿਨ ਕਛੁ ਬਿਦਿਆ
ਧਰਮ ਕਉਨੁ ਗਜਿ ਕੀਨਾ ॥
ਨਾਨਕ ਬਿਰਦੁ ਰਾਮ ਕਾ ਦੇਖਹੁ
ਅਭੈ ਦਾਨੁ ਤਿਹ ਦੀਨਾ ॥੩॥੧॥

ਪਦ ਅਰਥ :

ਓਟ—ਸਹਾਰਾ, ਆਸਰਾ। ਜਾ ਕੈ ਸਿਮਰਨਿ—ਜਿਸ (ਨਾਮ) ਦੇ ਸਿਮਰਨ ਦੁਆਰਾ, ਜਿਸ ਦੇ ਸਿਮਰਨ ਦੀ ਬਰਕਤ ਨਾਲ। ਦੁਰਮਤਿ—ਖੋਟੀ ਮਤਿ। ਪਾਵਹਿ—('ਹਿ' ਉਚਾਰਣ ਨਾਸਕੀ) ਤੂੰ ਪਾਵੇਂਗਾ। ਪਦੁ ਨਿਰਬਾਨਾ—ਮੁਕਤਿ ਪਦ।੧।ਰਹਾਉ।

ਬਡਭਾਗੀ—ਵੱਡੇ ਭਾਗਾਂ ਵਾਲਾ। ਤਿਹ ਜਨ ਕਉ—ਉਸ ਮਨੁੱਖ ਨੂੰ। ਜਾਨਉ—ਜਾਨਹੁ, ਸਮਝੋ। ਗਾਵੈ—ਗਾਉਂਦਾ ਹੈ। ਖੋਇ ਕੈ—ਗਵਾ ਕੇ। ਫੁਨਿ—ਫਿਰ। ਬੈਕੁੰਠਿ—ਬੈਕੁੰਠ ਵਿਚ, ਸਚਖੰਡ (ਸਾਧ ਸੰਗਤਿ) ਵਿਚ।

ਸਿਧਾਵੈ—ਅਪੜ ਜਾਂਦਾ ਹੈ।੧।

ਅਜਾਮਲ—ਇਕ ਵਿਕਾਰੀ ਮਨੁੱਖ ਦਾ ਨਾਂ। ਅੰਤ ਕਾਲ ਮਹਿ—ਅੰਤ ਸਮੇਂ ਵਿਚ। ਨਾਰਾਇਨ ਸੁਧਿ—ਪ੍ਰਭੂ ਦੀ ਸੂਝ। ਗਤਿ—ਗਤੀ, ਉਚੀ ਅਵਸਥਾ। ਜੋਗੀਸੁਰ—ਯੋਗੀਰਾਜ, ਵਡੇ ਵਡੇ ਯੋਗੀ।ਬਾਛਤ—ਲੋਚਦੇ ਹਨ।ਛਿਨ ਮਹਿ—ਪਲ ਵਿਚ।੨।

ਨਾਹਿਨ—ਨਹੀਂ ਹੈ। ਗਜਿ—ਗਜ ਨੇ, ਹਾਥੀ ਨੇ (ਇਕ ਮਿਥਿਹਾਸਕ ਹਾਥੀ ਵਲ ਇਸ਼ਾਰਾ ਹੈ)। ਬਿਰਦੁ—ਰਵਾਇਤ, ਆਦਿ ਕਾਲ ਤੋਂ ਕਿਰਪਾਲੂ ਅਤੇ ਬਖ਼ਸ਼ਿੰਦ ਸੁਭਾਉ। ਅਭੈ ਦਾਨੁ—ਨਿਰਭੈਤਾ ਦਾ ਦਾਨ। ਤਿਹ—ਉਸ ਹਾਥੀ ਨੂੰ।੩।

[*ਨੋਟ*—ਅਜਾਮਲ ਤੇ ਗਜ ਬਾਰੇ ਜਾਣਕਾਰੀ ਲਈ ਦੇਖੋ ਅੰਤਿਕਾ।]

ਅਰਥ :

ਹੇ ਮਨ! (ਉਸ ਵਾਹਿਗੁਰੂ ਦੇ) ਨਾਮ ਦਾ ਆਸਰਾ ਲੈ, ਜਿਸ ਦੇ ਸਿਮਰਨ ਦੀ ਬਰਕਤ ਨਾਲ ਤੇਰੀ ਖੋਟੀ ਮਤਿ ਦੂਰ ਹੋ ਜਾਏਗੀ ਅਤੇ ਤੂੰ ਮੁਕਤਿ ਪਦ ਨੂੰ ਪ੍ਰਾਪਤ ਹੋ ਜਾਏਂਗਾ (ਭਾਵ, ਵਿਕਾਰ-ਰਹਿਤ, ਆਤਮਕ ਪਦ ਹਾਸਲ ਕਰ ਲਏਂਗਾ)।੧।ਰਹਾਉ।

ਉਸ ਮਨੁੱਖ ਨੂੰ ਵਡੇ ਭਾਗਾਂ ਵਾਲਾ ਜਾਣੋ ਜਿਹੜਾ ਅਕਾਲ ਪੁਰਖ ਦੇ ਗੁਣ ਗਾਉਂਦਾ ਹੈ। (ਅਜਿਹਾ ਵਡਭਾਗੀ ਮਨੁੱਖ) ਜਨਮ-ਜਨਮਾਂਤਰਾਂ ਦੇ ਪਾਪ ਗਵਾ ਕੇ ਫਿਰ (ਗੁਰਮੁਖਾਂ ਦੇ ਟਿਕਾਣੇ) ਬੈਕੁੰਠ ਵਿਚ ਜਾ ਪੁਜਦਾ ਹੈ।੧।

ਜਿਹਾ ਕਿ—**ਸਾਧ ਸੰਗਤਿ ਬੈਕੁੰਠੈ ਆਹਿ ॥** *[ਗਉੜੀ ਕਬੀਰ ਜੀ*

ਤਹਾ ਬੈਕੁੰਠੁ ਜਹ ਕੀਰਤਨੁ ਤੇਰਾ....... *[ਸੂਹੀ ਮਹਲਾ ੫*

(ਹੇ ਮਨ! ਸੁਣ!) ਅਜਾਮਲ (ਨਾਂ ਦੇ ਵਿਕਾਰੀ ਮਨੁੱਖ) ਨੂੰ (ਆਪਣੇ ਪੁੱਤਰ ਦੇ ਪੱਜ, ਜਿਸ ਦਾ ਨਾਂ ਨਾਰਾਇਣ ਸੀ) ਅੰਤ ਸਮੇਂ ਨਾਰਾਇਣ (ਵਾਹਿਗੁਰੂ) ਦੀ ਸੂਝ ਆ ਗਈ, (ਜਿਸ ਦਾ ਸਦਕਾ) ਉਸ ਨੇ ਉਹ ਉਚੀ ਆਤਮਕ ਅਵਸਥਾ ਇਕ ਪਲ ਵਿਚ ਪ੍ਰਾਪਤ ਕਰ ਲਈ, ਜਿਸ ਅਵਸਥਾ ਨੂੰ ਵਡੇ ਵਡੇ ਯੋਗੀਰਾਜ ਲੋਚਦੇ ਰਹਿੰਦੇ ਹਨ।੨।

(ਮਿਥਿਹਾਸਕ ਹਾਥੀ ਵਿਚ) ਨਾ ਕੋਈ ਗੁਣ ਸੀ ਨਾ ਕੋਈ ਵਿਦਿਆ ਸੀ, (ਫਿਰ ਉਸ) ਗਜ ਨੇ ਕਿਹੜਾ ਧਰਮ ਕਰਮ ਕੀਤਾ ਸੀ, (ਜਿਸ ਦਾ ਸਦਕਾ ਓਹ ਤੰਦੂਏ ਦੇ ਜਾਲ ਤੋਂ ਬਚ ਗਿਆ। ਉਸ ਨੇ ਕੇਵਲ ਵਾਹਿਗੁਰੂ ਦੇ ਨਾਮ ਦਾ ਵਾਸਤਾ ਪਾ ਕੇ ਪੁਕਾਰ ਹੀ ਕੀਤੀ ਸੀ)। 'ਨਾਨਕ'! ਵਾਹਿਗੁਰੂ ਦੇ ਕਿਰਪਾਲੂ ਤੇ ਬਖ਼ਸ਼ਿੰਦ ਸੁਭਾਉ (ਦਾ ਚਮਤਕਾਰ) ਵੇਖ ਕਿ ਉਸ ਨੇ ਗਜ (ਦੇ ਸਾਰੇ ਕਸ਼ਟ ਕਟ ਕੇ ਉਸ) ਨੂੰ ਨਿਰਭੈ ਪਦ ਦਾ ਦਾਨ ਬਖ਼ਸ਼ ਦਿਤਾ (ਅਤੇ ਆਪਣੇ ਨਾਮ ਦੀ ਲਾਜ ਪਾਲੀ)।੩।੧।

ਰਾਮਕਲੀ ਮਹਲਾ ੯

ਸਾਧੋ ਕਉਨ ਜੁਗਤਿ ਅਬ ਕੀਜੈ ॥
ਜਾ ਤੇ ਦੁਰਮਤਿ ਸਗਲ ਬਿਨਾਸੈ
ਰਾਮ ਭਗਤਿ ਮਨੁ ਭੀਜੈ ॥੧॥ਰਹਾਉ॥
ਮਨੁ ਮਾਇਆ ਮਹਿ ਉਰਝਿ ਰਹਿਓ ਹੈ
ਬੂਝੈ ਨਹ ਕਛੁ ਗਿਆਨਾ ॥
ਕਉਨੁ ਨਾਮੁ ਜਗੁ ਜਾ ਕੈ ਸਿਮਰੈ
ਪਾਵੈ ਪਦੁ ਨਿਰਬਾਨਾ ॥੧॥
ਭਏ ਦਇਆਲ ਕ੍ਰਿਪਾਲ ਸੰਤ ਜਨ
ਤਬ ਇਹ ਬਾਤ ਬਤਾਈ ॥
ਸਰਬ ਧਰਮ ਮਾਨੋ ਤਿਹ ਕੀਏ
ਜਿਹ ਪ੍ਰਭ ਕੀਰਤਿ ਗਾਈ ॥੨॥
ਰਾਮ ਨਾਮੁ ਨਰੁ ਨਿਸਿ ਬਾਸੁਰ ਮਹਿ
ਨਿਮਖ ਏਕ ਉਰਿ ਧਾਰੈ ॥
ਜਮ ਕੋ ਤ੍ਰਾਸੁ ਮਿਟੈ ਨਾਨਕ ਤਿਹ
ਅਪੁਨੋ ਜਨਮੁ ਸਵਾਰੈ ॥੩॥੨॥

ਪਦ ਅਰਥ :

ਸਾਧੋ—ਹੇ ਸਾਧਨਾ ਕਰਨ ਵਾਲੇ ਭਲੇ ਪੁਰਸ਼ੋ! ਕਉਨ ਜੁਗਤਿ—ਕਿਹੜੀ ਜੁਗਤੀ? ਕੀਜੈ—ਕੀਤੀ ਜਾਏ। ਜਾ ਤੇ—ਜਿਸ ਦਾ ਸਦਕਾ। ਦੁਰਮਤਿ ਸਗਲ—ਸਾਰੀ ਖੋਟੀ ਮਤਿ। ਬਿਨਾਸੈ—ਨਾਸ ਹੋ ਜਾਏ। ਰਾਮ ਭਗਤਿ—ਰਾਮ ਦੀ ਭਗਤੀ ਵਿਚ। ਭੀਜੈ—ਭਿਜ ਜਾਏ, ਪਤੀਜ ਜਾਏ।੧।ਰਹਾਉ।

ਮਾਇਆ ਮਹਿ—ਮਾਇਆ ਵਿਚ। ਉਰਝਿ ਰਹਿਓ ਹੈ—ਉਲਝਿਆ ਪਿਆ ਹੈ। ਬੂਝੈ ਨਹ—ਨਹੀਂ ਬੁਝਦਾ, ਨਹੀਂ ਜਾਣਦਾ। ਕਛੁ—ਕੁਝ, ਰਤਾ ਜਿੰਨਾ। ਗਿਆਨਾ—ਬੋਧ, ਇਲਮ, ਆਤਮਕ ਉਨਤੀ ਦਾ ਰਾਹ। ਕਉਨੁ ਨਾਮੁ—ਕਿਹੜਾ ਨਾਮ? ਜਾ ਕੈ ਸਿਮਰੈ—ਜਿਸ ਦੇ ਸਿਮਰਨ ਨਾਲ। ਪਦੁ ਨਿਰਬਾਨਾ—ਮੁਕਤਿ

ਪਦ, ਵਿਕਾਰਾਂ ਤੇ ਜਨਮ ਮਰਨ ਤੋਂ ਖ਼ਲਾਸੀ ਦਾ ਦਰਜਾ ।੧।

ਸੰਤ ਜਨ—ਸਤਿ ਪੁਰਸ਼ । ਬਾਤ ਬਤਾਈ—ਗੱਲ ਦਸੀ । ਸਰਬ—ਸਾਰੇ । ਮਾਨੋ—(as if) ਗੋਇਆ, ਜਾਣੋ । ਤਿਹ—ਤਿਸ (ਉਸ) ਨੇ । ਜਿਹ—ਜਿਸ ਨੇ । ਪ੍ਰਭ ਕੀਰਤਿ—ਪ੍ਰਭੂ ਦੀ ਕੀਰਤੀ, ਵਡਿਆਈ ।੨।

ਨਰੁ—ਮਨੁੱਖ । ਨਿਸਿ ਬਾਸੁਰ—ਰਾਤ ਦਿਨ । ਨਿਮਖ—ਅੱਖ ਦੇ ਫੋਰ ਜਿੰਨਾ ਸਮਾਂ । ਉਰਿ ਧਾਰੈ—ਹਿਰਦੇ ਵਿਚ ਧਾਰਨ ਕਰਦਾ ਹੈ । ਤ੍ਰਾਸੁ—ਡਰ । ਮਿਟੈ—ਮਿਟ ਜਾਂਦਾ ਹੈ ।੩।

ਅਰਥ :

ਹੇ ਸਾਧਨਾ ਕਰਨ ਵਾਲੇ ਭਲੇ ਪੁਰਸ਼ੋ ! ਹੁਣ ਕਿਹੜੀ ਜੁਗਤੀ ਵਰਤੀ ਜਾਏ, ਜਿਸ ਦੁਆਰਾ (ਮਨ ਦੀ) ਸਾਰੀ ਖੋਟੀ ਮਤਿ ਨਾਸ ਹੋ ਜਾਏ ਅਤੇ ਵਾਹਿਗੁਰੂ ਦੀ ਭਗਤੀ ਵਿਚ ਮਨ ਪਤੀਜ ਜਾਏ ।੧। ਰਹਾਉ।

(ਮੇਰਾ ਵਿਕਾਰੀ) ਮਨ ਮਾਇਆ (ਦੇ ਮੋਹ) ਵਿਚ ਫਸਿਆ ਪਿਆ ਹੈ (ਅਤੇ) ਆਤਮਕ ਗਿਆਨ ਨੂੰ ਰਤਾ ਜਿੰਨਾ ਵੀ ਨਹੀਂ ਜਾਣਦਾ । ਉਹ ਕਿਹੜਾ ਨਾਮ ਹੈ ਜਿਸ ਦੇ ਸਿਮਰਨ ਨਾਲ ਇਹ ਜਗਤ ਨਿਰਬਾਨ ਪਦ (ਮੁਕਤਿ ਪਦ) ਪ੍ਰਾਪਤ ਕਰ ਸਕਦਾ ਹੈ ।੧।

ਜਦੋਂ ਸਤਿ-ਪੁਰਸ਼ ਦਇਆਲੂ ਤੇ ਕਿਰਪਾਲੂ ਹੋਏ ਤਾਂ ਉਨ੍ਹਾਂ ਨੇ ਇਹ (ਪਤੇ ਦੀ) ਗੱਲ ਦਸੀ ਕਿ ਜਿਸ ਮਨੁੱਖ ਨੇ ਜਗਤ ਦੇ ਮਾਲਕ ਵਾਹਿਗੁਰੂ ਦੀ ਕੀਰਤੀ ਗਾ ਲਈ, ਉਸ ਨੇ ਮਾਨੋ ਸਾਰੇ ਹੀ ਧਰਮ-ਕਰਮ ਕਮਾ ਲਏ ।੨।

ਨਾਨਕ ! ਜਿਹੜਾ ਮਨੁੱਖ ਰਾਤ ਦਿਨ ਵਿਚ ਇਕ ਨਿਮਖ ਭਰ (ਅੱਖ ਦੇ ਫੋਰ ਜਿੰਨੇ ਸਮੇਂ ਲਈ ਇਕਾਗਰ-ਚਿਤ ਹੋ ਕੇ) ਵਾਹਿਗੁਰੂ ਦਾ ਨਾਮ ਹਿਰਦੇ ਵਿਚ ਧਾਰਨ ਕਰਦਾ ਹੈ ਉਸ ਦੇ ਅੰਦਰੋਂ ਜਮਾਂ ਦਾ ਡਰ ਮਿਟ ਜਾਂਦਾ ਹੈ ਅਤੇ ਉਹ ਆਪਣਾ (ਮਨੁੱਖਾ) ਜਨਮ ਸਵਾਰ ਲੈਂਦਾ ਹੈ, (ਭਾਵ, ਸਫਲਾ ਕਰ ਲੈਂਦਾ ਹੈ) ।੩।੨।

ਰਾਮਕਲੀ ਮਹਲਾ ੯

ਪ੍ਰਾਨੀ ਨਾਰਾਇਨ ਸੁਧਿ ਲੇਹਿ ॥
ਛਿਨੁ ਛਿਨੁ ਅਉਧ ਘਟੈ ਨਿਸਿ ਬਾਸੁਰ
ਬ੍ਰਿਥਾ ਜਾਤੁ ਹੈ ਦੇਹ ॥੧॥ਰਹਾਉ॥
ਤਰਨਾਪੋ ਬਿਖਿਅਨ ਸਿਉ ਖੋਇਓ
ਬਾਲਪਨੁ ਅਗਿਆਨਾ ॥
ਬਿਰਧਿ ਭਇਓ ਅਜਹੂ ਨਹੀ ਸਮਝੈ
ਕਉਨ ਕੁਮਤਿ ਉਰਝਾਨਾ ॥੧॥
ਮਾਨਸ ਜਨਮੁ ਦੀਓ ਜਿਹ ਠਾਕੁਰਿ
ਸੋ ਤੈ ਕਿਉ ਬਿਸਰਾਇਓ ॥
ਮੁਕਤਿ ਹੋਤ ਨਰ ਜਾ ਕੈ ਸਿਮਰੈ
ਨਿਮਖ ਨ ਤਾ ਕਉ ਗਾਇਓ ॥੨॥
ਮਾਇਆ ਕੋ ਮਦੁ ਕਹਾ ਕਰਤੁ ਹੈ
ਸੰਗਿ ਨ ਕਾਹੂ ਜਾਈ ॥
ਨਾਨਕੁ ਕਹਤੁ ਚੇਤਿ ਚਿੰਤਾਮਨਿ
ਹੋਇ ਹੈ ਅੰਤਿ ਸਹਾਈ ॥੩॥੩॥੮੧॥

ਪਦ ਅਰਥ :

ਪ੍ਰਾਨੀ—ਹੇ ਜੀਵ! ਨਾਰਾਇਨ ਸੁਧਿ ਲੇਹਿ—ਵਾਹਿਗੁਰੂ ਦੀ ਚਿਤਵਨੀ ਕਰ, ਧਿਆਨ ਧਰ। ਛਿਨੁ ਛਿਨੁ—ਛਿਨ ਛਿਨ ਕਰ ਕੇ। ਅਉਧ ਘਟੈ—ਉਮਰ ਘਟ ਰਹੀ ਹੈ। ਨਿਸਿ ਬਾਸੁਰ—ਰਾਤ ਦਿਨ। ਬ੍ਰਿਥਾ—ਬੇਅਰਥ, ਬੇਫ਼ਾਇਦਾ, ਅਜਾਈਂ। ਦੇਹ—ਦੇਹੀ, ਕਾਇਆਂ।੧।ਰਹਾਉ।

ਤਰਨਾਪੋ—ਤਰੁਨਾ-ਪਨ, ਜਵਾਨੀ ਦਾ ਸਮਾਂ। ਬਿਖਿਅਨ ਸਿਉ—ਵਿਸ਼ਿਆਂ ਵਿਕਾਰਾਂ ਵਿਚ। ਖੋਇਓ—ਤੂੰ ਗਵਾ ਦਿਤਾ ਹੈ, ਫ਼ਜ਼ੂਲ ਗੁਜ਼ਾਰ ਦਿਤਾ ਹੈ। ਬਾਲਪਨੁ—ਬਾਲ ਅਵਸਥਾ, ਬਚਪਨ। ਅਗਿਆਨਾ—ਅੰਞਾਣਪੁਣੇ ਵਿਚ। ਬਿਰਧਿ ਭਇਓ—ਬੁੱਢਾ ਹੋ ਗਿਆ। ਅਜਹੂ—['ਹੂ' ਉਚਾਰਣ ਨਾਸਕੀ] ਅਜੇ ਵੀ।

ਕਉਨ ਕੁਮਤਿ—ਕਿਹੜੀ ਖੋਟੀ ਮਤਿ ਵਿਚ । ਉਰਝਾਨਾ—ਉਲਝਿਆ ਪਿਆ ਹੈਂ, ਫਸਿਆ ਪਿਆ ਹੈਂ ।੧।

ਮਾਨਸ ਜਨਮੁ—ਮਨੁੱਖਾ ਜਨਮ । ਜਿਹ ਠਾਕੁਰਿ—ਜਿਸ ਮਾਲਕ ਨੇ । ਤੈ—(ਉਚਾਰਣ ਨਾਸਕੀ) ਤੂੰ । ਮੁਕਤਿ—ਮੁਕਤੀ, ਵਿਕਾਰੀ ਜੀਵਨ ਅਤੇ ਜਨਮ ਮਰਨ ਤੋਂ ਖ਼ਲਾਸੀ । ਜਾ ਕੈ ਸਿਮਰੈ—ਜਿਸ ਦੇ ਸਿਮਰਨ ਨਾਲ । ਤਾ ਕਉ—ਉਸ (ਠਾਕੁਰ) ਨੂੰ ।੨।

ਮਦੁ—ਨਸ਼ਾ, ਮਾਣ । ਕਹਾ ਕਰਤੁ ਹੈ—(ਕਹਾ—ਕ੍ਰਿਆ ਵਿਸ਼ੇਸ਼ਣ, ਉਚਾਰਣ ਨਾਸਕੀ) ਕਿਉਂ ਕਰਦਾ ਹੈਂ ? ਸੰਗਿ ਨ ਕਾਹੂ ਜਾਈ—ਕਾਹੂੰ ਸੰਗਿ ਨ ਜਾਈ, ਕਿਸੇ ਦੇ ਵੀ ਨਾਲ ਨਹੀਂ ਜਾਂਦੀ । ਚੇਤਿ—ਚੇਤੇ ਕਰ, ਸਿਮਰਨ ਕਰ । ਚਿੰਤਾਮਨਿ—ਮਿਥਿਹਾਸਕ ਮਣੀ ਜੋ ਹਰੇਕ ਕਾਮਨਾ ਪੂਰੀ ਕਰਦੀ ਹੈ, ਇੱਛਾ-ਪੂਰਕ ਵਾਹਿਗੁਰੂ । ਹੋਇ ਹੈ—ਹੋਵੇਗਾ । ਅੰਤਿ ਸਹਾਈ—ਅੰਤ ਸਮੇਂ ਸਹਾਇਕ, ਮਦਦਗਾਰ ।੩।

ਅਰਥ :

ਹੇ ਪ੍ਰਾਣੀ! ਨਾਰਾਇਣ ਨਾਲ ਸੁਰਤਿ ਜੋੜ । ਦਿਨ ਰਾਤ, ਛਿਨ ਛਿਨ ਕਰ ਕੇ ਤੇਰੀ ਉਮਰ ਘਟਦੀ ਜਾ ਰਹੀ ਹੈ (ਅਤੇ ਵਾਹਿਗੁਰੂ ਦੇ ਸਿਮਰਨ ਤੋਂ ਬਗ਼ੈਰ, ਤੇਰੀ ਮਨੁੱਖਾ-) ਦੇਹੀ ਬੇਅਰਥ ਜਾ ਰਹੀ ਹੈ ।੧। ਰਹਾਉ।

ਜਵਾਨੀ ਦਾ ਸਮਾਂ (ਤੂੰ) ਵਿਸ਼ੇ ਵਿਕਾਰਾਂ ਵਿਚ ਗਵਾ ਲਿਆ ਹੈ ਅਤੇ ਬਚਪਨ ਅੰਞਾਣਪੁਣੇ ਵਿਚ । (ਹੁਣ ਤੂੰ) ਬੁੱਢਾ ਹੋ ਗਿਆ ਹੈਂ, ਪਰ ਅਜੇ ਵੀ ਨਹੀਂ ਸਮਝਦਾ । ਤੂੰ ਕਿਹੜੀ ਖੋਟੀ ਮਤਿ ਵਿਚ ਫਸਿਆ ਪਿਆ ਹੈਂ ? ।੧।

(ਹੇ ਪ੍ਰਾਣੀ!) ਜਿਸ ਮਾਲਕ ਵਾਹਿਗੁਰੂ ਨੇ ਤੈਨੂੰ ਮਨੁੱਖਾ ਜਨਮ ਦਿਤਾ ਹੈ, ਉਸ ਨੂੰ ਤੂੰ ਕਿਉਂ ਵਿਸਾਰ ਦਿਤਾ ਹੈ ? ਜਿਸ ਵਾਹਿਗੁਰੂ ਦਾ ਨਾਮ ਸਿਮਰਨ ਨਾਲ (ਵਿਕਾਰਾਂ ਤੇ ਜਨਮ ਮਰਨ ਤੋਂ) ਜੀਵ ਦੀ ਖ਼ਲਾਸੀ ਹੁੰਦੀ ਹੈ ਉਸ ਨੂੰ ਤੂੰ ਇਕ ਨਿਮਖ ਲਈ ਵੀ ਗਾਇਨ ਨਹੀਂ ਕੀਤਾ ।੨।

(ਹੇ ਪ੍ਰਾਣੀ! ਤੂੰ) ਮਾਇਆ ਦਾ ਮਾਣ ਕਾਹਦੇ ਲਈ ਕਰਦਾ ਹੈਂ ? (ਇਹ ਅੰਤ ਸਮੇਂ) ਕਿਸੇ ਦੇ ਨਾਲ ਵੀ ਨਹੀਂ ਜਾਂਦੀ । ਨਾਨਕ ਕਹਿੰਦਾ ਹੈ (ਕਿ ਹੇ ਜੀਵ!) ਇੱਛਾ-ਪੂਰਕ ਵਾਹਿਗੁਰੂ ਦਾ ਸਿਮਰਨ ਕਰ, ਜੋ ਅਖ਼ੀਰਲੇ ਸਮੇਂ ਅਵੱਸ਼ ਤੇਰਾ ਸਹਾਈ ਹੋਵੇਗਾ ।੩।੩।੮੧।

ੴ ਸਤਿਗੁਰਪ੍ਰਸਾਦਿ ॥

ਮਾਰੂ ਮਹਲਾ ੯

ਹਰਿ ਕੋ ਨਾਮੁ ਸਦਾ ਸੁਖਦਾਈ ॥
ਜਾ ਕਉ ਸਿਮਰਿ ਅਜਾਮਲੁ ਉਧਰਿਓ
ਗਨਿਕਾ ਹੂ ਗਤਿ ਪਾਈ ॥੧॥ਰਹਾਉ॥
ਪੰਚਾਲੀ ਕਉ ਰਾਜ ਸਭਾ ਮਹਿ
ਰਾਮ ਨਾਮ ਸੁਧਿ ਆਈ ॥
ਤਾ ਕੋ ਦੂਖੁ ਹਰਿਓ ਕਰੁਣਾਮੈ
ਅਪਨੀ ਪੈਜ ਬਢਾਈ ॥੧॥
ਜਿਹ ਨਰ ਜਸੁ ਕਿਰਪਾਨਿਧਿ ਗਾਇਓ
ਤਾ ਕਉ ਭਇਓ ਸਹਾਈ ॥
ਕਹੁ ਨਾਨਕ ਮੈ ਇਹੀ ਭਰੋਸੈ
ਗਹੀ ਆਨਿ ਸਰਨਾਈ ॥੨॥੧॥

ਪਦ ਅਰਥ :

ਸੁਖਦਾਈ—ਸੁਖ ਦੇਣ ਵਾਲਾ। ਕੋ—ਦਾ। ਕਉ—ਨੂੰ। ਸਿਮਰਿ—ਸਿਮਰ ਕੇ। ਅਜਾਮਲੁ—ਇਕ ਵਿਕਾਰੀ ਮਨੁੱਖ ਦਾ ਨਾਂ। ਉਧਰਿਓ—ਉਧਰ ਗਿਆ, ਸੰਸਾਰ-ਸਾਗਰ ਤੋਂ ਪਾਰ ਲੰਘ ਗਿਆ। ਗਨਿਕਾ—ਇਕ ਵੇਸਵਾ। ਹੂੰ—ਵੀ। ਗਤਿ—ਗਤੀ, ਜਨਮ ਮਰਨ ਤੋਂ ਖ਼ਲਾਸੀ।੧।ਰਹਾਉ।

ਪੰਚਾਲੀ—ਪੰਚਾਲ ਦੇਸ਼ ਦੀ ਰਾਜ-ਕੁਮਾਰੀ ਦ੍ਰੋਪਤੀ ਜੋ ਪੰਜਾਂ ਪਾਂਡਵ-ਭਰਾਵਾਂ ਦੀ ਪਤਨੀ ਸੀ। ਰਾਜ ਸਭਾ ਮਹਿ—(ਦੁਰਯੋਧਨ ਦੇ) ਰਾਜ ਦਰਬਾਰ ਵਿਚ। ਸੁਧਿ—ਸੁਰਤਿ, ਚਿਤਵਨੀ, ਯਾਦ। ਤਾ ਕੋ—ਉਸ ਦਾ। ਹਰਿਓ—ਮੇਟ ਦਿਤਾ। ਕਰੁਣਾਮੈ—[ਕਰੁਣਾ-ਮੈ। ਕਰੁਣਾ—ਮਿਹਰ, ਕਿਰਪਾ। ਮੈ—ਮਯ, ਤਦਰੂਪ, ਸਰੂਪ] ਮਿਹਰ ਸਰੂਪ ਵਾਹਿਗੁਰੂ। ਪੈਜ—ਲਾਜ।੧।

ਜਿਹ ਨਰ—ਜਿਨ੍ਹਾਂ ਮਨੁੱਖਾਂ ਨੇ। ਜਸੁ—ਗੁਣਾਨਵਾਦ। ਕਿਰਪਾਨਿਧਿ—ਕਿਰਪਾ ਦਾ ਖ਼ਜ਼ਾਨਾ ਵਾਹਿਗੁਰੂ। ਤਾ ਕਉ—ਉਨ੍ਹਾਂ ਨੂੰ। ਸਹਾਈ—ਸਹਾਇਕ,

ਮਦਦਗਾਰ। ਇਹੀ ਭਰੋਸੈ—ਇਸੇ ਭਰੋਸੇ ਤੇ। ਗਹੀ—ਪਕੜੀ। ਆਨਿ—ਆ ਕੇ। ਸਰਨਾਈ—ਸ਼ਰਨ।੨।

[ਨੋਟ—ਅਜਾਮਲ, ਗਨਿਕਾ ਤੇ ਪੰਚਾਲੀ ਲਈ ਦੇਖੋ ਅੰਤਿਕਾ।]

ਅਰਥ :

ਵਾਹਿਗੁਰੂ ਦਾ ਨਾਮ ਸਦਾ ਹੀ ਸੁਖਦਾਇਕ ਹੈ, ਜਿਸ ਨੂੰ ਸਿਮਰ ਕੇ ਅਜਾਮਲ ਸੰਸਾਰ-ਸਾਗਰ ਤੋਂ ਪਾਰ ਲੰਘ ਗਿਆ (ਅਤੇ ਜਿਸ ਨਾਮ ਨੂੰ ਸਿਮਰ ਕੇ) ਗਨਿਕਾ ਨੇ ਵੀ ਜਨਮ ਮਰਨ ਤੋਂ ਖ਼ਲਾਸੀ ਪ੍ਰਾਪਤ ਕਰ ਲਈ।੧।ਰਹਾਉ।

(ਦੁਰਯੋਧਨ ਦੇ) ਰਾਜ-ਦਰਬਾਰ ਵਿਚ ਪੰਚਾਲ ਦੇਸ਼ ਦੀ ਰਾਜ ਕੁਮਾਰੀ (ਦ੍ਰੋਪਤੀ) ਨੂੰ (ਕਸ਼ਟ ਸਮੇਂ) ਪ੍ਰਭੂ ਦੇ ਨਾਮ ਦੀ ਯਾਦ ਆਈ। ਮਿਹਰ-ਸਰੂਪ ਵਾਹਿਗੁਰੂ ਨੇ ਉਸ ਦਾ ਦੁਖ ਦੂਰ ਕਰ ਦਿਤਾ (ਤੇ ਇਸ ਤਰ੍ਹਾਂ ਭਗਤਿ ਵਛਲ ਹੋਣ ਦਾ ਸਬੂਤ ਦੇ ਕੇ ਆਪਣੇ ਭਗਤ ਦੀ) ਇੱਜ਼ਤ ਆਪਣੀ ਜਾਣ ਕੇ ਵਧਾਈ।੧।

ਜਿਨ੍ਹਾਂ ਵਿਅਕਤੀਆਂ ਨੇ ਮਿਹਰ ਦੀ ਖਾਣ (ਵਾਹਿਗੁਰੂ) ਦਾ ਗੁਣਾਨਵਾਦ ਕੀਤਾ, (ਵਾਹਿਗੁਰੂ) ਉਨ੍ਹਾਂ ਨੂੰ (ਮੁਸੀਬਤ ਸਮੇਂ) ਮਦਦਗਾਰ ਹੋ ਪੁਕਰਿਆ। ਨਾਨਕ ਦਾ ਕਥਨ ਹੈ ਕਿ ਮੈਂ ਵੀ ਇਸੇ ਭਰੋਸੇ ਉਤੇ (ਕਿ ਵਾਹਿਗੁਰੂ ਦੀਨ ਦੁਖੀਆਂ ਦਾ ਮਦਦਗਾਰ ਹੈ) ਆ ਕੇ (ਉਸ ਦੀ) ਸ਼ਰਨ ਫੜੀ ਹੈ।੨।੧।

ਮਾਰੂ ਮਹਲਾ ੯

ਅਬ ਮੈ ਕਹਾ ਕਰਉ ਰੀ ਮਾਈ ॥
ਸਗਲ ਜਨਮੁ ਬਿਖਿਅਨ ਸਿਉ ਖੋਇਆ
ਸਿਮਰਿਓ ਨਾਹਿ ਕਨ੍ਹਾਈ ॥੧॥ਰਹਾਉ॥
ਕਾਲ ਫਾਸ ਜਬ ਗਰ ਮਹਿ ਮੇਲੀ
ਤਿਹ ਸੁਧਿ ਸਭ ਬਿਸਰਾਈ ॥
ਰਾਮ ਨਾਮ ਬਿਨੁ ਯਾ ਸੰਕਟ ਮਹਿ
ਕੋ ਅਬ ਹੋਤ ਸਹਾਈ ॥੧॥
ਜੋ ਸੰਪਤਿ ਅਪਨੀ ਕਰਿ ਮਾਨੀ
ਛਿਨ ਮੈ ਭਈ ਪਰਾਈ ॥
ਕਹੁ ਨਾਨਕ ਯਹ ਸੋਚ ਰਹੀ ਮਨਿ
ਹਰਿ ਜਸੁ ਕਬਹੂੰ ਨ ਗਾਈ ॥੨॥੨॥

ਪਦ ਅਰਥ :

ਕਰਉ—('ਉ' ਉਚਾਰਣ ਨਾਸਕੀ) ਮੈਂ ਕਰਾਂ। **ਕਹਾ**—(ਪ੍ਰਸ਼ਨਵਾਚੀ ਪੜਨਾਂਵ, ਉਚਾਰਣ ਨਾਸਕਤਾ ਰਹਿਤ) ਕੀ ? **ਰੀ ਮਾਈ**—ਹੇ ਅੰਮਾਲੀ (ਮਾਂ-ਜਾਈ), ਹੇ ਸਤਸੰਗਣ ਸਖੀ ! **ਸਗਲ ਜਨਮੁ**—ਸਾਰਾ ਜਨਮ। **ਬਿਖਿਅਨ ਸਿਉ ਖੋਇਆ**—ਵਿਸ਼ੇ ਵਿਕਾਰਾਂ ਵਿਚ ਗਵਾ ਲਿਆ ਹੈ। **ਕਨ੍ਹਾਈ**—ਕਨ੍ਹਈਆ, ਕਰਤਾਰ, ਪਾਰਬ੍ਰਹਮ।੧।ਰਹਾਉ।

ਕਾਲ ਫਾਸ—ਕਾਲ ਦੀ ਫਾਹੀ। **ਗਰ ਮਹਿ ਮੇਲੀ**—ਗਲ ਵਿਚ ਪਾ ਦਿਤੀ। **ਤਿਹ**—ਉਸ (ਫਾਹੀ) ਨੇ। **ਬਿਸਰਾਈ**—ਵਿਸਾਰ ਦਿਤੀ, ਭੁਲਾ ਦਿਤੀ। **ਯਾ ਸੰਕਟ ਮਹਿ**—ਇਸ ਮੁਸੀਬਤ ਵਿਚ, ਇਸ ਬਿਖੜੇ ਸਮੇਂ। **ਕੋ ਅਬ ਹੋਤ**—ਹੁਣ ਕਿਹੜਾ ਹੁੰਦਾ ਹੈ ? **ਸਹਾਈ**—ਸਹਾਇਕ, ਮਦਦਗਾਰ।੧।

ਸੰਪਤਿ—ਸੰਪਤੀ, ਧਨ-ਦੌਲਤ, ਕਈ ਤਰ੍ਹਾਂ ਦੀ ਸਮੱਗਰੀ। **ਅਪਨੀ ਕਰਿ ਮਾਨੀ**—ਆਪਣੀ ਕਰ ਕੇ ਮੰਨੀ। **ਪਰਾਈ**—ਬਿਗਾਨੀ। **ਯਹ**—ਇਹ। **ਸੋਚ**—ਪਛਤਾਵੇ ਦੀ ਚਿਤਵਨੀ। **ਮਨਿ**—ਮਨ ਵਿਚ।੨।

ਅਰਥ :

ਹੇ ਸਤਸੰਗਣ ਸਖੀ! ਹੁਣ ਮੈਂ ਕੀ ਕਰਾਂ ? (ਕਿਉਂਕਿ) ਮੈਂ ਸਾਰਾ ਮਨੁੱਖਾ ਜਨਮ ਵਿਸ਼ੇ ਵਿਕਾਰਾਂ ਵਿਚ ਗਵਾ ਛਡਿਆ ਹੈ, ਵਾਹਿਗੁਰੂ ਨੂੰ ਕਦੇ ਚੇਤੇ ਨਹੀਂ ਕੀਤਾ ।੧। ਰਹਾਉ।

ਜਦੋਂ ਕਾਲ ਦੀ ਫਾਹੀ (ਜਮਰਾਜ ਨੇ ਜੀਵ ਦੇ) ਗਲ ਵਿਚ ਪਾ ਦਿਤੀਂ ਤਦੋਂ ਉਸ (ਕਸ਼ਟ) ਨੇ (ਜੀਵ ਦੀ) ਸਾਰੀ ਸੁਧ-ਬੁਧ ਭੁਲਾ ਦਿੱਤੀ । ਵਾਹਿਗੁਰੂ ਦੇ ਨਾਮ ਤੋਂ ਬਿਨਾਂ ਇਸ ਬਿਖੜੇ ਸਮੇਂ ਵਿਚ ਹੋਰ ਕੌਣ ਸਹਾਈ ਹੋ ਸਕਦਾ ਹੈ (ਭਾਵ, ਅੰਤ ਦੇ ਬਿਖੜੇ ਸਮੇਂ ਪ੍ਰਭੂ ਦਾ ਨਾਮ ਹੀ ਜੀਵ ਦਾ ਮਦਦਗਾਰ ਹੋ ਸਕਦਾ ਹੈ)। ੧।

ਜਿਹੜੀ ਦੌਲਤ (ਜਾਇਦਾਦ) (ਜੀਵ ਨੇ ਸਾਰੀ ਉਮਰ) ਆਪਣੀ ਸਮਝ ਰਖੀ ਸੀ, (ਸਰੀਰ ਛਡਦਿਆਂ ਸਾਰ ਹੀ) ਇਕ ਖਿਨ ਵਿਚ ਬਿਗਾਨੀ ਹੋ ਗਈ । ਨਾਨਕ ਦਾ ਕਥਨ ਹੈ, (ਅੰਤ ਸਮੇਂ ਜੀਵ ਦੇ) ਮਨ ਵਿਚ ਇਹ ਚਿਤਵਨੀ (ਪਛਤਾਵੇ ਦੀ) ਹੀ ਰਹਿ ਗਈ ਕਿ (ਉਸ ਨੇ) ਵਾਹਿਗੁਰੂ ਦੀ ਸਿਫ਼ਤ ਸਲਾਹ ਕਦੇ ਨਾ ਕੀਤੀ ।੨।੨।

ਮਾਰੂ ਮਹਲਾ ੯

ਮਾਈ ਮੈ ਮਨ ਕੋ ਮਾਨੁ ਨ ਤਿਆਗਿਓ ॥
ਮਾਇਆ ਕੇ ਮਦਿ ਜਨਮੁ ਸਿਰਾਇਓ
ਰਾਮ ਭਜਨਿ ਨਹੀ ਲਾਗਿਓ ॥੧॥ਰਹਾਉ॥
ਜਮ ਕੋ ਡੰਡੁ ਪਰਿਓ ਸਿਰ ਊਪਰਿ
ਤਬ ਸੋਵਤ ਤੈ ਜਾਗਿਓ ॥
ਕਹਾ ਹੋਤ ਅਬ ਕੈ ਪਛੁਤਾਏ
ਛੂਟਤ ਨਾਹਿਨ ਭਾਗਿਓ ॥੧॥
ਇਹ ਚਿੰਤਾ ਉਪਜੀ ਘਟ ਮਹਿ
ਜਬ ਗੁਰ ਚਰਨਨ ਅਨੁਰਾਗਿਓ ॥
ਸਫਲੁ ਜਨਮੁ ਨਾਨਕ ਤਬ ਹੂਆ
ਜਉ ਪ੍ਰਭ ਜਸ ਮਹਿ ਪਾਗਿਓ ॥੨॥੩॥

ਪਦ ਅਰਥ :

ਮਾਈ—ਹੇ ਮਾਂ-ਜਾਈ, ਹੇ ਸਤਸੰਗਣ ਸਖੀ! ਮਨ ਕੋ ਮਾਨੁ—ਮਨ ਦਾ ਹੰਕਾਰ। ਮਦਿ—ਨਸ਼ੇ ਵਿਚ। ਸਿਰਾਇਓ—ਬਿਤਾ ਦਿਤਾ, ਗੁਜ਼ਾਰ ਦਿਤਾ। ਰਾਮ ਭਜਨਿ—ਰਾਮ ਦੇ ਭਜਨ ਵਿਚ।੧। ਰਹਾਉ।

ਜਮ ਕੋ ਡੰਡੁ—ਜਮ ਦਾ ਡੰਡਾ। ਪਰਿਓ ਸਿਰ ਊਪਰਿ—ਸਿਰ ਉਤੇ ਪਿਆ। ਤਬ—ਤਦੋਂ। ਸੋਵਤ ਤੈ—ਸੌਣ ਤੋਂ, ਸੁਤੇ ਰਹਿਣ ਤੋਂ। ਕਹਾ ਹੋਤ—(ਕਹਾ—ਪ੍ਰਸ਼ਨ-ਵਾਚੀ ਪੜਨਾਂਵ, ਉਚਾਰਣ ਨਾਸਕਤਾ ਰਹਿਤ) ਕੀ ਹੋ ਸਕਦਾ ਹੈ ? ਅਬ ਕੈ ਪਛੁਤਾਏ—ਹੁਣ ਦੇ ਪਛਤਾਇਆਂ। ਛੂਟਤ ਨਾਹਿਨ ਭਾਗਿਓ—ਨਾ ਹੀ (ਉਸ ਸਮੇਂ ਕਿਸੇ ਸਾਧਨ ਨਾਲ ਜਮਾਂ ਤੋਂ) ਛੁਟਕਾਰਾ ਮਿਲ ਸਕਦਾ ਹੈ ਨਾ ਹੀ ਨੱਸ ਕੇ ਕਿਧਰੇ ਜਾਇਆ ਜਾ ਸਕਦਾ ਹੈ।੧।

ਚਿੰਤਾ—ਚਿਤਵਨੀ। ਉਪਜੀ ਘਟ ਮਹਿ—ਹਿਰਦੇ ਵਿਚ ਪੈਦਾ ਹੋਈ। ਗੁਰ ਚਰਨਨ—ਗੁਰੂ ਦੇ ਚਰਨਾਂ ਵਿਚ। ਅਨੁਰਾਗਿਓ—ਪਿਆਰ ਪਿਆ। ਸਫਲੁ—ਫਲ ਸਹਿਤ, ਸਕਾਰਥ, ਕਾਮਯਾਬ। ਤਬ—ਤਦੋਂ। ਜਉ—ਜਦੋਂ। ਪ੍ਰਭ ਜਸ ਮਹਿ—

ਪ੍ਰਭੂ ਦੇ ਜਸ ਵਿਚ । ਪਾਗਿਓ—ਮੈਂ ਗਲੇਫਿਆ ਗਿਆ, ਰੰਗਿਆ ਗਿਆ ।੨।੩।

ਅਰਥ :

ਹੇ ਸਤਸੰਗਣ ਸਖੀ ! (ਮੈਨੂੰ ਇਹ ਚਿੰਤਾ ਲਗੀ ਹੋਈ ਹੈ ਕਿ ਜੀਵਨ ਪ੍ਰਯੰਤ) ਮੈਂ ਮਨ ਦਾ ਹੰਕਾਰ ਨਹੀਂ ਛਡਿਆ, (ਅਤੇ) ਮਨੁੱਖਾ ਜਨਮ (ਦਾ ਸਾਰਾ ਸਮਾਂ) ਮਾਇਆ ਦੀ ਮਸਤੀ ਵਿਚ ਬਿਤਾ ਛਡਿਆ ਹੈ, ਪਰ ਵਾਹਿਗੁਰੂ ਦੇ ਸਿਮਰਨ ਵਿਚ ਮੈਂ ਕਦੇ ਨਹੀਂ ਜੁੜਿਆ ।੧।ਰਹਾਉ।

(ਗ਼ਫ਼ਲਤ ਦੀ ਨੀਂਦ ਤੋਂ ਜੀਵ) ਓਦੋਂ ਹੋਸ਼ ਵਿਚ ਆਇਆ ਜਦੋਂ ਜਮਕਾਲ ਦਾ ਡੰਡਾ ਸਿਰ ਉਤੇ ਆ ਵੱਜਾ ।(ਪਰ ਸਮਾਂ ਲੰਘਾ ਕੇ) ਹੁਣ ਦੇ ਪਛਤਾਵਾ ਕਰਨ ਦਾ ਕੀ ਲਾਭ ? (ਕਿਉਂਕਿ ਹੁਣ ਕਿਸੇ ਤਰੀਕੇ ਨਾਲ ਜਮਾਂ ਤੋਂ) ਛੁਟਕਾਰਾ ਨਹੀਂ ਹੋ ਸਕਦਾ ਤੇ ਨਾ ਹੀ ਨੱਸ ਕੇ ਕਿਤੇ ਜਾਇਆ ਜਾ ਸਕਦਾ ਹੈ ।੧।

ਜਦੋਂ ਗੁਰੂ ਦੇ ਚਰਨਾਂ ਵਿਚ ਪਿਆਰ ਪਿਆ ਤਦੋਂ (ਪਿਛਲੇ ਕੀਤੇ ਮੰਦੇ-ਕਰਮਾਂ ਦੇ ਪਛਤਾਵੇ ਦੀ ਅਤੇ ਅਗੋਂ ਸਿਫਤ-ਸਲਾਹ ਕਰਨ ਦੀ) ਹਿਰਦੇ ਵਿਚ ਇਹ ਚਿਤਵਨੀ ਉਤਪੰਨ ਹੋਈ ।'ਨਾਨਕ' !(ਮਨੁੱਖਾ ਜਨਮ) ਸਫਲਾ ਤਦੋਂ ਹੋਇਆ ਜਦੋਂ ਪ੍ਰਭੂ ਦੀ ਸਿਫ਼ਤ-ਸਲਾਹ ਵਿਚ ਰੰਗਿਆ ਗਿਆ ।੨।੩।

ੴ ਸਤਿਗੁਰਪ੍ਰਸਾਦਿ ॥

ਰਾਗੁ ਬਸੰਤੁ ਹਿੰਡੋਲ ਮਹਲਾ ੯

ਸਾਧੋ ਇਹੁ ਤਨੁ ਮਿਥਿਆ ਜਾਨਉ ॥
ਯਾ ਭੀਤਰਿ ਜੋ ਰਾਮੁ ਬਸਤੁ ਹੈ
ਸਾਚੋ ਤਾਹਿ ਪਛਾਨੋ ॥੧॥ਰਹਾਉ॥
ਇਹੁ ਜਗੁ ਹੈ ਸੰਪਤਿ ਸੁਪਨੇ ਕੀ
ਦੇਖਿ ਕਹਾ ਐਡਾਨੋ ॥
ਸੰਗਿ ਤਿਹਾਰੈ ਕਛੂ ਨ ਚਾਲੈ
ਤਾਹਿ ਕਹਾ ਲਪਟਾਨੋ ॥੧॥
ਉਸਤਤਿ ਨਿੰਦਾ ਦੋਊ ਪਰਹਰਿ
ਹਰਿ ਕੀਰਤਿ ਉਰਿ ਆਨੋ ॥
ਜਨ ਨਾਨਕ ਸਭ ਹੀ ਮਹਿ ਪੂਰਨੁ
ਏਕੁ ਪੁਰਖੁ ਭਗਵਾਨੋ ॥੨॥੧॥

ਪਦ ਅਰਥ :

ਸਾਧੋ—ਹੇ ਸਾਧਨਾ ਕਰਨ ਵਾਲੇ ਭਲੇ ਪੁਰਸ਼ੋ! ਮਿਥਿਆ—ਬਿਨਸਨਹਾਰ, ਨਾਸਵੰਤ। ਤਨੁ—ਸਰੀਰ। ਜਾਨਉ—ਜਾਣੋ। ਯਾ ਭੀਤਰਿ—ਇਸ (ਸਰੀਰ) ਵਿਚ। ਬਸਤੁ ਹੈ—ਵਸਦਾ ਹੈ। ਸਾਚੋ—ਸਦਾ ਥਿਰ ਰਹਿਣ ਵਾਲਾ। ਤਾਹਿ—ਉਸ (ਰਾਮ) ਨੂੰ। ਪਛਾਨੋ—ਪਛਾਣੋ।੧। ਰਹਾਉ।

ਸੰਪਤਿ—ਸੰਪਤੀ, ਧਨ-ਦੌਲਤ, ਸਾਜ਼ੋ-ਸਾਮਾਨ। ਦੇਖਿ—ਦੇਖ ਕੇ। ਕਹਾ—(ਕਿਰਿਆ ਵਿਸ਼ੇਸ਼ਣ,'ਹਾ' ਉਚਾਰਣ ਨਾਸਕੀ) ਕਿਉਂ ? ਐਡਾਨੋ—ਆਕੜਦੇ ਹੋ। ਸੰਗਿ ਤਿਹਾਰੈ—ਤੁਹਾਡੇ ਨਾਲ। ਤਾਹਿ ਕਹਾ ਲਪਟਾਨੋ—ਉਸ ਨਾਲ ਕਿਉਂ ਚੰਬੜੇ ਬੈਠੇ ਹੋ ?।੧।

ਉਸਤਤਿ—ਵਡਿਆਈ। ਨਿੰਦਾ—ਬਦ-ਖ਼ੋਈ, ਬੁਰਿਆਈ। ਦੋਊ ਪਰਹਰਿ—ਦੋਵੇਂ ਛਡ ਕੇ। ਹਰਿ ਕੀਰਤਿ—ਹਰੀ ਦੀ ਕੀਰਤੀ, ਸਿਫ਼ਤ-ਸਲਾਹ। ਉਰਿ ਆਨੋ—ਹਿਰਦੇ ਵਿਚ ਲਿਆਓ। ਪੂਰਨੁ—ਪਰੀਪੂਰਨ, ਵਿਆਪਕ।੨।

ਅਰਥ :

ਹੇ ਸਾਧਨਾ ਕਰਨ ਵਾਲੇ ਭਲੇ ਪੁਰਸ਼ੋ ! ਇਸ ਸਰੀਰ ਨੂੰ ਬਿਨਸਨਹਾਰ ਜਾਣੋ । ਇਸ (ਸਰੀਰ) ਵਿਚ ਜਿਹੜਾ (ਵਿਆਪਕ) ਰਾਮ ਵਸਦਾ ਹੈ, ਉਸ ਨੂੰ ਸਦਾ ਥਿਰ ਰਹਿਣ ਵਾਲਾ ਪਛਾਣੋ ।੧।ਰਹਾਉ।

ਇਹ ਜਗਤ ਸੁਪਨੇ ਵਿਚ ਪ੍ਰਾਪਤ ਹੋਏ ਧਨ-ਦੌਲਤ ਵਾਂਗ ਹੀ (ਮਿਥਿਆ) ਹੈ, (ਸੋ ਇਸ ਨੂੰ) ਵੇਖ ਕੇ ਕਿਉਂ ਆਕੜੇ ਫਿਰਦੇ ਹੋ ? (ਇਸ ਸੰਸਾਰ ਵਿਚੋਂ ਕੁਝ ਵੀ ਅੰਤ ਸਮੇਂ) ਤੁਹਾਡੇ ਨਾਲ ਨਹੀਂ ਜਾ ਸਕਦਾ, (ਫਿਰ) ਤੁਸੀ ਇਸ ਨਾਲ ਕਿਉਂ ਚੰਬੜੇ ਬੈਠੇ ਹੋ ? ।੧।ਰਹਾਉ।

ਦਾਸ ਨਾਨਕ (ਦਾ ਕਥਨ ਹੈ ਕਿ) ਇਕ ਅਕਾਲ ਪੁਰਖ ਹੀ ਸਭ ਜੀਵਾਂ ਵਿਚ ਪਰੀਪੂਰਨ ਹੋ ਰਿਹਾ ਹੈ, ਸੋ (ਉਸ ਵਾਹਿਗੁਰੂ ਦੇ ਪੈਦਾ ਕੀਤੇ ਹੋਏ ਮਨੁੱਖਾਂ ਦੀ) ਵਡਿਆਈ ਜਾਂ ਬਦ-ਖ਼ੋਈ ਦਾ ਤਿਆਗ ਕਰ ਕੇ, ਉਸ ਕਰਤਾਰ ਦੀ ਸਿਫ਼ਤ-ਸਲਾਹ ਹੀ ਹਿਰਦੇ ਵਿਚ ਧਾਰਨ ਕਰੋ ।੨।੧।

ਬਸੰਤੁ ਮਹਲਾ ੯

ਪਾਪੀ ਹੀਐ ਮਹਿ ਕਾਮੁ ਬਸਾਇ ॥
ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥੧॥ਰਹਾਉ॥
ਜੋਗੀ ਜੰਗਮ ਅਰੁ ਸੰਨਿਆਸ ॥
ਸਭ ਹੀ ਪਰਿ ਡਾਰੀ ਇਹ ਫਾਸ ॥੧॥
ਜਿਹ ਜਿਹ ਹਰਿ ਕੇ ਨਾਮੁ ਸਮਾਰਿ ॥
ਤੇ ਭਵ ਸਾਗਰੁ ਉਤਰੇ ਪਾਰਿ ॥੨॥
ਜਨ ਨਾਨਕ ਹਰਿ ਕੀ ਸਰਨਾਇ ॥
ਦੀਜੈ ਨਾਮੁ ਰਹੈ ਗੁਨ ਗਾਇ ॥੩॥੨॥

ਪਦ ਅਰਥ :

ਪਾਪੀ—ਪਾਪਾਂ ਦਾ ਧਾਰਨੀ। ਹੀਐ ਮਹਿ—ਹਿਰਦੇ ਵਿਚ। ਬਸਾਇ—ਵਸਦਾ ਹੈ। ਚੰਚਲੁ—ਟਿਕ ਕੇ ਨਾ ਬੈਠਣ ਵਾਲਾ। ਯਾ ਤੇ—ਇਸ ਕਰਕੇ। ਗਹਿਓ ਨ ਜਾਇ—ਫੜਿਆ ਨਹੀਂ ਜਾਂਦਾ, ਵਸ ਵਿਚ ਨਹੀਂ ਕੀਤਾ ਜਾ ਸਕਦਾ।੧। ਰਹਾਉ।

ਜੋਗੀ—ਜੋਗ-ਸਾਧਨਾ ਕਰਨ ਵਾਲੇ। ਜੰਗਮ—ਸ਼ਿਵ ਦੇ ਉਪਾਸ਼ਕ ਜੋ ਆਪਣੇ ਸਿਰ ਤੇ ਸੱਪ ਦੀ ਸ਼ਕਲ ਦੀ ਰੱਸੀ ਤੇ ਧਾਤ ਦਾ ਚੰਦਰਮਾ ਪਹਿਨਦੇ ਹਨ ਅਤੇ ਕੰਨਾਂ ਵਿਚ ਪਿੱਤਲ ਦੇ ਫੁੱਲ ਮੋਰ-ਪੰਖਾਂ ਨਾਲ ਸਜੇ ਹੋਏ ਧਾਰਨ ਕਰਦੇ ਹਨ। ਅਰੁ—ਅਉਰ, ਅਤੇ। ਸੰਨਿਆਸ—ਸੰਨਿਆਸੀ। ਪਰਿ—ਉਤੇ, ਉਪਰ। ਡਾਰੀ—ਸੁੱਟੀ ਹੋਈ ਹੈ। ਇਹ ਫਾਸ—ਇਹ (ਕਾਮ-ਵਾਸ਼ਨਾ ਦੀ) ਫਾਹੀ।੧।

ਜਿਹ ਜਿਹ—ਜਿਸ ਜਿਸ ਨੇ। ਹਰਿ ਕੋ ਨਾਮੁ—ਹਰੀ ਦਾ ਨਾਮ। ਸਮਾਰਿ—'ਮ' ਉਚਾਰਣ ਭਾਰਾ, ਸਮ੍ਹਾਲਿਆ ਹੈ, ਸਿਮਰਿਆ ਹੈ। ਤੇ—ਉਹ ਸਾਰੇ। ਭਵ ਸਾਗਰੁ—ਸੰਸਾਰ-ਸਮੁੰਦਰ।੨।

ਸਰਨਾਇ—ਸ਼ਰਨ ਵਿਚ। ਦੀਜੈ—ਦਿਤਾ ਜਾਏ। ਰਹੈ ਗੁਨ ਗਾਇ—ਗੁਣ ਗਾਉਂਦਾ ਰਹੇ।੩।

ਅਰਥ :

(ਮੇਰੇ) ਵਿਕਾਰੀ ਹਿਰਦੇ ਵਿਚ ਕਾਮ ਵਸਦਾ ਹੈ। ਇਸ (ਕਾਮ-ਵਾਸ਼ਨਾ)

ਕਾਰਨ ਮਨ ਚੰਚਲ (ਹੋ ਗਿਆ) ਹੈ ਤੇ ਵੱਸ ਵਿਚ ਨਹੀਂ ਆਉਂਦਾ ।੧। ਰਹਾਉ।

ਜੋਗੀ ਲੋਕ, ਜੰਗਮ ਤੇ ਸੰਨਿਆਸੀ (ਭਾਵੇਂ ਘਰ ਬਾਰ ਛੱਡ ਕੇ ਜੰਗਲਾਂ ਵਿਚ ਚਲੇ ਗਏ ਹਨ, ਪਰ ਇਸ ਕਾਮ-ਵਾਸ਼ਨਾ ਨੇ ਇਨ੍ਹਾਂ ਦਾ ਪਿੱਛਾ ਨਹੀਂ ਛਡਿਆ) ਇਨ੍ਹਾਂ ਸਾਰਿਆਂ ਉਤੇ ਹੀ (ਕਾਮ ਨੇ) ਇਹ ਫਾਹੀ ਪਾਈ ਹੋਈ ਹੈ ।੧।

ਜਿਸ ਜਿਸ (ਜੀਵ) ਨੇ ਵਾਹਿਗੁਰੂ ਦਾ ਨਾਮ ਸਿਮਰਿਆ ਹੈ ਉਹ ਸਾਰੇ ਹੀ ਸੰਸਾਰ-ਸਮੁੰਦਰ ਤੋਂ ਪਾਰ ਉਤਰ ਗਏ ਹਨ ।੨।

'ਦਾਸ ਨਾਨਕ' ! ਵਾਹਿਗੁਰੂ ਦੀ ਸ਼ਰਨ ਆ ਪਿਆ ਹੈ, (ਜੋਦੜੀ ਹੈ, ਹੇ ਵਾਹਿਗੁਰੂ !) ਨਾਮ ਦੀ ਬਖ਼ਸ਼ਸ਼ ਕੀਤੀ ਜਾਵੇ (ਤਾਂ ਜੁ ਇਹ ਨਿਮਾਣਾ ਸੇਵਕ ਸਦਾ) ਗੁਣ ਗਾਉਂਦਾ ਰਹੇ (ਤੇ ਇਹ ਵੀ ਸੰਸਾਰ-ਸਾਗਰ ਤੋਂ ਪਾਰ ਉਤਰ ਸਕੇ) ।੩।੨।

ਬਸੰਤੁ ਮਹਲਾ ੯

ਮਾਈ ਮੈ ਧਨੁ ਪਾਇਓ ਹਰਿ ਨਾਮੁ ॥
ਮਨੁ ਮੇਰੋ ਧਾਵਨ ਤੇ ਛੂਟਿਓ
ਕਰਿ ਬੈਠੋ ਬਿਸਰਾਮੁ ॥੧॥ਰਹਾਉ॥
ਮਾਇਆ ਮਮਤਾ ਤਨ ਤੇ ਭਾਗੀ
ਉਪਜਿਓ ਨਿਰਮਲ ਗਿਆਨੁ ॥
ਲੋਭ ਮੋਹੁ ਏ ਪਰਸਿ ਨ ਸਾਕਹਿ
ਗਹੀ ਭਗਤਿ ਭਗਵਾਨ ॥੧॥
ਜਨਮ ਜਨਮ ਕਾ ਸੰਸਾ ਚੂਕਾ
ਰਤਨੁ ਨਾਮੁ ਜਬ ਪਾਇਆ ॥
ਤ੍ਰਿਸਨਾ ਸਕਲ ਬਿਨਾਸੀ ਮਨ ਤੇ
ਨਿਜ ਸੁਖ ਮਾਹਿ ਸਮਾਇਆ ॥੨॥
ਜਾ ਕਉ ਹੋਤ ਦਇਆਲੁ ਕਿਰਪਾ ਨਿਧਿ
ਸੋ ਗੋਬਿੰਦ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੀ ਸੰਪੈ
ਕੋਊ ਗੁਰਮੁਖਿ ਪਾਵੈ ॥੩॥੩॥

ਪਦ ਅਰਥ :

ਮਾਈ—ਹੇ ਮਾਂ-ਜਾਈ, ਹੇ ਸਤਸੰਗਣ ਸਖੀ! ਪਾਇਓ—ਪਾਇਆ ਹੈ, ਪ੍ਰਾਪਤ ਕੀਤਾ ਹੈ। ਧਾਵਨ ਤੇ—ਭਟਕਣ ਤੋਂ। ਛੂਟਿਓ—ਛੁਟ ਗਿਆ ਹੈ, ਰੁਕ ਗਿਆ ਹੈ। ਕਰਿ ਬੈਠੋ ਬਿਸਰਾਮੁ—ਟਿਕ ਕੇ ਬੈਠ ਗਿਆ ਹੈ।੧।ਰਹਾਉ।

ਮਾਇਆ ਮਮਤਾ—ਮਾਇਆ ਦੀ ਮਮਤਾ, ਮਾਇਆ ਦੀ ਅਪਣੱਤ। ਤਨ ਤੇ—ਸਰੀਰ ਤੋਂ। ਉਪਜਿਓ—ਪੈਦਾ ਹੋ ਗਿਆ ਹੈ, (ਪਰਗਟ) ਪ੍ਰਚੰਡ ਹੋ ਗਿਆ ਹੈ। ਨਿਰਮਲ ਗਿਆਨੁ—ਉਜਲ ਗਿਆਨ, ਤੱਤ ਗਿਆਨ। ਪਰਸਿ ਨ ਸਾਕਹਿ—[ਸਾਕਹਿ-'ਹਿ' ਉਚਾਰਣ ਨਾਸਕੀ] ਛੂਹ ਨਹੀਂ ਸਕਦੇ, ਨੇੜੇ ਨਹੀਂ ਢੁਕ ਸਕਦੇ। ਗਹੀ—ਪਕੜੀ। ਭਗਤਿ ਭਗਵਾਨ—ਪ੍ਰਭੂ ਦੀ ਭਗਤੀ।੧।

ਸੰਸਾ—ਸਹਸਾ, ਭਰਮ। ਚੂਕਾ—ਦੂਰ ਹੋ ਗਿਆ। ਰਤਨੁ ਨਾਮੁ—ਰਤਨ ਰੂਪੀ ਨਾਮ, ਅਮੋਲਕ-ਨਾਮ। ਜਬ—ਜਦੋਂ। ਸਕਲ—ਸਗਲ, ਸਾਰੀ। ਨਿਜ ਸੁਖ—ਆਪੇ ਨਾਲ ਮਿਲਾਪ ਦਾ ਅਨੰਦ, ਆਤਮਕ ਸੁਖ। ਮਾਹਿ—ਵਿਚ।੨।

ਜਾ ਕਉ—ਜਿਸ ਨੂੰ। ਦਇਆਲੁ—ਮਿਹਰਵਾਨ। ਕਿਰਪਾ-ਨਿਧਿ—ਮਿਹਰ ਦਾ ਖ਼ਜ਼ਾਨਾ ਵਾਹਿਗੁਰੂ। ਸੋ ਗਾਵੈ—ਉਹ ਗਾਉਂਦਾ ਹੈ। ਗੋਬਿੰਦ ਗੁਨ—ਗੋਬਿੰਦ ਦੇ ਗੁਣ। ਇਹ ਬਿਧਿ ਕੀ ਸੰਪੈ—ਇਸ ਕਿਸਮ ਦੀ ਸੰਪਤੀ। ਕੋਊ—ਕੋਈ ਵਿਰਲਾ। ਗੁਰਮੁਖਿ—ਗੁਰੂ ਦਾ ਅਨੁਸਾਰੀ।੩।

ਅਰਥ :

ਹੇ ਮਾਂ-ਜਾਈ ਸਤਸੰਗਣ ਸਖੀ! ਮੈਂ (ਗੁਰੂ ਪਾਸੋਂ) ਵਾਹਿਗੁਰੂ ਨਾਮ-ਧਨ ਪ੍ਰਾਪਤ ਕੀਤਾ ਹੈ, (ਹੁਣ) ਮੇਰਾ ਮਨ (ਮਾਇਆ ਦੀ ਪ੍ਰਾਪਤੀ ਲਈ) ਨੱਸ-ਭੱਜ ਕਰਨ ਤੋਂ ਰੁਕ ਗਿਆ ਹੈ ਅਤੇ ਟਿਕਾਅ ਵਿਚ ਆ ਗਿਆ ਹੈ।੧।ਰਹਾਉ।

(ਨਾਮ-ਪ੍ਰਾਪਤੀ ਸਦਕਾ ਹੁਣ ਮੇਰੇ) ਸਰੀਰ 'ਚੋਂ ਮਾਇਆ ਦੀ ਅਪਣੱਤ ਮੁਕ ਗਈ ਹੈ ਅਤੇ ਤੱਤ ਗਿਆਨ ਪ੍ਰਚੰਡ ਹੋ ਗਿਆ ਹੈ। (ਹੁਣ) ਲੋਭ ਤੇ ਮੋਹ ਇਹ ਮੇਰੇ ਨੇੜੇ ਫਟਕ ਨਹੀਂ ਸਕਦੇ, (ਕਿਉਂਕਿ ਮੈਂ) ਵਾਹਿਗੁਰੂ ਦੀ ਭਗਤੀ ਹਿਰਦੇ ਵਿਚ ਦ੍ਰਿੜ੍ਹ ਕਰ ਲਈ ਹੈ।੧।

ਵਾਹਿਗੁਰੂ ਦਾ ਵਡਮੁੱਲਾ ਨਾਮ ਜਦੋਂ ਦਾ ਪ੍ਰਾਪਤ ਹੋਇਆ ਹੈ, ਮੇਰਾ ਜਨਮਾਂ ਜਨਮਾਂਤਰਾਂ ਦਾ ਭਰਮ ਮਿਟ ਗਿਆ ਹੈ। (ਨਾਲ ਹੀ) ਮੇਰੇ ਮਨ ਵਿਚੋਂ ਸਾਰੀ ਤ੍ਰਿਸ਼ਨਾ ਨਾਸ ਹੋ ਗਈ ਹੈ ਅਤੇ ਮੈਂ ਆਤਮਕ ਸੁਖ ਵਿਚ ਲੀਨ ਹੋ ਗਿਆ ਹਾਂ।੨।

ਜਿਸ ਜੀਵ ਉਤੇ ਬਖ਼ਸ਼ਸ਼ ਦਾ ਭੰਡਾਰ ਵਾਹਿਗੁਰੂ ਮਿਹਰਵਾਨ ਹੁੰਦਾ ਹੈ, ਉਹੋ ਵਾਹਿਗੁਰੂ ਦੇ ਗੁਣ ਗਾਉਂਦਾ ਹੈ। ਨਾਨਕ ਦਾ ਇਹ ਕਥਨ ਹੈ ਕਿ ਇਸ ਕਿਸਮ ਦੀ ਸੰਪਤੀ ਕੋਈ ਵਿਰਲਾ ਗੁਰਮੁਖ (ਗੁਰੂ ਦਾ ਅਨੁਸਾਰੀ) ਹੀ ਪ੍ਰਾਪਤ ਕਰ ਸਕਦਾ ਹੈ।੩।੩।

ਬਸੰਤੁ ਮਹਲਾ ੯

ਮਨ ਕਹਾ ਬਿਸਾਰਿਓ ਰਾਮ ਨਾਮੁ ॥
ਤਨੁ ਬਿਨਸੈ ਜਮ ਸਿਉ ਪਰੈ ਕਾਮੁ ॥੧॥ਰਹਾਉ॥
ਇਹੁ ਜਗੁ ਧੂਏ ਕਾ ਪਹਾਰੁ ॥
ਤੈ ਸਾਚਾ ਮਾਨਿਆ ਕਿਹ ਬਿਚਾਰਿ ॥੧॥
ਧਨੁ ਦਾਰਾ ਸੰਪਤਿ ਗ੍ਰੇਹ ॥
ਕਛੁ ਸੰਗਿ ਨ ਚਾਲੈ ਸਮਝਿ ਲੇਹਿ ॥੨॥
ਇਕ ਭਗਤਿ ਨਾਰਾਇਨ ਹੋਇ ਸੰਗਿ ॥
ਕਹੁ ਨਾਨਕ ਭਜੁ ਤਿਹ ਏਕ ਰੰਗਿ ॥੩॥੪॥

ਪਦ ਅਰਥ :

ਕਹਾ—(ਕ੍ਰਿਆ ਵਿਸ਼ੇਸ਼ਣ, ਉਚਾਰਣ ਨਾਸਕੀ) ਕਿਉਂ ? ਬਿਸਾਰਿਓ—ਵਿਸਾਰਿਆ ਹੈ, ਭੁਲਾਇਆ ਹੈ। ਤਨੁ ਬਿਨਸੈ—ਸਰੀਰ ਬਿਨਸ ਜਾਏਗਾ, ਨਾਸ ਹੋ ਜਾਏਗਾ। ਜਮ ਸਿਉ—ਜਮਾਂ ਨਾਲ। ਪਰੈ ਕਾਮੁ—ਕੰਮ ਪਵੇਗਾ, ਵਾਹ ਪਵੇਗਾ।੧। ਰਹਾਉ।

ਇਹੁ ਜਗੁ—ਇਹ ਸੰਸਾਰ। ਤੈ—(ਉਚਾਰਣ ਨਾਸਕੀ) ਤੂੰ। ਸਾਚਾ ਮਾਨਿਆ—ਸਥਿਰ ਰਹਿਣ ਵਾਲਾ ਮੰਨ ਲਿਆ। ਕਿਹ ਬਿਚਾਰਿ—ਕੀ ਸੋਚ ਕੇ ?।੧।

ਦਾਰਾ—ਇਸਤ੍ਰੀ, ਪਤਨੀ। ਸੰਪਤਿ—ਸੰਪਤੀ, ਐਸ਼ਵਰਜ ਦੀ ਸਮੱਗਰੀ। ਗ੍ਰੇਹ—ਘਰ। ਕਛੁ—ਕੁਝ ਵੀ। ਸੰਗਿ ਨ ਚਾਲੈ—ਨਾਲ ਨਹੀਂ ਚਲਦਾ। ਸਮਝਿ ਲੇਹਿ—ਸਮਝ ਲੈ, ਭਾਵ, ਯਕੀਨ ਕਰ ਕੇ ਜਾਣ।੨।

ਇਕ ਭਗਤਿ ਨਾਰਾਇਨ—ਕੇਵਲ ਪ੍ਰਭੂ ਦੀ ਭਗਤੀ।ਸੰਗਿ—ਨਾਲ।ਭਜੁ ਤਿਹ—ਉਸ (ਵਾਹਿਗੁਰੂ ਦੇ ਨਾਮ) ਨੂੰ ਸਿਮਰ।੩।

ਅਰਥ :

ਹੇ ਮਨ! ਤੂੰ ਵਾਹਿਗੁਰੂ ਦਾ ਨਾਮ ਕਿਉਂ ਵਿਸਾਰ ਦਿਤਾ ਹੈ ? (ਜਦੋਂ) ਸਰੀਰ

ਨਾਸ ਹੋ ਜਾਏਗਾ ਤਾਂ (ਨਾਮ ਤੋਂ ਵਿਰਵੇ ਰਿਹਾਂ) ਜਮਾਂ ਨਾਲ ਵਾਹ ਪਏਗਾ।੧।ਰਹਾਉ।

ਇਹ ਸੰਸਾਰ (ਜਾਣੋ) ਧੂਏਂ ਦਾ ਪਹਾੜ ਹੈ (ਜਿਸ ਦੀ ਕੋਈ ਅਸਲੀਅਤ ਨਹੀਂ); (ਪਰ, ਹੇ ਮਨ !) ਤੂੰ ਕੀ ਸੋਚ ਕੇ ਇਸ ਨੂੰ ਸਦਾ ਥਿਰ ਰਹਿਣ ਵਾਲਾ ਮੰਨਿਆ ਹੈ ?।੧।

ਇਹ (ਚੰਗੀ ਤਰ੍ਹਾਂ) ਸਮਝ ਲੈ ਕਿ ਧਨ, ਇਸਤ੍ਰੀ, ਸੰਪਤੀ ਤੇ ਘਰ-ਬਾਰ (ਇਨ੍ਹਾਂ ਸਭਨਾਂ ਵਿਚੋਂ) ਕੁਝ ਵੀ ਨਾਲ ਨਹੀਂ ਚਲਦਾ।੨।

(ਹੇ ਮਨ !) ਕੇਵਲ ਵਾਹਿਗੁਰੂ ਦੀ ਭਗਤੀ ਹੀ ਨਾਲ ਨਿਭਦੀ ਹੈ; ਨਾਨਕ ਦਾ ਇਹ ਕਥਨ ਹੈ ਕਿ ਉਸ ਵਾਹਿਗੁਰੂ ਨੂੰ ਕੇਵਲ ਉਸ ਦੇ ਪਿਆਰ ਵਿਚ ਰਚ ਕੇ ਸਿਮਰ।੩।੪।

ਬਸੰਤੁ ਮਹਲਾ ੯

ਮਨ ਕਹਾ ਬਿਸਾਰਿਓ ਰਾਮ ਨਾਮੁ ॥
ਤਨੁ ਬਿਨਸੈ ਜਮ ਸਿਉ ਪਰੈ ਕਾਮੁ ॥੧॥ਰਹਾਉ॥
ਇਹੁ ਜਗੁ ਧੂਏ ਕਾ ਪਹਾਰੁ ॥
ਤੈ ਸਾਚਾ ਮਾਨਿਆ ਕਿਹ ਬਿਚਾਰਿ ॥੧॥
ਧਨੁ ਦਾਰਾ ਸੰਪਤਿ ਗ੍ਰੇਹ ॥
ਕਛੁ ਸੰਗਿ ਨ ਚਾਲੈ ਸਮਝਿ ਲੇਹਿ ॥੨॥
ਇਕ ਭਗਤਿ ਨਾਰਾਇਨ ਹੋਇ ਸੰਗਿ ॥
ਕਹੁ ਨਾਨਕ ਭਜੁ ਤਿਹ ਏਕ ਰੰਗਿ ॥੩॥੪॥

ਪਦ ਅਰਥ :

ਕਹਾ—(ਕ੍ਰਿਆ ਵਿਸ਼ੇਸ਼ਣ, ਉਚਾਰਣ ਨਾਸਕੀ) ਕਿਉਂ ? ਬਿਸਾਰਿਓ—ਵਿਸਾਰਿਆ ਹੈ, ਭੁਲਾਇਆ ਹੈ । ਤਨੁ ਬਿਨਸੈ—ਸਰੀਰ ਬਿਨਸ ਜਾਏਗਾ, ਨਾਸ ਹੋ ਜਾਏਗਾ । ਜਮ ਸਿਉ—ਜਮਾਂ ਨਾਲ । ਪਰੈ ਕਾਮੁ—ਕੰਮ ਪਵੇਗਾ, ਵਾਹ ਪਵੇਗਾ ।੧। ਰਹਾਉ।

ਇਹੁ ਜਗੁ—ਇਹ ਸੰਸਾਰ । ਤੈ—(ਉਚਾਰਣ ਨਾਸਕੀ) ਤੂੰ । ਸਾਚਾ ਮਾਨਿਆ—ਸਥਿਰ ਰਹਿਣ ਵਾਲਾ ਮੰਨ ਲਿਆ । ਕਿਹ ਬਿਚਾਰਿ—ਕੀ ਸੋਚ ਕੇ ? ।੧।

ਦਾਰਾ—ਇਸਤ੍ਰੀ, ਪਤਨੀ । ਸੰਪਤਿ—ਸੰਪਤੀ, ਐਸ਼ਵਰਜ ਦੀ ਸਮੱਗਰੀ । ਗ੍ਰੇਹ—ਘਰ । ਕਛੁ—ਕੁਝ ਵੀ । ਸੰਗਿ ਨ ਚਾਲੈ—ਨਾਲ ਨਹੀਂ ਚਲਦਾ । ਸਮਝਿ ਲੇਹਿ—ਸਮਝ ਲੈ, ਭਾਵ, ਯਕੀਨ ਕਰ ਕੇ ਜਾਣ ।੨।

ਇਕ ਭਗਤਿ ਨਾਰਾਇਨ—ਕੇਵਲ ਪ੍ਰਭੂ ਦੀ ਭਗਤੀ ।ਸੰਗਿ—ਨਾਲ ।ਭਜੁ ਤਿਹ—ਉਸ (ਵਾਹਿਗੁਰੂ ਦੇ ਨਾਮ) ਨੂੰ ਸਿਮਰ ।੩।

ਅਰਥ :

ਹੇ ਮਨ ! ਤੂੰ ਵਾਹਿਗੁਰੂ ਦਾ ਨਾਮ ਕਿਉਂ ਵਿਸਾਰ ਦਿਤਾ ਹੈ ? (ਜਦੋਂ) ਸਰੀਰ

ਭੁੱਲਿਆ ਫਿਰਦਾ ਹੈਂ ? ਸੁਚੇਤ ਹੋ, ਅਜੇ ਕੁਝ ਨਹੀਂ ਵਿਗੜਿਆ (ਭਾਵ, ਜੇ ਤੂੰ ਸਾਵਧਾਨ ਹੋ ਜਾਏਂ ਤਾਂ ਸੁਧਾਰ ਹੋ ਸਕਦਾ ਹੈ) ।੧।ਰਹਾਉ।

ਇਸ ਸੰਸਾਰ ਨੂੰ ਸੁਪਨੇ ਸਮਾਨ (ਮਿਥਿਆ) ਜਾਣ । ਸੰਸਾਰ ਦਾ ਸਭ ਕੁਝ ਇਕ ਪਲ ਵਿਚ ਢਹਿ-ਢੇਰੀ ਹੋ ਜਾਂਦਾ ਹੈ, ਇਹ ਗੱਲ ਨਿਸਚੇ ਕਰ ਕੇ ਮੰਨ ਲੈ ।੧।

ਹੇ ਮਿੱਤਰ! ਵਾਹਿਗੁਰੂ ਤੇਰੇ ਅੰਗ ਸੰਗ ਹਰ ਵੇਲੇ ਵਸਦਾ ਹੈ; ਤੂੰ ਦਿਨ ਰਾਤ, ਭਾਵ ਸਦਾ ਹੀ ਉਸ ਨੂੰ ਚੇਤੇ ਕਰ ।੨।

(ਹੇ ਮਿੱਤਰ !) ਅੰਤ ਸਮੇਂ (ਵਾਹਿਗੁਰੂ ਦਾ ਸਿਮਰਨ ਹੀ) ਸਹਾਈ ਹੁੰਦਾ ਹੈ; ਇਸ ਲਈ ਨਾਨਕ ਦਾ ਕਥਨ ਹੈ, ਉਸ ਵਾਹਿਗੁਰੂ ਦੇ ਗੁਣ (ਹਰ ਵੇਲੇ) ਗਾਇਨ ਕਰ ।੩।੫।

ਬਸੰਤੁ ਮਹਲਾ ੯

ਕਹਾ ਭੂਲਿਓ ਰੇ ਝੂਠੇ ਲੋਭਿ ਲਾਗਿ ॥
ਕਛੁ ਬਿਗਰਿਓ ਨਾਹਿਨ ਅਜਹੁ ਜਾਗੁ ॥੧॥ਰਹਾਉ॥
ਸਮ ਸੁਪਨੇ ਕੈ ਇਹੁ ਜਗੁ ਜਾਨੁ ॥
ਬਿਨਸੈ ਛਿਨ ਮਹਿ ਸਾਚੀ ਮਾਨੁ ॥੧॥
ਸੰਗਿ ਤੇਰੈ ਹਰਿ ਬਸਤੁ ਨੀਤ ॥
ਨਿਸਿ ਬਾਸੁਰ ਭਜੁ ਤਾਹਿ ਮੀਤ ॥੨॥
ਬਾਰ ਅੰਤ ਕੀ ਹੋਇ ਸਹਾਇ ॥
ਕਹੁ ਨਾਨਕ ਗੁਨ ਤਾ ਕੇ ਗਾਇ ॥੩॥੫॥

ਪਦ ਅਰਥ :

ਕਹਾ ਭੂਲਿਓ—(ਕਹਾ—ਕਿਰਿਆ ਵਿਸ਼ੇਸ਼ਣ, ਉਚਾਰਣ ਨਾਸਕੀ) ਕਿਉਂ ਭੁੱਲਿਆ ਫਿਰਦਾ ਹੈਂ ? ਰੇ—ਹੇ! ਝੂਠੇ ਲੋਭਿ ਲਾਗਿ—ਨਾਸਵੰਤ ਸੰਸਾਰ ਦੇ ਲਾਲਚ ਵਿਚ ਲਗ ਕੇ। ਕਛੁ ਬਿਗਰਿਓ ਨਾਹਿਨ—ਕੁਝ ਨਹੀਂ ਵਿਗੜਿਆ। ਅਜਹੁ—('ਹੁ' ਉਚਾਰਣ ਨਾਸਕੀ) ਅਜੇ ਵੀ। ਜਾਗੁ—ਸਾਵਧਾਨ ਹੋ, ਸੁਚੇਤ ਹੋ।੧। ਰਹਾਉ।

ਸਮ—ਸਮਾਨ, ਵਾਂਗ। ਕੈ—ਦੇ। ਜਾਨੁ—ਜਾਣ, ਸਮਝ। ਬਿਨਸੈ ਛਿਨ ਮਹਿ—ਇਕ ਪਲ ਵਿਚ ਬਿਨਸ ਜਾਂਦਾ ਹੈ, ਨਾਸ ਹੋ ਜਾਂਦਾ ਹੈ। ਸਾਚੀ ਮਾਨੁ—ਇਹ ਗੱਲ ਸੱਚੀ ਜਾਣ।੧।

ਸੰਗਿ ਤੇਰੈ—ਤੇਰੇ ਨਾਲ। ਨੀਤ—ਨਿੱਤ, ਹਰ ਰੋਜ਼, ਸਦਾ। ਨਿਸਿ ਬਾਸੁਰ—ਦਿਨ ਰਾਤ, ਸਦਾ ਹੀ। ਭਜੁ ਤਾਹਿ—ਉਸ (ਵਾਹਿਗੁਰੂ) ਨੂੰ ਸਿਮਰ। ਮੀਤ—ਹੇ ਮਿੱਤਰ!।੨।

ਬਾਰ ਅੰਤ ਕੀ—ਅੰਤ ਦੀ ਵਾਰੀ, ਅੰਤਲੇ ਸਮੇਂ। ਹੋਇ ਸਹਾਇ—ਸਹਾਈ ਹੁੰਦਾ ਹੈ। ਗੁਨ ਤਾ ਕੇ ਗਾਇ—ਉਸ ਵਾਹਿਗੁਰੂ ਦੇ ਗੁਣ ਗਾਇਨ ਕਰ।੩।

ਅਰਥ :

(ਹੇ ਮਿੱਤਰ!) ਤੂੰ ਨਾਸਵੰਤ ਸੰਸਾਰ ਦੇ ਲਾਲਚ ਵਿਚ ਲਗ ਕੇ ਕਿਉਂ

ਸਭੁ—ਸਾਰਾ ਸੰਸਾਰ। ਮਿਥਿਆ—ਨਾਸਵੰਤ। ਰੈਨਾਈ—ਰਾਤ ਦਾ।੨।

ਅਰਥ :

(ਹੇ ਭਾਈ! ਇਸ ਜਗਤ ਵਿਚ) ਵਾਹਿਗੁਰੂ ਤੋਂ ਬਗ਼ੈਰ ਤੇਰਾ ਕੋਈ ਵੀ ਮਦਦਗਾਰ ਨਹੀਂ ਹੈ। ਕਿਸ ਦੀ ਹੈ ਕੋਈ ਮਾਤਾ ਜਾਂ ਇਸਤ੍ਰੀ? ਕਿਸ ਦਾ ਹੈ ਕੋਈ ਪਿਉ ਜਾਂ ਪੁੱਤਰ? ਹੇ ਭਾਈ! (ਜਗਤ ਵਿਚ) ਕੌਣ ਹੈ ਕਿਸੇ ਦਾ?।੧।ਰਹਾਉ।

ਧਨ, ਭੁਇੰ, ਅਤੇ ਸਾਰੀ ਜਾਇਦਾਦ, ਜੋ ਤੂੰ ਆਪਣੀ ਸਮਝੀ ਬੈਠਾ ਹੈਂ, ਰੂਹ ਦੇ ਸਰੀਰ ਵਿਚੋਂ ਵੱਖ ਹੁੰਦਿਆਂ ਸਾਰ (ਮਾਇਕੀ ਪਦਾਰਥਾਂ ਵਿਚੋਂ) ਕੁਝ ਵੀ ਨਾਲ ਨਹੀਂ ਚਲਦਾ, (ਤਾਂ ਤੇ) ਤੂੰ ਕਿਉਂ ਉਨ੍ਹਾਂ (ਪਦਾਰਥਾਂ ਆਦਿ) ਨਾਲ ਚੰਬੜਿਆ ਪਿਆ ਹੈਂ?।੧।

ਵਾਹਿਗੁਰੂ, ਜੋ ਦੀਨ-ਦੁਖੀਆਂ ਤੇ ਮਿਹਰ ਕਰਨ ਵਾਲਾ ਹੈ ਅਤੇ (ਸਭ ਦੇ) ਦੁਖਾਂ ਦਾ ਨਾਸ ਕਰਨ ਵਾਲਾ ਹੈ, ਉਸ ਨਾਲ ਤੂੰ ਰੁਚੀ ਨਹੀਂ ਵਧਾਈ (ਭਾਵ, ਤੂੰ ਉਸ ਨਾਲ ਲਗਨ ਪੈਦਾ ਨਹੀਂ ਕੀਤੀ)। ਨਾਨਕ ਕਥਨ ਕਰਦਾ ਹੈ—ਇਹ ਸਾਰਾ ਜਗਤ (ਇਸ ਤਰ੍ਹਾਂ) ਮਿਥਿਆ ਹੈ ਜਿਵੇਂ ਰਾਤ ਦਾ ਸੁਪਨਾ।੨।੧।

ੴ ਸਤਿਗੁਰਪ੍ਰਸਾਦਿ ॥

ਰਾਗੁ ਸਾਰੰਗ ਮਹਲਾ ੯

ਹਰਿ ਬਿਨੁ ਤੇਰੋ ਕੋ ਨ ਸਹਾਈ ॥
ਕਾਂ ਕੀ ਮਾਤ ਪਿਤਾ ਸੁਤ ਬਨਿਤਾ
ਕੋ ਕਾਹੂ ਕੋ ਭਾਈ ॥੧॥ਰਹਾਉ॥
ਧਨੁ ਧਰਨੀ ਅਰੁ ਸੰਪਤਿ ਸਗਰੀ
ਜੋ ਮਾਨਿਓ ਅਪਨਾਈ ॥
ਤਨਿ ਛੂਟੈ ਕਛੁ ਸੰਗਿ ਨ ਚਾਲੈ
ਕਹਾ ਤਾਹਿ ਲਪਟਾਈ ॥੧॥
ਦੀਨ ਦਇਆਲ ਸਦਾ ਦੁਖ ਭੰਜਨੁ
ਤਾ ਸਿਉ ਰੁਚ ਨ ਬਢਾਈ ॥
ਨਾਨਕੁ ਕਹਤੁ ਜਗਤੁ ਸਭੁ ਮਿਥਿਆ
ਜਿਉ ਸੁਪਨਾ ਰੈਨਾਈ ॥੨॥੧॥

ਪਦ ਅਰਥ:

ਤੇਰੋ ਕੋ ਨ ਸਹਾਈ—ਤੇਰਾ ਕੋਈ ਸਹਾਇਕ (ਮਦਦਗਾਰ) ਨਹੀਂ ਹੈ। ਕਾਂ ਕੀ—ਕਿਸ ਦੀ? ਸੁਤ—ਪੁੱਤਰ। ਬਨਿਤਾ—ਇਸਤ੍ਰੀ, ਪਤਨੀ। ਕੋ ਕਾਹੂ ਕੋ—ਕੌਣ ਹੈ ਕਿਸੇ ਦਾ [ਕਾਹੂ—'ਹੂ' ਉਚਾਰਣ ਨਾਸਕੀ]।੧।ਰਹਾਉ।

ਧਰਨੀ—ਧਰਤੀ, ਭੁਇਂ। ਸੰਪਤਿ ਸਗਰੀ—ਸਾਰੀ ਸਮੱਗਰੀ, ਸਾਰੀ ਜਾਇਦਾਦ। ਅਪਨਾਈ—ਆਪਣੀ ਹੀ। ਤਨਿ ਛੂਟੈ—ਸਰੀਰ ਵਿਚੋਂ ਰੂਹ ਵਖ ਹੁੰਦਿਆਂ ਹੀ। ਕਛੁ ਸੰਗਿ ਨ ਚਾਲੈ—ਕੁਝ ਵੀ ਨਾਲ ਨਹੀਂ ਜਾਂਦਾ। ਕਹਾ—(ਕਿਰਿਆ ਵਿਸ਼ੇਸ਼ਣ, ਉਚਾਰਣ ਨਾਸਕੀ) ਕਿਉਂ? ਤਾਹਿ—ਉਨ੍ਹਾਂ ਨਾਲ। ਲਪਟਾਈ—ਲਪਟ ਰਿਹਾ ਹੈਂ, ਚੰਬੜਿਆ ਹੋਇਆ ਹੈਂ।੧।

ਦੀਨ-ਦਇਆਲੁ—ਦੀਨ-ਦੁਖੀਆਂ ਉਤੇ ਮਿਹਰ ਕਰਨ ਵਾਲਾ (ਵਾਹਿਗੁਰੂ)। ਦੁਖ-ਭੰਜਨੁ—ਦੁਖਾਂ ਦਾ ਨਾਸ ਕਰਨ ਵਾਲਾ (ਵਾਹਿਗੁਰੂ)। ਤਾ ਸਿਉ—ਉਸ (ਵਾਹਿਗੁਰੂ) ਨਾਲ। ਰੁਚ—ਰੁਚੀ, ਲਗਨ। ਨ ਬਢਾਈ—ਨਹੀਂ ਵਧਾਈ। ਜਗਤੁ

ਹੋਹਿ—(ਉਚਾਰਣ ਨਾਸਕੀ) ਤੂੰ ਹੋ ਜਾਏਂਗਾ। ਮਾਹੀ—ਵਿਚ। ਭਗਵੰਤ ਭਜਨ ਬਿਨੁ—ਵਾਹਿਗੁਰੂ ਦੇ ਭਜਨ ਬਿਨਾਂ। ਸੁਪਨੇ ਭੀ—ਸੁਪਨੇ ਵਿਚ ਵੀ।੨।

ਅਰਥ :

ਹੇ ਮਨ! ਤੂੰ ਕਿਉਂ ਜ਼ਹਿਰ (ਦੀ ਗੰਦਲ-ਮਾਇਆ) ਨਾਲ ਚੰਬੜਿਆ ਪਿਆ ਹੈਂ? (ਨਿਸਚੇ ਕਰ ਕੇ ਜਾਣ ਕਿ) ਇਸ ਜਗਤ ਵਿਚ ਕੋਈ ਵੀ (ਸਦਾ ਲਈ) ਟਿਕਿਆ ਨਹੀਂ ਰਹਿ ਸਕਦਾ; ਅਨੇਕਾਂ ਜੀਵ ਆਉਂਦੇ (ਜੰਮਦੇ) ਹਨ ਤੇ ਅਨੇਕਾਂ ਜਾਂਦੇ (ਮਰਦੇ) ਹਨ।੧।ਰਹਾਉ।

ਇਹ ਸਰੀਰ ਤੇ ਧਨ ਕਿਸ ਦਾ ਹੈ, ਅਤੇ ਇਹ ਸਾਰੀ ਸੰਪਤੀ (ਜਾਇਦਾਦ) ਕਿਸ ਦੀ ਹੈ (ਭਾਵ, ਕਿਸੇ ਦੀ ਵੀ ਨਹੀਂ); (ਇਹ ਪਦਾਰਥ ਫਿਰਦੇ ਪਰਛਾਵੇਂ ਵਾਂਗ ਕਿਸੇ ਇਕ ਕੋਲ ਸਦਾ ਨਹੀਂ ਰਹਿੰਦੇ), (ਫਿਰ ਤੂੰ) ਕਿਸ ਨਾਲ ਪਿਆਰ ਲਾਈ ਬੈਠਾ ਹੈਂ? ਜੋ ਕੁਝ ਵੀ ਦਿਸ ਰਿਹਾ ਹੈ, ਸਾਰਾ ਬਿਨਸ ਜਾਏਗਾ (ਬਿਲਕੁਲ ਉਸੇ ਤਰ੍ਹਾਂ) ਜਿਵੇਂ ਬੱਦਲ ਦੀ ਛਾਂ।੧।

(ਇਸ ਕਰਕੇ) ਹੰਕਾਰ ਛਡ ਕੇ ਸਤ-ਪੁਰਸ਼ਾਂ ਦੀ ਸ਼ਰਨ ਪਕੜ ਲੈ, (ਅਜਿਹਾ ਕਰਨ ਨਾਲ) ਤੂੰ ਛਿਨ ਮਾਤ੍ਰ ਵਿਚ (ਵਿਕਾਰੀ ਜੀਵਨ ਤੇ ਜਨਮ ਮਰਨ ਤੋਂ) ਮੁਕਤ ਹੋ ਜਾਏਂਗਾ। ਦਾਸ ਨਾਨਕ (ਦਾ ਕਥਨ ਹੈ ਕਿ) ਵਾਹਿਗੁਰੂ ਦੇ ਭਜਨ ਤੋਂ ਬਗ਼ੈਰ (ਆਮ ਜੀਵਨ ਵਿਚ ਤਾਂ ਕੀ) ਸੁਪਨੇ ਵਿਚ ਵੀ ਸੁਖ (ਪ੍ਰਾਪਤ ਹੋਣਾ ਸੰਭਵ) ਨਹੀਂ।੨।੨।

ਸਾਰੰਗ ਮਹਲਾ ੯

ਕਹਾ ਮਨ ਬਿਖਿਆ ਸਿਉ ਲਪਟਾਹੀ ॥
ਯਾ ਜਗ ਮਹਿ ਕੋਊ ਰਹਨੁ ਨ ਪਾਵੈ
ਇਕਿ ਆਵਹਿ ਇਕਿ ਜਾਹੀ ॥੧॥ਰਹਾਉ॥
ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ
ਕਾ ਸਿਉ ਨੇਹੁ ਲਗਾਹੀ ॥
ਜੋ ਦੀਸੈ ਸੋ ਸਗਲ ਬਿਨਾਸੈ
ਜਿਉ ਬਾਦਰ ਕੀ ਛਾਹੀ ॥੧॥
ਤਜਿ ਅਭਿਮਾਨੁ ਸਰਣਿ ਸੰਤਨ ਗਹੁ
ਮੁਕਤ ਹੋਹਿ ਛਿਨ ਮਾਹੀ ॥
ਜਨ ਨਾਨਕ ਭਗਵੰਤ ਭਜਨ ਬਿਨੁ
ਸੁਖੁ ਸੁਪਨੇ ਭੀ ਨਾਹੀ ॥੨॥੨॥

ਪਦ ਅਰਥ :

ਮਨ—ਹੇ ਮਨ! ਕਹਾ ਬਿਖਿਆ ਸਿਉ ਲਪਟਾਹੀ—(ਕਹਾ— ਕ੍ਰਿਆ ਵਿਸ਼ੇਸ਼ਣ, ਉਚਾਰਣ ਨਾਸਕੀ) ਕਿਉਂ ਜ਼ਹਿਰ (ਮਾਇਆ) ਨਾਲ ਚੰਬੜਿਆ ਹੋਇਆ ਹੈਂ ? [ਲਪਟਾਹੀ—'ਹੀ' ਉਚਾਰਣ ਨਾਸਕੀ] । ਯਾ ਜਗ ਮਹਿ—ਇਸ ਜਗਤ ਵਿਚ । ਕੋਊ—ਕੋਈ ਵੀ । ਨ ਪਾਵੈ—ਨਹੀਂ ਪਾਉਂਦਾ । ਇਕਿ—ਕਈ ('ਇਕੁ' ਇਕ-ਵਚਨ, 'ਇਕਿ' ਬਹੁ-ਵਚਨ)। ਆਵਹਿ—('ਹਿ' ਉਚਾਰਣ ਨਾਸਕੀ) ਆਉਂਦੇ ਹਨ, ਜੰਮਦੇ ਹਨ । ਜਾਹੀ—('ਹੀ' ਉਚਾਰਣ ਨਾਸਕੀ) ਜਾਂਦੇ ਹਨ, ਮਰਦੇ ਹਨ ।੧।ਰਹਾਉ।

ਕਾਂ ਕੋ—ਕਿਸ ਦਾ ? ਸੰਪਤਿ ਕਾਂ ਕੀ—ਸੰਪਤੀ, ਜਾਇਦਾਦ ਕਿਸ ਦੀ ? ਕਾ ਸਿਉ—ਕਿਸ ਨਾਲ ? ਨੇਹੁ ਲਗਾਹੀ—(ਲਗਾਹੀ—'ਹੀ' ਉਚਾਰਣ ਨਾਸਕੀ) ਤੂੰ ਪਿਆਰ ਲਾ ਰਿਹਾ ਹੈਂ । ਸਗਲ—ਸਾਰਾ ਕੁਝ । ਬਿਨਾਸੈ—ਨਾਸ ਹੋ ਜਾਂਦਾ ਹੈ, ਬਿਨਸ ਜਾਂਦਾ ਹੈ । ਬਾਦਰ ਕੀ ਛਾਹੀ—ਬੱਦਲ ਦੀ ਛਾਂ ।੧।

ਤਜਿ ਅਭਿਮਾਨੁ—ਹੰਕਾਰ ਨੂੰ ਤਿਆਗ ਕੇ । ਗਹੁ—ਪਕੜ ।

ਤਰੀਕੇ ਨਾਲ। ਆਪੁ–ਆਪਣੇ ਆਪ ਨੂੰ। ਬੰਧਾਵੈ–ਬੰਨ੍ਹਾਉਂਦਾ ਹੈ, ਫਸਾਈ ਫਿਰਦਾ ਹੈ। ਸੋਊ–ਉਹੀ ਮਨੁੱਖ। ਜਗਿ–ਜਗਤ ਵਿਚ। ਮੁਕਤਾ–(ਮੋਹ-ਮਾਇਆ ਅਤੇ ਜਨਮ-ਮਰਨ ਦੇ ਬੰਧਨਾਂ ਤੋਂ) ਮੁਕਤ। ਰਾਮ ਭਜਨਿ–ਰਾਮ ਦੇ ਭਜਨ ਵਿਚ।੨।

ਅਰਥ :

ਜੀਵ ਆਪਣਾ ਜਨਮ ਕਿਉਂ (ਵਿਅਰਥ) ਗਵਾ ਰਿਹਾ ਹੈ ? ਮਾਇਆ ਦੇ ਮਦ ਵਿਚ ਅਤੇ (ਰੂਪ ਰਸ ਗੰਧ ਆਦਿ ਮਾਇਕੀ) ਵਿਹੁਲੇ ਸੁਆਦ ਵਿਚ ਰਚ-ਮਿਚ ਰਿਹਾ ਹੈ ਅਤੇ ਵਾਹਿਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ।੧।ਰਹਾਉ।

ਇਹ ਸਾਰਾ ਸੰਸਾਰ ਸੁਪਨੇ ਵਾਂਗ (ਮਿਥਿਆ) ਹੈ, (ਜੀਵ) ਇਸ ਨੂੰ ਵੇਖ ਕੇ ਕਿਉਂ (ਇਸ ਉਤੇ) ਲੁਭਾਇਮਾਨ ਹੋ ਰਿਹਾ ਹੈ ? ਜਿਹੜਾ ਵੀ ਜੰਮਦਾ ਹੈ, ਉਹ ਹਰ ਕੋਈ ਨਾਸ ਹੋ ਜਾਂਦਾ ਹੈ; (ਇਥੇ ਸਦਾ ਲਈ) ਰਹਿਣਾ ਕੋਈ ਵੀ ਪ੍ਰਾਪਤ ਨਹੀਂ ਕਰ ਸਕਦਾ।੧।

ਇਹ ਸਰੀਰ ਬਿਨਸਨਹਾਰ ਹੈ, ਪਰ ਜੀਵ ਇਸ ਨੂੰ ਸੱਚਾ ਕਰ ਕੇ (ਅਸਥਿਰ) ਮੰਨੀ ਬੈਠਾ ਹੈ ਅਤੇ ਇਸ ਤਰ੍ਹਾਂ ਆਪਣੇ ਆਪ ਨੂੰ (ਇਸ ਦੇ ਮੋਹ ਵਿਚ) ਫਸਾਈ ਫਿਰਦਾ ਹੈ। ਦਾਸ ਨਾਨਕ (ਦਾ ਕਥਨ ਹੈ ਕਿ) ਸੰਸਾਰ ਵਿਚ ਉਹ ਹੀ ਮਨੁੱਖ (ਮਾਇਆ ਅਤੇ ਜਨਮ ਮਰਨ ਦੇ ਬੰਧਨਾਂ ਤੋਂ)ਮੁਕਤ ਹੁੰਦਾ ਹੈ ਜਿਹੜਾ ਪ੍ਰਭੂ ਦੇ ਭਜਨ ਵਿਚ ਚਿਤ ਜੋੜਦਾ ਹੈ।੨।੩।

ਸਾਰੰਗ ਮਹਲਾ ੯

ਕਹਾ ਨਰੁ ਅਪਨੋ ਜਨਮੁ ਗਵਾਵੈ ॥
ਮਾਇਆ ਮਦਿ ਬਿਖਿਆ ਰਸਿ ਰਚਿਓ
ਰਾਮ ਸਰਨਿ ਨਹੀ ਆਵੈ ॥੧॥ਰਹਾਉ॥
ਇਹੁ ਸੰਸਾਰੁ ਸਗਲ ਹੈ ਸੁਪਨੋ
ਦੇਖਿ ਕਹਾ ਲੋਭਾਵੈ ॥
ਜੋ ਉਪਜੈ ਸੋ ਸਗਲ ਬਿਨਾਸੈ
ਰਹਨੁ ਨ ਕੋਊ ਪਾਵੈ ॥੧॥
ਮਿਥਿਆ ਤਨੁ ਸਾਚੋ ਕਰਿ ਮਾਨਿਓ
ਇਹ ਬਿਧਿ ਆਪੁ ਬੰਧਾਵੈ ॥
ਜਨ ਨਾਨਕ ਸੋਊ ਜਗਿ ਮੁਕਤਾ
ਰਾਮ ਭਜਨਿ ਚਿਤੁ ਲਾਵੈ ॥੨॥੩॥

ਪਦ ਅਰਥ :

ਕਹਾ—(ਕ੍ਰਿਆ ਵਿਸ਼ੇਸ਼ਣ, 'ਹਾ' ਉਚਾਰਣ ਨਾਸਕੀ) ਕਿਉਂ ? ਨਰੁ—ਮਨੁੱਖ । ਅਪਨੋ ਜਨਮੁ—ਆਪਣਾ ਜਨਮ । ਗਵਾਵੈ—ਗੁਆਉਂਦਾ ਹੈ । ਮਾਇਆ ਮਦਿ—ਮਾਇਆ ਦੇ ਨਸ਼ੇ ਵਿਚ । ਬਿਖਿਆ ਰਸਿ—(ਰੂਪ ਰਸ ਗੰਧ ਆਦਿ) ਵਿਹੁਲੇ ਰਸ ਵਿਚ । ਰਚਿਓ—ਰਚ ਮਿਚ ਰਿਹਾ ਹੈ । ਨਹੀ ਆਵੈ—ਨਹੀਂ ਆਉਂਦਾ ।੧। ਰਹਾਉ।

ਸਗਲ—ਸਾਰਾ । ਦੇਖਿ—ਦੇਖ ਕੇ । ਕਹਾ—(ਕਿਰਿਆ ਵਿਸ਼ੇਸ਼ਣ, 'ਹਾ' ਉਚਾਰਣ ਨਾਸਕੀ) ਕਿਉਂ ? ਲੋਭਾਵੈ—ਲੁਭਿਤ ਹੋ ਰਿਹਾ ਹੈ, ਮੋਹਤ ਹੋ ਰਿਹਾ ਹੈ । ਉਪਜੈ—ਜੰਮਦਾ ਹੈ । ਬਿਨਾਸੈ—ਬਿਨਸ ਜਾਂਦਾ ਹੈ, ਨਾਸ ਹੋ ਜਾਂਦਾ ਹੈ । ਰਹਨੁ ਨ ਕੋਊ ਪਾਵੈ—ਕੋਈ ਵੀ ਰਹਿਣਾ ਨਹੀਂ ਪਾਉਂਦਾ, ਕੋਈ ਵੀ ਸਦਾ ਲਈ ਟਿਕਿਆ ਨਹੀਂ ਰਹਿ ਸਕਦਾ ।੧।

ਮਿਥਿਆ—ਬਿਨਸਨਹਾਰ, ਨਾਸਵੰਤ । ਸਾਚੋ—ਅਸਥਿਰ, ਸਦਾ ਕਾਇਮ ਰਹਿਣ ਵਾਲਾ । ਕਰਿ—ਕਰ ਕੇ । ਮਾਨਿਓ—ਮੰਨ ਲਿਆ ਹੈ । ਇਹ ਬਿਧਿ—ਇਸ

ਕਹਿ—ਕਹਿਣ, ਕਥਨ। ਸਭਿ ਅਉਗਨ—ਸਾਰੇ ਔਗੁਣ। ਮੋ ਮਹਿ—ਮੇਰੇ ਵਿਚ। ਸਰਨਾਇਓ—ਸ਼ਰਨ ਵਿਚ ਆਏ ਹੋਏ ਨੂੰ।੨।

ਅਰਥ :

ਮੈਂ ਮਨ ਕਰ ਕੇ ਕਦੇ ਵੀ ਪ੍ਰਭੂ ਦੇ ਗੁਣ ਨਹੀਂ ਗਾਏ। ਮੈਂ ਦਿਨ ਰਾਤ (ਭਾਵ, ਸਦਾ ਹੀ) ਮਾਇਆ ਵਿਚ ਲਪਟਾਇਮਾਨ ਰਿਹਾ ਅਤੇ (ਪ੍ਰਭੂ ਦਾ ਹੁਕਮ ਮੰਨਣ ਦੀ ਬਜਾਏ ਮੈਂ) ਸਦਾ ਉਹ ਕੁਝ ਕੀਤਾ ਜੋ ਆਪਣੇ ਮਨ ਨੂੰ ਚੰਗਾ ਲੱਗਾ।੧। ਰਹਾਉ।

(ਮੈਂ) ਕੰਨਾਂ ਨਾਲ ਗੁਰੂ ਦਾ ਉਪਦੇਸ਼ (ਕਦੇ ਵੀ) ਨਾ ਸੁਣਿਆ ਅਤੇ ਪਰ-ਇਸਤ੍ਰੀ ਨਾਲ ਲੰਪਟ ਰਿਹਾ। (ਮੈਂ) ਦੂਜਿਆਂ ਦੀ ਬਦਖ਼ੋਈ ਖ਼ਾਤਰ ਸਦਾ ਤੱਤਪਰ ਰਿਹਾ ਅਤੇ ਸਮਝਾਇਆਂ ਵੀ (ਕਿ ਨਿੰਦਿਆ ਤੇ ਮੰਦ-ਦ੍ਰਿਸ਼ਟੀ ਨੀਚ-ਕਰਮ ਹਨ) ਨਾ ਸਮਝਿਆ।੨।

ਮੈਂ ਆਪਣੀ ਕਿਹੜੀ ਕਿਹੜੀ ਮੰਦੀ ਕਰਤੂਤ ਦਾ ਵਰਨਣ ਕਰਾਂ, ਜਿਸ ਤਰ੍ਹਾਂ (ਆਪਣਾ ਅਮੋਲਕ ਮਨੁੱਖਾ) ਜਨਮ (ਭੰਗ ਦੇ ਭਾੜੇ) ਗਵਾ ਲਿਆ ਹੈ। ਨਾਨਕ ਦਾ ਕਥਨ ਹੈ ਕਿ (ਹੇ ਵਾਹਿਗੁਰੂ!) ਮੇਰੇ ਵਿਚ ਸਾਰੇ ਹੀ ਔਗੁਣ ਹਨ, (ਮੇਰੇ ਤੇ ਤਰਸ ਕਰ ਅਤੇ) ਮੈਨੂੰ ਸ਼ਰਨ ਵਿਚ ਆਏ ਹੋਏ ਨੂੰ ਰਖ ਲੈ।੨।੪।੩।੧੩।

ਸਾਰੰਗ ਮਹਲਾ ੯

ਮਨ ਕਰਿ ਕਬਹੂੰ ਨ ਹਰਿ ਗੁਨ ਗਾਇਓ ॥
ਬਿਖਿਆਸਕਤ ਰਹਿਓ ਨਿਸਿ ਬਾਸੁਰ
ਕੀਨੋ ਅਪਨੋ ਭਾਇਓ ॥੧॥ਰਹਾਉ॥
ਗੁਰ ਉਪਦੇਸੁ ਸੁਨਿਓ ਨਹ ਕਾਨਨ
ਪਰ ਦਾਰਾ ਲਪਟਾਇਓ ॥
ਪਰ ਨਿੰਦਿਆ ਕਾਰਨਿ ਬਹੁ ਧਾਵਤ
ਸਮਝਿਓ ਨਹ ਸਮਝਾਇਓ ॥੧॥
ਕਹਾ ਕਹਉ ਮੈ ਅਪੁਨੀ ਕਰਨੀ
ਜਿਹ ਬਿਧਿ ਜਨਮੁ ਗਵਾਇਓ ॥
ਕਹਿ ਨਾਨਕ ਸਭਿ ਅਉਗਨ ਮੋ ਮਹਿ
ਰਾਖਿ ਲੇਹੁ ਸਰਨਾਇਓ ॥੨॥੪॥੩॥੧੩॥

ਪਦ ਅਰਥ :

ਮਨ ਕਰਿ—ਮਨ ਕਰ ਕੇ, ਮਨ ਲਾ ਕੇ। ਕਬਹੂੰ ਨ—ਕਦੇ ਵੀ ਨਹੀਂ। ਬਿਖਿਆਸਕਤ—[ਬਿਖਿਆ+ਆਸਕਤ। ਬਿਖਿਆ—ਮਾਇਆ। ਆਸਕਤ—ਪਰਾਇਣ, ਲਿਵਲੀਣ] ਮਾਇਆ ਵਿਚ ਲਪਟਾਇਮਾਨ। ਨਿਸਿ ਬਾਸੁਰ—ਰਾਤ ਦਿਨ, ਹਰ ਵੇਲੇ। ਅਪਨੋ ਭਾਇਓ—ਆਪਣੇ ਆਪ ਨੂੰ ਭਾਉਂਦਾ, ਮਨ-ਭਾਉਂਦਾ।੧।ਰਹਾਉ।

ਗੁਰ ਉਪਦੇਸੁ—ਗੁਰੂ ਦਾ ਉਪਦੇਸ਼। ਕਾਨਨ—ਕੰਨਾਂ ਨਾਲ। ਪਰ-ਦਾਰਾ—ਪਰਾਈ ਇਸਤ੍ਰੀ। ਲਪਟਾਇਓ—ਲੰਪਟ ਰਿਹਾ। ਪਰ ਨਿੰਦਿਆ—ਪਰਾਈ ਬਦਖ਼ੋਈ, ਦੂਜਿਆਂ ਦੀ ਬੁਰਿਆਈ। ਕਾਰਨਿ—ਲਈ, ਵਾਸਤੇ। ਧਾਵਤ—ਧਾਉਂਦਾ।੧।

ਕਹਾ—[ਪ੍ਰਸ਼ਨ-ਵਾਚੀ ਪੜਨਾਉਂ, ਉਚਾਰਣ ਨਾਸਕਤਾ ਰਹਿਤ] ਕੀ? ਕਹਉ—('ਉ' ਉਚਾਰਣ ਨਾਸਕੀ) ਮੈਂ ਦੱਸਾਂ। ਕਹਾ ਕਹਉ—ਮੈਂ ਕੀ ਕੀ ਦੱਸਾਂ? ਕਰਨੀ—ਕਰਤੂਤ। ਜਿਹ ਬਿਧਿ—ਜਿਸ ਪ੍ਰਕਾਰ। ਜਨਮੁ—ਮਨੁੱਖਾ ਜਨਮ।

ਦੀ ਕੰਧ। ਬਸੁਧਾ—ਧਰਤੀ, ਸ੍ਰਿਸ਼ਟੀ।੧।

ਨਾਨਕ ਜਨੁ ਕਹਤ ਬਾਤ—ਨਾਨਕ ਦਾਸ ਗੱਲ ਕਹਿੰਦਾ ਹੈ। ਬਿਨਸਿ ਜੈ ਹੈ—ਬਿਨਸ ਜਾਏਗਾ, ਨਾਸ ਹੋ ਜਾਏਗਾ। ਗਾਤੁ—ਸਰੀਰ। ਕਾਲ੍ਹ—('ਲ' ਉਚਾਰਣ ਭਾਰਾ) ਬੀਤਿਆ ਦਿਨ, ਕਲ੍ਹ।੨।

ਅਰਥ :

(ਹੇ ਪ੍ਰਾਣੀ!) (ਬਾਰ ਬਾਰ ਚਿਤਾਵਨੀ ਹੈ ਕਿ) ਰਾਮ ਨੂੰ ਚੇਤੇ ਕਰ, ਰਾਮ ਨੂੰ ਚੇਤੇ ਕਰ, ਇਹੋ (ਸਿਮਰਨ) ਹੀ ਤੇਰੇ ਕੰਮ ਆਉਣ ਵਾਲਾ ਹੈ। ਮਾਇਆ ਦਾ ਸਾਥ ਤਿਆਗ ਕੇ ਵਾਹਿਗੁਰੂ ਜੀ ਦੀ ਸ਼ਰਨ ਪੈ ਜਾ, ਜਗਤ ਦੇ ਸੁਖਾਂ ਨੂੰ ਝੂਠਾ ਜਾਣ, (ਕਿਉਂਕਿ ਇਹ) ਸਾਰਾ ਜਗਤ-ਪਸਾਰਾ ਮਿਥਿਆ ਹੈ।੧। ਰਹਾਉ।

ਇਸ ਧਨ ਨੂੰ ਸੁਪਨੇ ਵਾਂਗ (ਛਿਨ ਭੰਗਰ) ਸਮਝ, ਤੂੰ ਕਾਹਦੇ ਉਤੇ ਹੰਕਾਰ ਕਰਦਾ ਫਿਰਦਾ ਹੈਂ? (ਸਾਰੀ) ਸ੍ਰਿਸ਼ਟੀ ਦਾ ਰਾਜ ਵੀ ਰੇਤ ਦੀ ਕੰਧ ਵਾਂਗ (ਬਿਨਸਨਹਾਰ) ਹੈ।੧।

ਨਾਨਕ ਦਾਸ ਇਹ ਗੱਲ ਆਖਦਾ ਹੈ ਕਿ ਤੇਰਾ ਸਰੀਰ (ਜਿਸ ਦੇ ਬਲ ਬੋਤੇ ਤੇ ਆਕੜਿਆ ਫਿਰਦਾ ਹੈਂ) ਬਿਨਸ ਜਾਏਗਾ। (ਜਿਵੇਂ ਤੇਰੀ ਆਯੂ ਦਾ) ਕਲ੍ਹ ਦਾ ਦਿਨ ਛਿਨ ਛਿਨ ਕਰ ਕੇ ਬੀਤ ਗਿਆ ਹੈ ਤਿਵੇਂ ਹੀ ਅੱਜ ਦਾ ਦਿਨ ਵੀ ਬੀਤਦਾ ਜਾ ਰਿਹਾ ਹੈ (ਭਾਵ, ਜਿਵੇਂ ਪਿਛਲੀ ਉਮਰ ਵਿਅਰਥ ਹੀ ਬੀਤ ਗਈ ਹੈ ਉਵੇਂ ਹੀ ਬਾਕੀ ਆਯੂ ਵੀ ਬੀਤ ਜਾਣੀ ਹੈ, ਸੋ ਵੇਲਾ ਸੰਭਾਲ ਤੇ ਸਿਮਰਨ ਵਿਚ ਜੁੱਟ ਜਾ)।੨।੧।

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ ॥

ਰਾਗੁ ਜੈਜਾਵੰਤੀ ਮਹਲਾ ੯

ਰਾਮੁ ਸਿਮਰਿ ਰਾਮੁ ਸਿਮਰਿ
ਇਹੈ ਤੇਰੈ ਕਾਜਿ ਹੈ ।।
ਮਾਇਆ ਕੋ ਸੰਗੁ ਤਿਆਗਿ
ਪ੍ਰਭ ਜੂ ਕੀ ਸਰਨਿ ਲਾਗੁ ।।
ਜਗਤ ਸੁਖ ਮਾਨੁ
ਮਿਥਿਆ ਝੂਠੋ ਸਭੁ ਸਾਜੁ ਹੈ ।।੧।।ਰਹਾਉ।।
ਸੁਪਨੇ ਜਿਉ ਧਨੁ ਪਛਾਨੁ
ਕਾਹੇ ਪਰਿ ਕਰਤ ਮਾਨੁ ।।
ਬਾਰੂ ਕੀ ਭੀਤਿ ਜੈਸੇ
ਬਸੁਧਾ ਕੋ ਰਾਜੁ ਹੈ ।।੧।।
ਨਾਨਕ ਜਨੁ ਕਹਤ ਬਾਤ
ਬਿਨਸਿ ਜੈ ਹੈ ਤੇਰੋ ਗਾਤੁ ।।
ਛਿਨੁ ਛਿਨੁ ਕਰਿ ਗਇਓ ਕਾਲੁ
ਤੈਸੇ ਜਾਤੁ ਆਜੁ ਹੈ ।।੨।।੧।।

ਪਦ ਅਰਥ :

ਸਿਮਰਿ—ਚੇਤੇ ਕਰ, ਸਿਮਰਨ ਕਰ। ਇਹੈ—ਇਹੋ ਹੀ। ਤੇਰੈ ਕਾਜਿ ਹੈ—ਤੇਰੇ ਕੰਮ ਵਿਚ ਆਉਣ ਵਾਲਾ ਹੈ। ਸੰਗੁ—ਸਾਥ। ਤਿਆਗਿ—ਛਡ ਕੇ। ਲਾਗੁ—ਲਗ ਜਾ। ਜਗਤ ਸੁਖ—ਜਗਤ ਦੇ ਸੁਖ। ਮਾਨੁ ਮਿਥਿਆ—ਝੂਠੇ ਜਾਣ। ਸਾਜੁ—ਜਗਤ-ਪਸਾਰਾ। ੧। ਰਹਾਉ।

ਜਿਉ—('ਉ' ਉਚਾਰਣ ਨਾਸਕੀ) ਜਿਵੇਂ, ਵਾਂਗ। ਪਛਾਨੁ—ਸਮਝ। ਕਾਹੇ ਪਰਿ—ਕਿਸ ਉਤੇ ? ਕਰਤ—ਕਰਦਾ ਹੈਂ। ਮਾਨੁ—ਹੰਕਾਰ। ਬਾਰੂ ਕੀ ਭੀਤਿ—ਰੇਤ

ਬਿਖਿਆ—ਮਾਇਆ। ਬਿਖੁ ਜਿਉ—ਜ਼ਹਿਰ ਵਾਂਗ। ਬਿਸਾਰਿ—ਵਿਸਾਰ ਦੇ, ਭੁਲਾ ਦੇ। ਜਸੁ—ਗੁਣਾਨਵਾਦ। ਹੀਏ ਧਾਰਿ—ਹਿਰਦੇ ਵਿਚ ਧਾਰਨ ਕਰ। ਨਾਨਕ ਜਨੁ ਕਹੈ ਪੁਕਾਰਿ—ਨਾਨਕ ਦਾਸ ਪੁਕਾਰ ਕੇ ਕਹਿੰਦਾ ਹੈ। ਅਉਸਰੁ—(ਮਨੁੱਖਾ ਜਨਮ ਦਾ) ਸਮਾਂ। ਬਿਹਾਤੁ ਹੈ—ਬੀਤਦਾ ਜਾਂਦਾ ਹੈ।੨।

ਅਰਥ :

(ਹੇ ਪ੍ਰਾਣੀ!) ਵਾਹਿਗੁਰੂ ਨੂੰ ਚੇਤੇ ਕਰ, ਵਾਹਿਗੁਰੂ ਨੂੰ ਚੇਤੇ ਕਰ (ਇਹ ਬਾਰ ਬਾਰ ਤਾਕੀਦ ਹੈ, ਕਿਉਂਕਿ ਮਨੁੱਖਾ ਜਨਮ ਦਾ) ਸਮਾਂ ਬੀਤਦਾ ਜਾ ਰਿਹਾ ਹੈ। ਮੈਂ ਘੜੀ ਮੁੜੀ (ਤੈਨੂੰ) ਕੀ ਆਖਾਂ, ਹੇ ਮੂਰਖ! ਤੂੰ ਕਿਉਂ ਨਹੀਂ ਸਮਝਦਾ? (ਇਹ) ਸਰੀਰ ਬਰਫ਼ ਦੇ ਗੜੇ ਵਾਂਗ (ਛਿਨ ਭੰਗਰ) ਹੈ, (ਇਸ ਦੇ) ਬਿਨਸਦਿਆਂ ਦੇਰੀ ਨਹੀਂ ਲਗਣੀ।੧।ਰਹਾਉ।

(ਹੇ ਜੀਵ!) ਸਾਰੇ ਭਰਮ-ਭੁਲੇਖੇ ਸੁੱਟ ਪਾ ਅਤੇ ਪ੍ਰਭੂ ਦਾ ਨਾਮ ਸਿਮਰ। ਅੰਤ ਵੇਲੇ ਤੇਰੇ ਨਾਲ ਕੇਵਲ ਇਹੋ ਇਕ (ਪ੍ਰਭੂ ਦਾ ਨਾਮ ਹੀ) ਸਾਥ ਨਿਭਦਾ ਹੈ।੧।

(ਹੇ ਪ੍ਰਾਣੀ!) ਮਾਇਆ (ਦਾ ਮੋਹ) ਜ਼ਹਿਰ ਵਾਂਗ (ਮਾਰੂ) ਹੈ, ਇਸ ਨੂੰ ਮਨੋਂ ਭੁਲਾ ਦੇ, ਅਤੇ ਪ੍ਰਭੂ ਦਾ ਜੱਸ ਹਿਰਦੇ ਵਿਚ ਧਾਰਨ ਕਰ ਲੈ। ਨਾਨਕ ਦਾਸ ਪੁਕਾਰ ਪੁਕਾਰ ਕੇ ਆਖਦਾ ਹੈ ਕਿ (ਮਨੁੱਖਾ ਜਨਮ ਦਾ ਇਹ ਅਮੋਲਕ) ਸਮਾਂ ਬੀਤਦਾ ਜਾ ਰਿਹਾ ਹੈ (ਤਾਂ ਤੇ ਸਿਮਰਨ ਕਰ, ਸਿਮਰਨ ਕਰ)।੨।੨।

ਜੈਜਾਵੰਤੀ ਮਹਲਾ ੯

ਰਾਮੁ ਭਜੁ ਰਾਮੁ ਭਜੁ
ਜਨਮੁ ਸਿਰਾਤੁ ਹੈ ॥
ਕਹਉ ਕਹਾ ਬਾਰ ਬਾਰ
ਸਮਝਤ ਨਹ ਕਿਉ ਗਵਾਰ ॥
ਬਿਨਸਤ ਨਹ ਲਗੈ ਬਾਰ
ਓਰੇ ਸਮ ਗਾਤੁ ਹੈ ॥੧॥ਰਹਾਉ॥
ਸਗਲ ਭਰਮ ਡਾਰਿ ਦੇਹਿ
ਗੋਬਿੰਦ ਕੋ ਨਾਮੁ ਲੇਹਿ ॥
ਅੰਤ ਬਾਰ ਸੰਗਿ ਤੇਰੈ
ਇਹੈ ਏਕੁ ਜਾਤੁ ਹੈ ॥੧॥
ਬਿਖਿਆ ਬਿਖੁ ਜਿਉ ਬਿਸਾਰਿ
ਪ੍ਰਭ ਕੌ ਜਸੁ ਹੀਏ ਧਾਰਿ ॥
ਨਾਨਕ ਜਨੁ ਕਹੈ ਪੁਕਾਰਿ
ਅਉਸਰੁ ਬਿਹਾਤੁ ਹੈ ॥੨॥੨॥

ਪਦ ਅਰਥ :

ਭਜੁ—ਚੇਤੇ ਕਰ, ਭਜਨ ਕਰ। ਸਿਰਾਤੁ ਹੈ—ਬੀਤਦਾ ਜਾ ਰਿਹਾ ਹੈ। ਕਹਉ—(ਕਿਰਿਆ, ਉਤਮ ਪੁਰਖ, ਸੰਭਾਵ ਭਵਿਖਤ ਕਾਲ, ਉਚਾਰਣ ਨਾਸਕੀ) ਮੈਂ ਆਖਾਂ ? ਕਹਾ—(ਪ੍ਰਸ਼ਨ-ਵਾਚੀ ਪੜਨਾਂਵ, ਉਚਾਰਣ ਨਾਸਕਤਾ ਰਹਿਤ) ਕੀ ? ਬਾਰ ਬਾਰ—ਵਾਰ ਵਾਰ, ਘੜੀ ਮੁੜੀ। ਗਵਾਰ—ਹੇ ਮੂਰਖ! ਬਿਨਸਤ—ਬਿਨਸਦਿਆਂ, ਨਾਸ ਹੁੰਦਿਆਂ। ਨਹ ਲਗੈ ਬਾਰ—ਦੇਰੀ ਨਹੀਂ ਲਗਣੀ। ਓਰੇ ਸਮ—(ਓਲੇ) ਗੜੇ ਸਮਾਨ। ਗਾਤੁ—ਸਰੀਰ।੧।ਰਹਾਉ।

ਸਗਲ ਭਰਮ—ਸਾਰੇ ਭਰਮ-ਭੁਲੇਖੇ। ਡਾਰਿ ਦੇਹਿ—ਸੁਟ ਪਾ। ਲੇਹਿ—ਲਿਆ ਕਰ, ਜਪਿਆ ਕਰ। ਅੰਤ ਬਾਰ—ਆਖ਼ਰੀ ਸਮੇਂ। ਸੰਗਿ ਤੇਰੈ—ਤੇਰੇ ਨਾਲ। ਇਹੈ ਏਕੁ—ਇਹੋ ਇਕ (ਗੋਬਿੰਦ ਦਾ ਨਾਮ)।੧।

ਬਿਖਿਆ—ਮਾਇਆ। ਬਿਖੁ ਜਿਉ—ਜ਼ਹਿਰ ਵਾਂਗ। ਬਿਸਾਰਿ—ਵਿਸਾਰ ਦੇ, ਭੁਲਾ ਦੇ। ਜਸੁ—ਗੁਣਾਨਵਾਦ। ਹੀਏ ਧਾਰਿ—ਹਿਰਦੇ ਵਿਚ ਧਾਰਨ ਕਰ। ਨਾਨਕ ਜਨੁ ਕਹੈ ਪੁਕਾਰਿ—ਨਾਨਕ ਦਾਸ ਪੁਕਾਰ ਕੇ ਕਹਿੰਦਾ ਹੈ। ਅਉਸਰੁ—(ਮਨੁੱਖਾ ਜਨਮ ਦਾ) ਸਮਾਂ। ਬਿਹਾਤੁ ਹੈ—ਬੀਤਦਾ ਜਾਂਦਾ ਹੈ।੨।

ਅਰਥ :

(ਹੇ ਪ੍ਰਾਣੀ!) ਵਾਹਿਗੁਰੂ ਨੂੰ ਚੇਤੇ ਕਰ, ਵਾਹਿਗੁਰੂ ਨੂੰ ਚੇਤੇ ਕਰ (ਇਹ ਬਾਰ ਬਾਰ ਤਾਕੀਦ ਹੈ, ਕਿਉਂਕਿ ਮਨੁੱਖਾ ਜਨਮ ਦਾ) ਸਮਾਂ ਬੀਤਦਾ ਜਾ ਰਿਹਾ ਹੈ। ਮੈਂ ਘੜੀ ਮੁੜੀ (ਤੈਨੂੰ) ਕੀ ਆਖਾਂ, ਹੇ ਮੂਰਖ! ਤੂੰ ਕਿਉਂ ਨਹੀਂ ਸਮਝਦਾ? (ਇਹ) ਸਰੀਰ ਬਰਫ਼ ਦੇ ਗੜੇ ਵਾਂਗ (ਛਿਨ ਭੰਗਰ) ਹੈ, (ਇਸ ਦੇ) ਬਿਨਸਦਿਆਂ ਦੇਰੀ ਨਹੀਂ ਲਗਣੀ।੧।ਰਹਾਉ।

(ਹੇ ਜੀਵ!) ਸਾਰੇ ਭਰਮ-ਭੁਲੇਖੇ ਸੁੱਟ ਪਾ ਅਤੇ ਪ੍ਰਭੂ ਦਾ ਨਾਮ ਸਿਮਰ। ਅੰਤ ਵੇਲੇ ਤੇਰੇ ਨਾਲ ਕੇਵਲ ਇਹੋ ਇਕ (ਪ੍ਰਭੂ ਦਾ ਨਾਮ ਹੀ) ਸਾਥ ਨਿਭਦਾ ਹੈ।੧।

(ਹੇ ਪ੍ਰਾਣੀ!) ਮਾਇਆ (ਦਾ ਮੋਹ) ਜ਼ਹਿਰ ਵਾਂਗ (ਮਾਰੂ) ਹੈ, ਇਸ ਨੂੰ ਮਨੋਂ ਭੁਲਾ ਦੇ, ਅਤੇ ਪ੍ਰਭੂ ਦਾ ਜੱਸ ਹਿਰਦੇ ਵਿਚ ਧਾਰਨ ਕਰ ਲੈ। ਨਾਨਕ ਦਾਸ ਪੁਕਾਰ ਪੁਕਾਰ ਕੇ ਆਖਦਾ ਹੈ ਕਿ (ਮਨੁੱਖਾ ਜਨਮ ਦਾ ਇਹ ਅਮੋਲਕ) ਸਮਾਂ ਬੀਤਦਾ ਜਾ ਰਿਹਾ ਹੈ (ਤਾਂ ਤੇ ਸਿਮਰਨ ਕਰ, ਸਿਮਰਨ ਕਰ)।੨।੨।

ਜੈਜਾਵੰਤੀ ਮਹਲਾ ੯

ਰੇ ਮਨ ਕਉਨ ਗਤਿ ਹੋਇ ਹੈ ਤੇਰੀ ॥
ਇਹ ਜਗ ਮਹਿ ਰਾਮ ਨਾਮੁ
ਸੋ ਤਉ ਨਹੀ ਸੁਨਿਓ ਕਾਨ ॥
ਬਿਖਿਅਨ ਸਿਉ ਅਤਿ ਲੁਭਾਨਿ
ਮਤਿ ਨਾਹਿਨ ਫੇਰੀ ॥੧॥ਰਹਾਉ॥
ਮਾਨਸ ਕੋ ਜਨਮੁ ਲੀਨ
ਸਿਮਰਨੁ ਨਹ ਨਿਮਖ ਕੀਨ ॥
ਦਾਰਾ ਸੁਖ ਭਇਓ ਦੀਨ
ਪਗਹੁ ਪਰੀ ਬੇਰੀ ॥੧॥
ਨਾਨਕ ਜਨੁ ਕਹੈ ਪੁਕਾਰਿ
ਸੁਪਨੇ ਜਿਉ ਜਗ ਪਸਾਰੁ ॥
ਸਿਮਰਤ ਨਹਿ ਕਿਉ ਮੁਰਾਰਿ
ਮਾਇਆ ਜਾ ਕੀ ਚੇਰੀ ॥੨॥੩॥

ਪਦ ਅਰਥ :

ਰੇ ਮਨ—ਹੇ ਮਨ! ਕਉਨ ਗਤਿ—ਕੀ ਦਸ਼ਾ। ਹੋਇ ਹੈ ਤੇਰੀ—ਤੇਰੀ ਹੋਵੇਗੀ। ਇਹ ਜਗ ਮਹਿ—ਇਸ ਜਗਤ ਵਿਚ। ਕਾਨ—ਕੰਨਾਂ ਨਾਲ। ਬਿਖਿਅਨ ਸਿਉ—ਵਿਸ਼ਿਆਂ ਨਾਲ। ਅਤਿ ਲੁਭਾਨਿ—ਅਤਯੰਤ ਲੁਭਾਇਮਾਨ। ਫੇਰੀ—ਮੋੜੀ, ਪਰਤਾਈ।੧। ਰਹਾਉ।

ਲੀਨ—ਲਿਆ ਹੈ, ਪ੍ਰਾਪਤ ਕੀਤਾ ਹੈ। ਨਿਮਖ—ਨਿਮਖ ਭਰ, ਅੱਖ ਝਮਕਣ ਜਿੰਨਾ ਸਮਾਂ। ਦਾਰਾ—ਇਸਤ੍ਰੀ, ਪਤਨੀ। ਸੁਖ—ਸੁਖਾਂ ਲਈ। ਦੀਨ—ਜ਼ਲੀਲ। ਪਗਹੁ—('ਹੁ' ਉਚਾਰਣ ਨਾਸਕੀ) ਪੈਰਾਂ ਵਿਚ। ਪਰੀ ਬੇਰੀ—ਬੇੜੀ ਪਈ ਹੋਈ ਹੈ।੧।

ਨਾਨਕ ਜਨੁ ਕਹੈ ਪੁਕਾਰਿ—ਨਾਨਕ ਦਾਸ ਪੁਕਾਰ ਪੁਕਾਰ ਕੇ ਕਹਿੰਦਾ ਹੈ। ਸੁਪਨੇ ਜਿਉ—ਸੁਪਨੇ ਵਾਂਗ। ਜਗ ਪਸਾਰੁ—ਜਗਤ ਦਾ ਪਸਾਰਾ। ਮੁਰਾਰਿ—ਮੁਰ

ਦੈਂਤ ਦਾ ਵੈਰੀ, ਮੁਰਾਰੀ, ਵਾਹਿਗੁਰੂ । ਜਾ ਕੀ ਚੇਰੀ—ਜਿਸ ਦੀ ਦਾਸੀ ।੨।

ਅਰਥ :

ਹੇ ਮਨ! (ਜ਼ਰਾ ਸੋਚ ਕਿ ਅੰਤ ਨੂੰ) ਤੇਰੀ ਕੀ ਦਸ਼ਾ ਹੋਵੇਗੀ । ਇਸ ਜਗਤ ਵਿਚ (ਵਿਹਾਝਣ ਯੋਗ ਪਦਾਰਥ ਕੇਵਲ) ਵਾਹਿਗੁਰੂ ਦਾ ਨਾਮ ਹੈ, ਉਹ ਤਾਂ ਤੂੰ ਕਦੇ ਕੰਨੀਂ ਨਹੀਂ ਸੁਣਿਆ । ਤੂੰ ਵਿਸ਼ੇ ਵਿਕਾਰਾਂ ਵਿਚ ਬਹੁਤ ਹੀ ਲਪਟਾਇਮਾਨ ਹੋਇਆ ਪਿਆ ਹੈਂ, ਤੂੰ ਆਪਣੀ ਮਤਿ (ਇਨ੍ਹਾਂ ਵਿਕਾਰਾਂ ਵਲੋਂ) ਕਦੀ ਹੋੜੀ ਹੀ ਨਹੀਂ !੧! ਰਹਾਉ!

ਤੂੰ (ਸਰਬੋਤਮ) ਮਨੁੱਖਾ ਜਨਮ ਪ੍ਰਾਪਤ ਕੀਤਾ ਹੈ, ਪਰ ਪਲ ਭਰ ਲਈ ਵੀ ਪ੍ਰਭੂ-ਨਾਮ ਦਾ ਸਿਮਰਨ ਨਹੀਂ ਕੀਤਾ । ਤੂੰ ਇਸਤ੍ਰੀ ਅਤੇ (ਪਰਵਾਰਕ) ਸੁਖਾਂ ਦੀ ਖ਼ਾਤਰ ਜ਼ਲੀਲ ਹੁੰਦਾ ਫਿਰਦਾ ਹੈਂ, (ਪਰਵਾਰਕ ਮੋਹ ਦੀ) ਤੇਰੇ ਪੈਰਾ ਵਿਚ ਬੇੜੀ ਪਈ ਹੋਈ ਹੈ ।੧।

ਨਾਨਕ ਦਾਸ ਪੁਕਾਰ ਪੁਕਾਰ ਕੇ ਕਹਿੰਦਾ ਹੈ ਕਿ ਇਹ ਜਗਤ ਦਾ ਪਸਾਰਾ ਸੁਪਨੇ ਵਾਂਗ (ਛਿਨ ਭੰਗਰ) ਹੈ, ਫਿਰ ਤੂੰ ਉਸ ਮੁਰਾਰੀ ਪ੍ਰਭੂ ਨੂੰ ਕਿਉਂ ਨਹੀਂ ਸਿਮਰਦਾ, ਮਾਇਆ (ਜਿਸ ਦਾਂ ਤੂੰ ਚੇਲਾ ਬਣਿਆ ਪਿਆ ਹੈਂ) ਜਿਸ ਪ੍ਰਭੂ ਦੀ ਦਾਸੀ ਹੈ ।੨।੩।

ਜੈਜਾਵੰਤੀ ਮਹਲਾ ੯

ਬੀਤਿ ਜੈ ਹੈ ਬੀਤਿ ਜੈ ਹੈ
ਜਨਮੁ ਅਕਾਜੁ ਹੈ ॥
ਨਿਸਿ ਦਿਨੁ ਸੁਨਿ ਕੈ ਪੁਰਾਨ
ਸਮਝਤ ਨਹ ਰੇ ਅਜਾਨ ॥
ਕਾਲੁ ਤਉ ਪਹੂਚਿਓ ਆਨਿ
ਕਹਾ ਜੈ ਹੈ ਭਾਜਿ ਰੇ ॥੧॥ਰਹਾਉ॥
ਅਸਥਿਰ ਜੋ ਮਾਨਿਓ ਦੇਹ
ਸੋ ਤਉ ਤੇਰਉ ਹੋਇ ਹੈ ਖੇਹ ॥
ਕਿਉ ਨ ਹਰਿ ਕੋ ਨਾਮੁ ਲੇਹਿ
ਮੂਰਖ ਨਿਲਾਜ ਰੇ ॥੧॥
ਰਾਮ ਭਗਤਿ ਹੀਏ ਆਨਿ
ਛਾਡਿ ਦੇ ਤੈ ਮਨ ਕੋ ਮਾਨੁ ॥
ਨਾਨਕ ਜਨ ਇਹ ਬਖਾਨ
ਜਗ ਮਹਿ ਬਿਰਾਜੁ ਰੇ ॥੨॥੪॥

ਪਦ ਅਰਥ :

ਬੀਤਿ ਜੈ ਹੈ—ਬੀਤਦਾ ਜਾ ਰਿਹਾ ਹੈ। ਅਕਾਜੁ—ਅਜਾਈਂ, ਅਕਾਰਥ, ਵਿਅਰਥ। ਰੇ—ਹੇ (ਪ੍ਰਾਣੀ)! ਨਿਸਿ ਦਿਨੁ—ਰਾਤ ਦਿਨ, ਨਿਤਾਪ੍ਰਤ। ਰੇ ਅਜਾਨ—ਹੇ ਅੰਞਾਣੇ! ਕਾਲੁ—ਮੌਤ। ਆਨਿ—ਆ ਕੇ। ਕਹਾ—(ਕ੍ਰਿਆ ਵਿਸ਼ੇਸ਼ਣ, 'ਹਾ' ਉਚਾਰਣ ਨਾਸਕੀ) ਕਿਥੇ ? ਜੈ ਹੈ—ਜਾਏਂਗਾ। ਭਾਜਿ—ਭੱਜ ਕੇ।੧।ਰਹਾਉ।

ਅਸਥਿਰ—ਸਦਾ ਕਾਇਮ ਰਹਿਣ ਵਾਲੀ। ਦੇਹ—ਦੇਹੀ, ਕਾਇਆਂ। ਜੋ—ਜਿਹੜੀ। ਮਾਨਿਓ—ਮੰਨ ਰਖੀ ਹੈ। ਸੋ ਤਉ—ਉਹ (ਦੇਹੀ) ਤਾਂ। ਹੋਇ ਹੈ—ਹੋ ਜਾਏਗੀ। ਖੇਹ—ਸੁਆਹ, ਮਿੱਟੀ। ਮੂਰਖ ਨਿਲਾਜ ਰੇ—ਹੇ ਮੂਰਖ ਤੇ ਨਿਲੱਜ!।੧।

ਰਾਮ ਭਗਤਿ—ਰਾਮ ਦੀ ਭਗਤੀ। ਹੀਏ ਆਨਿ—ਹਿਰਦੇ ਵਿਚ ਲਿਆ, ਧਾਰਨ ਕਰ। ਤੈ—(ਉਚਾਰਣ ਨਾਸਕੀ) ਤੂੰ। ਮਨ ਕੋ ਮਾਨੁ—ਮਨ ਦਾ ਹੰਕਾਰ। ਬਖਾਨ—ਆਖੀ ਹੋਈ ਵਿਚਾਰ। ਮਹਿ—ਵਿਚ। ਬਿਰਾਜੁ—[ਸੰ: ਵਿਰਾਜ, ਜੋ ਬਹੁਤ ਸਜਦਾ ਹੈ, ਸ਼ੋਭਾ ਦਿੰਦਾ ਹੈ] ਸੁਭਾਇਮਾਨ ਹੋ।੨।

ਅਰਥ :

ਹੇ ਪ੍ਰਾਣੀ! (ਵਾਹਿਗੁਰੂ ਦੇ ਸਿਮਰਨ ਵਿਹੂਣ) ਮਨੁੱਖਾ ਜਨਮ (ਵਿਅਰਥ ਹੀ) ਬੀਤਦਾ ਜਾ ਰਿਹਾ ਹੈ, ਬੀਤਦਾ ਜਾ ਰਿਹਾ ਹੈ। ਹੇ ਅੰਞਾਣ! ਰਾਤ ਦਿਨ (ਨਿਤਾਪ੍ਰਤ) ਪੁਰਾਣ (ਆਦਿਕ ਧਰਮ-ਪੁਸਤਕਾਂ ਦੇ ਉਪਦੇਸ਼ ਕਿ ਜਗਤ ਮਿਥਿਆ ਹੈ) ਸੁਣ ਕੇ ਤੂੰ (ਰਤਾ ਵੀ) ਸਮਝਦਾ ਨਹੀਂ, ਮੌਤ (ਦਾ ਫ਼ਰਿਸ਼ਤਾ) ਤਾਂ ਹੁਣ (ਸਿਰ ਤੇ) ਆ ਪਹੁੰਚਿਆ ਹੈ, (ਜਮ-ਕਾਲ ਤੋਂ) ਭੱਜ ਕੇ ਕਿਥੇ ਜਾਏਂਗਾ ?।੧।ਰਹਾਉ।

ਕਾਇਆਂ, ਜਿਸ ਨੂੰ ਸਦਾ ਲਈ ਸਥਿਰ ਮੰਨੀ ਬੈਠਾ ਹੈਂ, ਉਹ ਤਾਂ ਤੇਰੀ (ਅੰਤ ਨੂੰ) ਖੇਹ ਹੋ ਜਾਏਗੀ। ਹੇ ਮੂਰਖ ਤੇ ਨਿਰਲੱਜ ਜੀਵ! ਤੂੰ ਵਾਹਿਗੁਰੂ ਦਾ ਨਾਮ ਕਿਉਂ ਨਹੀਂ ਸਿਮਰਦਾ (ਜੋ ਤੇਰੇ ਨਾਲ ਨਿਭਣ ਵਾਲਾ ਹੈ)।੧।

ਦਾਸ ਨਾਨਕ ਦੀ ਕਥਨ ਕੀਤੀ ਹੋਈ ਇਹ ਵਿਚਾਰ ਹੈ ਕਿ ਵਾਹਿਗੁਰੂ ਦੀ ਭਗਤੀ ਹਿਰਦੇ ਵਿਚ ਟਿਕਾਅ ਅਤੇ ਮਨ ਦਾ ਮਾਨ ਛੱਡ ਦੇ, ਇਉਂ ਤੂੰ ਸੰਸਾਰ ਵਿਚ (ਸੁਚੱਜੇ ਜੀਵਨ ਦਾ ਨਮੂਨਾ ਪੇਸ਼ ਕਰ ਕੇ) ਸੁਭਾਇਮਾਨ ਹੋ।੨।੪।

ੴ ਸਤਿਗੁਰਪ੍ਰਸਾਦਿ ॥
ਸਲੋਕ ਮਹਲਾ ੯

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥੁ ਕੀਨ ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨ ॥੧॥

ਪਦ ਅਰਥ : ਗੁਨ ਗੋਬਿੰਦ—ਵਾਹਿਗੁਰੂ ਦੇ ਗੁਣ। ਅਕਾਰਥੁ—ਵਿਅਰਥ, ਅਜਾਈਂ। ਕੀਨ—ਕੀਤਾ ਹੈ। ਜਿਹ ਬਿਧਿ—ਜਿਸ ਤਰ੍ਹਾਂ। ਜਲ ਕਉ—ਪਾਣੀ ਨੂੰ। ਮੀਨ—ਮੱਛੀ।

ਅਰਥ : (ਹੇ ਮਨ!) ਤੂੰ ਵਾਹਿਗੁਰੂ ਦੇ ਗੁਣਾਂ ਨੂੰ ਨਹੀਂ ਗਾਇਆ ਅਤੇ (ਵਿਕਾਰਾਂ ਵਿਚ ਫਸ ਕੇ) ਤੂੰ (ਅਮੋਲਕ ਮਨੁੱਖਾ) ਜਨਮ ਅਜਾਈਂ ਹੀ ਗਵਾ ਲਿਆ ਹੈ। ਨਾਨਕ ਦਾ ਕਥਨ ਹੈ ਕਿ ਹੇ ਮਨ! ਪ੍ਰਭੂ ਦਾ ਸਿਮਰਨ (ਇਸ ਤਰ੍ਹਾਂ ਨਾਲ, ਭਾਵ, ਪ੍ਰੇਮ ਨਾਲ) ਕਰ ਜਿਵੇਂ ਮੱਛੀ ਪਾਣੀ ਨੂੰ (ਲੋਚਦੀ ਹੈ)।੧।

ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ ॥
ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ ॥੨॥

ਪਦ ਅਰਥ : ਬਿਖਿਅਨ ਸਿਉ—ਵਿਸ਼ੇ ਵਿਕਾਰਾਂ ਨਾਲ। ਕਾਹੇ—ਕਾਹਦੇ ਲਈ, ਕਿਉਂ? ਨ ਹੋਹਿ—('ਹਿ' ਉਚਾਰਣ ਨਾਸਕੀ) ਤੂੰ ਨਹੀਂ ਹੁੰਦਾ। ਉਦਾਸੁ—ਉਪਰਾਮ। ਪਰੈ ਨ—ਨਹੀਂ ਪਵੇਗੀ। ਜਮ ਕੀ ਫਾਸ—ਜਮ ਦੀ ਫਾਹੀ।

ਅਰਥ : (ਹੇ ਮਨ!) ਵਿਸ਼ੇ ਵਿਕਾਰਾਂ ਵਿਚ ਕਿਉਂ ਖਚਿਤ ਹੋਇਆ ਪਿਆ ਹੈਂ? ਤੂੰ ਨਿਮਖ ਭਰ ਲਈ ਵੀ (ਇਨ੍ਹਾਂ ਤੋਂ) ਉਪਰਾਮ ਨਹੀਂ ਹੁੰਦਾ! ਨਾਨਕ ਦਾ ਕਥਨ ਹੈ ਕਿ ਹੇ ਮਨ! ਵਾਹਿਗੁਰੂ ਦਾ ਭਜਨ ਕਰ (ਇੰਞ ਤੇਰੇ ਗਲ) ਜਮਾਂ ਦੀ ਫਾਹੀ ਨਹੀਂ ਪਵੇਗੀ।੨।

ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ ॥
ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ ॥੩॥

ਪਦ ਅਰਥ : ਤਰਨਾਪੋ—ਜੁਆਨੀ ਦਾ ਸਮਾਂ, ਜੋਬਨ। ਇਉ ਹੀ—ਐਵੇਂ ਹੀ, ਅਣਗਹਿਲੀ ਵਿਚ। ਲੀਓ ਜੀਤਿ—ਜਿੱਤ ਲਿਆ, ਗ਼ਲਬਾ ਪਾ ਲਿਆ। ਜਰਾ—ਬੁਢੇਪੇ ਨੇ। ਤਨੁ—ਸਰੀਰ। ਅਉਧ—ਆਯੂ, ਉਮਰ। ਜਾਤੁ ਹੈ ਬੀਤਿ—

ਬੀਤਦੀ ਜਾਂਦੀ ਹੈ।

ਅਰਥ : (ਹੇ ਮਨ!) ਤੇਰਾ ਜੁਆਨੀ ਦਾ ਸਮਾਂ ਐਵੇਂ ਹੀ (ਲਾਪਰਵਾਹੀ ਵਿਚ) ਲੰਘ ਗਿਆ ਹੈ, (ਅਤੇ ਹੁਣ) ਬੁਢੇਪੇ ਨੇ ਤੇਰਾ ਸਰੀਰ ਜਿੱਤ ਲਿਆ ਹੈ (ਭਾਵ, ਬੁਢੇਪੇ ਨੇ ਤੇਰੇ ਸਰੀਰ ਉਤੇ ਜ਼ੋਰ ਪਾ ਲਿਆ ਹੈ)। ਨਾਨਕ ਦਾ ਇਹ ਕਥਨ ਹੈ, ਹੇ ਮਨ! ਵਾਹਿਗੁਰੂ ਦਾ ਸਿਮਰਨ ਕਰ, (ਸਿਮਰਨ ਤੋਂ ਬਿਨਾਂ) ਉਮਰ (ਵਿਅਰਥ) ਬੀਤਦੀ ਜਾ ਰਹੀ ਹੈ।੩।

ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ ॥
ਕਹੁ ਨਾਨਕ ਨਰ ਬਾਵਰੇ ਕਿਉ ਨ ਭਜਹਿ ਭਗਵਾਨੁ ॥੪॥

ਪਦ ਅਰਥ : ਬਿਰਧਿ ਭਇਓ–ਬੁੱਢਾ ਹੋ ਗਿਆ ਹੈ। ਸੂਝੈ ਨਹੀ–ਸੂਝ ਨਹੀਂ ਆਉਂਦੀ। ਕਾਲੁ–ਮੌਤ ਦਾ ਸਮਾਂ। ਆਨਿ–ਆ ਕੇ। ਨਰ ਬਾਵਰੇ–ਹੇ ਪਾਗ਼ਲ ਮਨੁੱਖ! ਕਿਉ ਨ ਭਜਹਿ–(ਭਜਹਿ–'ਹਿ' ਉਚਾਰਣ ਨਾਸਕੀ) ਤੂੰ ਕਿਉਂ ਨਹੀਂ ਭਜਦਾ, ਸਿਮਰਦਾ?

ਅਰਥ : (ਸਰੀਰ ਤੇਰਾ) ਬੁੱਢਾ ਹੋ ਗਿਆ ਹੈ (ਜਿਸ ਕਰਕੇ ਸਾਰੇ ਅੰਗ ਬਲ-ਹੀਣ ਹੋ ਗਏ ਹਨ, ਪਰ ਅਫ਼ਸੋਸ ਕਿ ਅਜੇ ਵੀ) ਤੈਨੂੰ ਸਮਝ ਨਹੀਂ ਆ ਰਹੀ ਜੁ ਮੌਤ ਦਾ ਸਮਾਂ ਨੇੜੇ ਆ ਪਹੁੰਚਾ ਹੈ। (ਇਸ ਲਈ) ਨਾਨਕ ਦਾ ਕਥਨ ਹੈ ਕਿ ਹੇ ਪਾਗ਼ਲ ਮਨੁੱਖ! ਤੂੰ ਵਾਹਿਗੁਰੂ ਨੂੰ ਕਿਉਂ ਨਹੀਂ ਸਿਮਰਦਾ?।੪।

ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ॥
ਇਨ ਮਹਿ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ॥੫॥

ਪਦ ਅਰਥ : ਦਾਰਾ–ਇਸਤ੍ਰੀ। ਸੰਪਤਿ–ਸੰਪਤੀ, ਜਾਇਦਾਦ। ਸਗਲ–ਸਾਰੀ। ਜਿਨਿ–(ਕ੍ਰਿਆ ਵਿਸ਼ੇਸ਼ਣ) ਨਾ। ਮਾਨਿ–ਮੰਨ, ਸਮਝ। ਜਿਨਿ ਅਪੁਨੀ ਕਰਿ ਮਾਨਿ–ਆਪਣੀ ਕਰ ਕੇ ਨਾ ਸਮਝ। ਇਨ ਮਹਿ–ਇਨ੍ਹਾਂ ਸਭਨਾਂ ਵਿਚੋਂ। ਸਾਚੀ ਜਾਨਿ–ਇਹ ਗੱਲ ਸੱਚੀ ਕਰਕੇ ਜਾਣ ਲੈ।

ਅਰਥ : ਧਨ, ਇਸਤ੍ਰੀ, ਸਾਰੀ ਜਾਇਦਾਦ, ਇਹ ਆਪਣੀ ਕਰ ਕੇ ਨਾ ਮੰਨ। 'ਨਾਨਕ'! ਇਹ ਗੱਲ ਸੱਚੀ ਕਰ ਕੇ ਜਾਣ ਲੈ ਕਿ ਇਨ੍ਹਾਂ (ਸਾਰਿਆਂ) ਵਿਚੋਂ ਕੋਈ ਵੀ (ਤੇਰਾ ਨਾਲ ਨਿਭਣ ਵਾਲਾ) ਸਾਥੀ ਨਹੀਂ ਹੈ।੫।

ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ ॥
ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ ॥੬॥

ਪਦ ਅਰਥ : ਪਤਿਤ-ਉਧਾਰਨ—ਪਾਪੀਆਂ ਦਾ ਉਧਾਰ ਕਰਨ ਵਾਲੇ। ਭੈ-ਹਰਨ—ਸਾਰੇ ਡਰ ਨਾਸ ਕਰਨ ਵਾਲੇ। ਅਨਾਥ ਕੇ ਨਾਥ—ਅਨਾਥਾਂ ਦੇ ਨਾਥ, ਨਿਖਸਮਿਆਂ ਦੇ ਖਸਮ, ਵਾਹਿਗੁਰੂ ਜੀ। ਤਿਹ—ਉਸ (ਵਾਹਿਗੁਰੂ) ਨੂੰ। ਜਾਨੀਐ—ਜਾਣਨਾ ਚਾਹੀਦਾ ਹੈ। ਬਸਤੁ—ਵਸਦਾ ਹੈ। ਸਾਥਿ—ਅੰਗ ਸੰਗ।

ਅਰਥ : ਵਾਹਿਗੁਰੂ ਜੀ ਪਾਪੀਆਂ ਦਾ ਉਧਾਰ ਕਰਨ ਵਾਲੇ ਹਨ, ਸਾਰੇ ਡਰ ਨਾਸ ਕਰਨ ਵਾਲੇ ਹਨ ਅਤੇ ਅਨਾਥਾਂ ਦੇ ਨਾਥ ਹਨ। ਨਾਨਕ ਦਾ ਇਹ ਕਥਨ ਹੈ ਕਿ ਉਸ ਵਾਹਿਗੁਰੂ ਨੂੰ ਜਾਨਣਾ ਪਛਾਨਣਾ ਚਾਹੀਦਾ ਹੈ (ਜਿਹੜਾ) ਸਦਾ ਤੁਹਾਡੇ ਅੰਗ ਸੰਗ ਵਸਦਾ ਹੈ।੬।

ਤਨੁ ਧਨੁ ਜਿਹ ਤੋ ਕਉ ਦੀਓ ਤਾਂ ਸਿਉ ਨੇਹੁ ਨ ਕੀਨ ॥
ਕਹੁ ਨਾਨਕ ਨਰ ਬਾਵਰੇ ਅਬ ਕਿਉ ਡੋਲਤ ਦੀਨ ॥੭॥

ਪਦ ਅਰਥ : ਤਨੁ—ਸਰੀਰ। ਜਿਹ—ਜਿਸ ਵਾਹਿਗੁਰੂ ਨੇ। ਤੋ ਕਉ—ਤੈਨੂੰ। ਤਾ ਸਿਉ—ਉਸ (ਦਾਤੇ ਵਾਹਿਗੁਰੂ) ਨਾਲ। ਨੇਹੁ ਨ ਕੀਨ—ਪਿਆਰ ਨਹੀਂ ਕੀਤਾ। ਨਰ ਬਾਵਰੇ—ਹੇ ਪਾਗਲ ਮਨੁੱਖ! ਦੀਨ—ਨਿਤਾਣਾ।

ਅਰਥ : ਜਿਸ ਵਾਹਿਗੁਰੂ ਨੇ ਤੈਨੂੰ (ਸੁੰਦਰ) ਸਰੀਰ ਤੇ ਧਨ ਦਿਤਾ ਹੈ, ਤੂੰ ਉਸ ਨਾਲ ਪਿਆਰ ਨਹੀਂ ਪਾਇਆ (ਸਗੋਂ ਉਸ ਦੀਆਂ ਦਾਤਾਂ ਵਿਚ ਖੱਚਤ ਹੋ ਗਿਆ ਹੈਂ, ਭੋਗਾਂ ਵਿਚੋਂ ਰੋਗ ਅਤੇ ਰੋਗਾਂ ਵਿਚੋਂ ਦੁਖ ਨਿਕਲਣੇ ਕੁਦਰਤੀ ਗੱਲ ਹੈ)। ਨਾਨਕ ਦਾ ਇਹ ਕਥਨ ਹੈ ਕਿ ਹੇ ਪਾਗ਼ਲ ਮਨੁੱਖ, ਹੁਣ ਨਿਤਾਣਾ ਹੋ ਕੇ ਕਿਉਂ ਡੋਲਦਾ ਫਿਰਦਾ ਹੈਂ?।੭।

ਤਨੁ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ ॥
ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ ॥੮॥

ਪਦ ਅਰਥ : ਸੰਪੈ—ਵਿਭੂਤੀ, ਐਸ਼ਵਰਜ। ਸੁਖ ਦੀਓ—ਸੁਖ ਦਿਤੇ। ਅਰੁ—ਅਤੇ। ਜਿਹ—ਜਿਸ ਵਾਹਿਗੁਰੂ ਨੇ। ਨੀਕੇ ਧਾਮ—ਸੋਹਣੇ ਨਿਵਾਸ-ਅਸਥਾਨ। ਸਿਮਰਤ ਕਾਹਿ ਨ—ਕਿਉਂ ਨਹੀਂ ਸਿਮਰਦਾ?

ਅਰਥ : ਹੇ (ਅਕ੍ਰਿਤਘਣ) ਮਨ! ਨਾਨਕ ਦਾ ਇਹ ਕਥਨ ਸੁਣ, ਜਿਸ ਪ੍ਰਭੂ ਨੇ ਤੈਨੂੰ (ਕੰਚਨ-ਵੰਨਾ) ਸਰੀਰ ਦਿਤਾ, ਧਨ ਦਿਤਾ, ਬੇਅੰਤ ਸੰਪਤੀ ਦਿਤੀ, ਸੁਖ ਦਿਤੇ ਅਤੇ ਸੋਹਣੇ ਨਿਵਾਸ-ਅਸਥਾਨ ਬਖ਼ਸ਼ੇ, ਉਸ ਪ੍ਰਭੂ ਨੂੰ ਤੂੰ ਕਿਉਂ ਨਹੀਂ ਚੇਤੇ ਕਰਦਾ ? ।੮।

ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥
ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ ॥੯॥

ਪਦ ਅਰਥ : ਦੂਸਰ—ਦੂਜਾ, ਕੋਈ ਹੋਰ। ਨਾਹਿਨ—ਨਹੀਂ। ਤਿਹ ਸਿਮਰਤ—ਉਸ ਵਾਹਿਗੁਰੂ ਨੂੰ ਸਿਮਰਦਿਆਂ। ਗਤਿ—ਜਨਮ ਮਰਨ ਦੇ ਗੇੜ ਤੋਂ ਖ਼ਲਾਸੀ।

ਅਰਥ : ਸਭਨਾਂ ਸੁਖਾਂ ਦਾ ਦਾਤਾ ਵਾਹਿਗੁਰੂ ਹੈ, (ਉਸ ਤੋਂ ਬਿਨਾਂ) ਕੋਈ ਹੋਰ ਨਹੀਂ। ਹੇ ਮਨ! ਨਾਨਕ ਦਾ ਇਹ ਕਥਨ ਹੈ, ਸੁਣ—ਉਸ ਵਾਹਿਗੁਰੂ ਨੂੰ ਸਿਮਰਦਿਆਂ ਹੀ (ਵਿਕਾਰਾਂ ਤੋਂ, ਜਨਮ ਮਰਨ ਤੋਂ) ਮੁਕਤੀ ਹੋ ਸਕਦੀ ਹੈ।੯।

ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ ॥
ਕਹੁ ਨਾਨਕ ਸੁਨਿ ਰੇ ਮਨਾ ਅਉਧ ਘਟਤ ਹੈ ਨੀਤ ॥੧੦॥

ਪਦ ਅਰਥ : ਜਿਹ ਸਿਮਰਤ—ਜਿਸ ਨੂੰ ਸਿਮਰਦਿਆਂ। ਗਤਿ—ਗਤੀ, ਖ਼ਲਾਸੀ। ਪਾਈਐ—ਪਾਈਦੀ ਹੈ। ਤਿਹ—ਉਸ ਪ੍ਰਭੂ ਨੂੰ। ਤੈ—(ਉਚਾਰਣ ਨਾਸਕੀ) ਤੂੰ। ਰੇ ਮੀਤ—ਹੇ ਮਿੱਤਰ! ਅਉਧ—ਉਮਰ। ਨੀਤ—ਨਿਤਾਪ੍ਰਤ।

ਅਰਥ : ਹੇ ਮਿੱਤਰ (ਮਨ)! ਜਿਸ ਵਾਹਿਗੁਰੂ ਨੂੰ ਸਿਮਰਦਿਆਂ (ਵਿਕਾਰਾਂ ਤੋਂ ਅਤੇ ਜਨਮ ਮਰਨ ਤੋਂ) ਖ਼ਲਾਸੀ ਪਾਈਦੀ ਹੈ, ਤੂੰ ਉਸ ਵਾਹਿਗੁਰੂ ਦਾ ਸਿਮਰਨ (ਤੁਰਤ) ਕਰ। ਹੇ ਮਨ! ਨਾਨਕ ਦਾ ਇਹ ਕਥਨ ਹੈ, ਸੁਣ—ਉਮਰਾ ਨਿਤਾਪ੍ਰਤ ਘਟਦੀ ਜਾ ਰਹੀ ਹੈ।੧੦।

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮਹਿ ਮਾਨੁ ॥੧੧॥

ਪਦ ਅਰਥ : ਪਾਂਚ ਤਤ ਕੋ—ਪੰਜਾਂ ਤੱਤਾਂ ਦਾ (ਪਾਣੀ, ਮਿੱਟੀ, ਹਵਾ, ਅਗਨੀ ਤੇ ਅਕਾਸ਼ ਦਾ)। ਰਚਿਓ—ਰਚਿਆ ਹੋਇਆ ਹੈ। ਜਾਨਹੁ—ਜਾਣੋ,

ਚੰਗੀ ਤਰ੍ਹਾਂ ਸਮਝ ਲੈ। ਚਤੁਰ ਸੁਜਾਨ—ਹੇ ਚਤੁਰ ਤੇ ਸਿਆਣੇ (ਮਨ)! ਜਿਹ ਤੇ—ਜਿਨ੍ਹਾਂ (ਤੱਤਾਂ) ਤੋਂ। ਉਪਜਿਓ—ਉਪਜਿਆ ਹੈ। ਤਾਹਿ ਮਹਿ—ਉਨ੍ਹਾਂ ਵਿਚ ਹੀ। ਮਾਨੁ—ਜਾਣ ਲੈ।

ਅਰਥ : ਹੇ ਚਤੁਰ ਤੇ ਸਿਆਣੇ ਮਨ! ਤੂੰ ਪੱਕੀ ਤਰ੍ਹਾਂ ਸਮਝ ਲੈ ਕਿ (ਇਹ ਮਨੁੱਖਾ) ਸਰੀਰ ਪੰਜਾਂ ਤੱਤਾਂ ਦਾ ਰਚਿਆ ਹੋਇਆ ਹੈ, ਨਾਨਕ! ਜਿਨ੍ਹਾਂ ਤੱਤਾਂ ਤੋਂ (ਇਹ ਸਰੀਰ) ਹੋਂਦ ਵਿਚ ਆਇਆ ਹੈ, ਯਕੀਨ ਕਰ (ਕਿ ਇਸ ਨੇ ਅੰਤ ਨੂੰ ਬਿਨਸ ਕੇ) ਉਨ੍ਹਾਂ ਵਿਚ ਹੀ ਲੀਨ ਹੋ ਜਾਣਾ ਹੈ। (ਤਾਂ ਤੇ ਇਸ ਸਰੀਰ ਦਾ ਮਾਣ ਕਾਹਦਾ ?)।੧੧।

ਘਟ ਘਟ ਮਹਿ ਹਰਿ ਜੁ ਬਸੈ ਸੰਤਨ ਕਹਿਓ ਪੁਕਾਰਿ ॥
ਕਹੁ ਨਾਨਕ ਤਿਹ ਭਜੁ ਮਨਾ ਭਉਨਿਧਿ ਉਤਰਹਿ ਪਾਰਿ ॥੧੨॥

ਪਦ ਅਰਥ : ਘਟ ਘਟ ਮਹਿ—ਹਰੇਕ ਸਰੀਰ ਵਿਚ। ਹਰਿ ਜੂ—ਹਰਿ ਜੀ। ਬਸੈ—ਵਸਦਾ ਹੈ। ਸੰਤਨ—ਸਤ ਪੁਰਸ਼ਾਂ ਨੇ। ਪੁਕਾਰਿ—ਕੂਕ ਕੇ।ਤਿਹ—ਉਸ ਹਰੀ ਨੂੰ। ਭਉਨਿਧਿ—ਸੰਸਾਰ-ਸਮੁੰਦਰ ਤੋਂ। ਉਤਰਹਿ—(ਕਿਰਿਆ, ਮੱਧਮ ਪੁਰਖ, ਭਵਿੱਖਤ ਕਾਲ, 'ਹਿ' ਉਚਾਰਣ ਨਾਸਕੀ) ਤੂੰ ਉਤਰ ਜਾਏਂਗਾ।

ਅਰਥ : ਸਤ ਪੁਰਸ਼ਾਂ ਨੇ (ਇਹ ਗੱਲ) ਪੁਕਾਰ ਪੁਕਾਰ ਕੇ ਕਹੀ ਹੈ ਕਿ ਵਾਹਿਗੁਰੂ ਹਰੇਕ ਸਰੀਰ ਵਿਚ ਵਸ ਰਿਹਾ ਹੈ। ਨਾਨਕ ਦਾ ਕਥਨ ਹੈ, ਹੇ ਮਨ! ਤੂੰ ਉਸ (ਵਿਆਪਕ ਵਾਹਿਗੁਰੂ) ਦਾ ਸਿਮਰਨ ਕਰ, ਤੂੰ ਸੰਸਾਰ-ਸਮੁੰਦਰ ਤੋਂ ਪਾਰ ਉਤਰ ਜਾਏਂਗਾ।੧੨।

ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥
ਕਹੁ ਨਾਨਕ ਸੁਨਿ ਰੇ ਮਨਾ ਸੋ ਮੂਰਤਿ ਭਗਵਾਨ ॥੧੩॥

ਪਦ ਅਰਥ : ਜਿਹ—ਜਿਸ ਨੂੰ। ਪਰਸੈ ਨਹੀ—ਪੋਂਹਦਾ ਨਹੀਂ। ਅਭਿਮਾਨੁ—ਹੰਕਾਰ। ਸੋ—ਉਹ। ਮੂਰਤਿ ਭਗਵਾਨ—ਭਗਵਾਨ ਦਾ ਸਰੂਪ।

ਅਰਥ : ਨਾਨਕ ਦਾ ਕਥਨ ਹੈ, ਹੇ ਮਨ! ਸੁਣ—ਉਹ ਪ੍ਰਾਣੀ ਵਾਹਿਗੁਰੂ ਦਾ ਰੂਪ ਹੀ ਹੈ ਜਿਸ ਪ੍ਰਾਣੀ ਨੂੰ ਸੁਖ, ਦੁਖ, ਲੋਭ, ਮੋਹ ਅਤੇ ਹੰਕਾਰ ਵਿਆਪਦਾ ਨਹੀਂ, (ਭਾਵ, ਜਿਹੜਾ ਪ੍ਰਾਣੀ ਸੁਖ ਅਤੇ ਦੁਖ ਸਮੇਂ ਅਤੇ ਲੋਭ, ਮੋਹ, ਅਭਿਮਾਨ ਦੇ ਹੱਲੇ ਸਮੇਂ ਸਮਤੋਲ ਬਿਰਤੀ ਵਿਚ ਰਹਿੰਦਾ ਹੈ, ਜਿਸ ਉਤੇ ਲੋਭ, ਮੋਹ ਅਤੇ

ਹੰਕਾਰ ਆਦਿਕ ਵਿਕਾਰ ਗ਼ਲਬਾ ਨਹੀਂ ਪਾ ਸਕਦੇ)।੧੩।

ਉਸਤਤਿ ਨਿੰਦਿਆ ਨਾਹਿ ਜਿਹ ਕੰਚਨ ਲੋਹ ਸਮਾਨਿ ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੪॥

ਪਦ ਅਰਥ : ਨਿੰਦਿਆ—ਬਦਖ਼ੋਈ। ਜਿਹ—ਜਿਸ ਨੂੰ। ਕੰਚਨ—ਸੋਨਾ। ਲੋਹ—ਲੋਹਾ। ਸਮਾਨਿ—ਬਰਾਬਰ। ਮੁਕਤਿ—ਮੁਕਤੀ। ਤਾਹਿ—ਉਸੇ ਦੀ। ਤੈ—(ਉਚਾਰਣ ਨਾਸਕੀ) ਤੂੰ। ਜਾਨਿ—ਜਾਣ, ਸਮਝ।

ਅਰਥ : ਨਾਨਕ ਦਾ ਕਥਨ ਹੈ, ਹੇ ਮਨ! ਸੁਣ—ਉਸੇ ਮਨੁੱਖ ਦੀ ਹੀ ਤੂੰ ਮੁਕਤੀ (ਭਾਵ, ਜਨਮ ਮਰਨ ਤੋਂ ਖ਼ਲਾਸੀ) ਸਮਝ ਜਿਸ ਮਨੁੱਖ ਨੂੰ ਖ਼ੁਸ਼ਾਮਦ ਜਾਂ ਬਦਖ਼ੋਈ (ਦੀ ਪਰਵਾਹ) ਨਹੀਂ (ਭਾਵ, ਲੋਕਾਂ ਵਲੋਂ ਕੀਤੀ ਵਡਿਆਈ ਜਾਂ ਨੁਕਤਾ-ਚੀਨੀ ਨੂੰ ਸੁਣ ਕੇ ਡੋਲਦਾ ਨਹੀਂ), ਅਤੇ ਜਿਸ ਮਨੁੱਖ ਦੇ ਭਾਣੇ ਸੋਨਾ ਤੇ ਲੋਹਾ ਬਰਾਬਰ ਹਨ (ਭਾਵ, ਅਮੀਰੀ ਗਰੀਬੀ ਇਕ-ਸਮਾਨ ਹਨ)।੧੪।

ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੫॥

ਪਦ ਅਰਥ : ਹਰਖੁ—ਵਿਗਾਸ, ਖੇੜਾ। ਸੋਗੁ—ਗ਼ਮ। ਜਾ ਕੈ—ਜਿਸ ਦੇ ਮਨ ਵਿਚ। ਤੈ—[ਉਚਾਰਣ ਨਾਸਕੀ] ਤੂੰ।

ਅਰਥ : ਨਾਨਕ ਦਾ ਕਥਨ ਹੈ, ਹੇ ਮਨ! ਸੁਣ—ਉਸੇ ਮਨੁੱਖ ਦੀ ਹੀ ਤੂੰ (ਜਨਮ ਮਰਨ ਤੋਂ) ਖ਼ਲਾਸੀ ਸਮਝ ਜਿਸ ਮਨੁੱਖ ਦੇ ਮਨ ਵਿਚ ਖੇੜਾ ਅਤੇ ਗ਼ਮ (ਦਬਾਉ) ਨਹੀਂ (ਪਾਂਦੇ) ਅਤੇ ਜਿਸ ਲਈ ਵੈਰੀ ਤੇ ਮਿੱਤਰ ਇਕੋ ਜਿਹੇ ਹਨ।੧੫।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥

ਪਦ ਅਰਥ : ਭੈ—ਡਰਾਵੇ। ਕਾਹੂ ਕਉ—('ਹੂ' ਉਚਾਰਣ ਨਾਸਕੀ) ਕਿਸੇ ਨੂੰ ਵੀ। ਆਨ—ਹੋਰਨਾਂ ਦੇ। ਗਿਆਨੀ—ਗਿਆਨਵਾਨ। ਤਾਹਿ—ਉਸੇ ਨੂੰ। ਬਖਾਨਿ—ਕਹੁ, ਆਖ।

ਅਰਥ : ਨਾਨਕ ਦਾ ਕਥਨ ਹੈ, ਹੇ ਮਨ! ਸੁਣ—ਉਸੇ ਮਨੁੱਖ ਨੂੰ ਤੂੰ

ਗਿਆਨਵਾਨ ਆਖ, ਜਿਹੜਾ ਮਨੁੱਖ ਕਿਸੇ ਨੂੰ ਡਰਾਵੇ ਨਹੀਂ ਦਿੰਦਾ ਅਤੇ ਨਾ ਹੀ ਹੋਰਨਾਂ ਦੇ ਡਰਾਵੇ ਮੰਨਦਾ ਹੈ (ਭਾਵ, ਜੋ ਮਨੁੱਖ ਨਿਰਵੈਰ ਹੈ ਅਤੇ ਨਿਰਭਉ ਹੈ)।੧੬।

ਜਿਹ ਬਿਖਿਆ ਸਗਲੀ ਤਜੀ ਲੀਓ ਭੇਖੁ ਬੈਰਾਗ ॥
ਕਹੁ ਨਾਨਕ ਸੁਨਿ ਰੇ ਮਨਾ ਤਿਹ ਨਰ ਮਾਥੈ ਭਾਗੁ ॥੧੭॥

ਪਦ ਅਰਥ : ਜਿਹ—ਜਿਸ ਨੇ। ਬਿਖਿਆ ਸਗਲੀ—ਸਾਰੀ ਮਾਇਆ। ਭੇਖੁ ਬੈਰਾਗ—ਬੈਰਾਗ ਦਾ ਭੇਖ। ਮਾਥੈ—ਮੱਥੇ ਉਤੇ।

ਅਰਥ : ਜਿਸ ਮਨੁੱਖ ਨੇ (ਅਨੇਕਾਂ ਰੂਪਾਂ ਵਿਚ ਵਿਆਪ ਰਹੀ) ਹਰ ਤਰ੍ਹਾਂ ਦੀ ਮਾਇਆ (ਬਿਖ ਜਾਣ ਕੇ) ਤਿਆਗ ਦਿਤੀ ਹੈ ਅਤੇ ਵੈਰਾਗ (ਮਾਇਆ ਤੋਂ ਉਪਰਾਮਤਾ) ਦਾ ਭੇਖ ਧਾਰਨ ਕੀਤਾ ਹੋਇਆ ਹੈ, ਨਾਨਕ ਦਾ ਕਥਨ ਹੈ, ਹੇ ਮਨ! ਸੁਣ—ਉਸ ਮਨੁੱਖ ਦੇ ਮੱਥੇ ਉਤੇ ਚੰਗਾ ਭਾਗ (ਜਾਗਿਆ) ਹੈ।੧੭।

ਜਿਹ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥
ਕਹੁ ਨਾਨਕ ਸੁਨਿ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥੧੮॥

ਪਦ ਅਰਥ : ਮਾਇਆ ਮਮਤਾ—ਮਾਇਆ ਦੀ ਅਪਣੱਤ, ਪਕੜ। ਉਦਾਸ—ਉਪਰਾਮ। ਤਿਹ ਘਟਿ—ਉਸ ਦੇ ਹਿਰਦੇ ਵਿਚ। ਬ੍ਰਹਮ ਨਿਵਾਸੁ—ਬ੍ਰਹਮ ਦਾ ਵਾਸਾ।

ਅਰਥ : ਜਿਸ ਪ੍ਰਾਣੀ ਨੇ ਮਾਇਆ ਦੀ ਪਕੜ ਤਿਆਗ ਦਿਤੀ ਹੈ ਅਤੇ ਸਭ (ਤ੍ਰਿਸ਼ਨਾਵਾਂ) ਤੋਂ ਉਪਰਾਮ ਰਹਿੰਦਾ ਹੈ, ਨਾਨਕ ਦਾ ਕਥਨ ਹੈ, ਹੇ ਮਨ ! ਸੁਣ—ਉਸ ਪ੍ਰਾਣੀ ਦੇ ਹਿਰਦੇ ਵਿਚ ਪ੍ਰਭੂ ਦਾ (ਪ੍ਰਤੱਖ) ਵਾਸਾ ਹੁੰਦਾ ਹੈ।੧੮।

ਜਿਹ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥
ਕਹੁ ਨਾਨਕ ਵਹੁ ਮੁਕਤ ਨਰੁ ਇਹ ਮਨ ਸਾਚੀ ਮਾਨੁ ॥੧੯॥

ਪਦ ਅਰਥ : ਜਿਹ ਪ੍ਰਾਨੀ—ਜਿਸ ਪ੍ਰਾਣੀ ਨੇ। ਪਛਾਨਿ—ਪਛਾਣ ਕੇ। ਮੁਕਤ—ਬੰਦ ਖ਼ਲਾਸ, ਵਿਕਾਰਾਂ ਦੀ ਪਕੜ ਤੋਂ ਅਤੇ ਜਨਮ ਮਰਨ ਤੋਂ ਬਚਿਆ ਹੋਇਆ। ਨਰੁ—ਮਨੁੱਖ। ਇਹ—ਇਹ ਗੱਲ। ਮਨ—ਹੇ ਮਨ!

ਅਰਥ : ਜਿਸ ਪ੍ਰਾਣੀ ਨੇ ਵਾਹਿਗੁਰੂ ਨੂੰ (ਸਾਰੇ ਪਸਾਰੇ ਦਾ) ਕਰਨਹਾਰ

ਪਛਾਣ ਕੇ ਆਪਣੀ ਹਉਮੈ ਤਿਆਗ ਦਿਤੀ ਹੈ; ਨਾਨਕ ਦਾ ਇਹ ਕਥਨ ਹੈ, ਹੇ ਮਨ! ਇਹ ਗੱਲ ਨਿਸਚੇ ਕਰ ਕੇ ਜਾਣ ਕਿ ਉਹ ਪ੍ਰਾਣੀ ਹੀ (ਵਿਕਾਰਾਂ ਅਤੇ ਜਨਮ ਮਰਨ ਤੋਂ) ਮੁਕਤ ਹੈ ।੧੯।

ਭੈ ਨਾਸਨ ਦੁਰਮਤਿ ਹਰਨ ਕਲਿ ਮਹਿ ਹਰਿ ਕੋ ਨਾਮੁ ॥
ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥੨੦॥

ਪਦ ਅਰਥ : ਭੈ-ਨਾਸਨ—ਸਾਰੇ ਡਰ ਦੂਰ ਕਰਨ ਵਾਲਾ । ਦੁਰਮਤਿ-ਹਰਨ—ਖੋਟੀ ਮਤਿ ਦੂਰ ਕਰਨ ਵਾਲਾ । ਕਲਿ ਮਹਿ—ਕਲੀ (ਕਲਜੁਗ) ਵਿਚ । ਨਿਸਿ ਦਿਨੁ—ਰਾਤ ਦਿਨ, ਹਰ ਵੇਲੇ । ਜੋ ਭਜੈ—ਜਿਹੜਾ ਸਿਮਰਦਾ ਹੈ । ਹੋਹਿ—(ਕਿਰਿਆ, ਬਹੁ-ਵਚਨ, ਅਨ-ਪੁਰਖ, ਵਰਤਮਾਨ ਕਾਲ, 'ਹਿ' ਉਚਾਰਣ ਨਾਸਕੀ) ਹੋ ਜਾਂਦੇ ਹਨ । ਤਿਹ ਕਾਮ—ਉਸ ਦੇ ਕੰਮ ।

ਅਰਥ : ਕਲੀ ਕਾਲ ਵਿਚ ਸਾਰੇ ਡਰ ਦੂਰ ਕਰਨ ਵਾਲਾ ਅਤੇ ਖੋਟੀ ਮਤਿ ਦਾ ਨਾਸ ਕਰਨ ਵਾਲਾ ਵਾਹਿਗੁਰੂ ਦਾ ਨਾਮ ਹੀ ਹੈ; ਨਾਨਕ! ਜਿਹੜਾ ਮਨੁੱਖ ਰਾਤ ਦਿਨ, ਭਾਵ, ਹਰ ਵੇਲੇ (ਵਾਹਿਗੁਰੂ ਦਾ ਨਾਮ) ਸਿਮਰਦਾ ਰਹਿੰਦਾ ਹੈ, ਉਸ ਦੇ ਸਾਰੇ ਕੰਮ ਸਫਲੇ ਹੋ ਜਾਂਦੇ ਹਨ ।੨੦।

ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿਨਾਮੁ ॥
ਕਹੁ ਨਾਨਕ ਸੁਨਿ ਰੇ ਮਨਾ ਪਰਹਿ ਨ ਜਮ ਕੈ ਧਾਮ ॥੨੧॥

ਪਦ ਅਰਥ : ਜਿਹਬਾ—ਜੀਭ ਨਾਲ । ਕਰਨ ਸੁਨਹੁ—ਕੰਨਾਂ ਨਾਲ ਸੁਣੋ । ਪਰਹਿ ਨ—(ਪਰਹਿ—ਕਿਰਿਆ, ਮੱਧਮ ਪੁਰਖ, ਭਵਿੱਖਤ ਕਾਲ, 'ਹਿ' ਉਚਾਰਣ ਨਾਸਕੀ) ਨਹੀਂ ਪਵੇਂਗਾ । ਜਮ ਕੈ ਧਾਮ—ਜਮ-ਪੁਰੀ ਵਿਚ ।

ਅਰਥ : ਜੀਭ ਨਾਲ ਵਾਹਿਗੁਰੂ ਦੇ ਗੁਣਾਂ ਦਾ ਗਾਇਨ ਕਰੋ, ਕੰਨਾਂ ਨਾਲ ਵਾਹਿਗੁਰੂ ਦਾ ਨਾਮ ਸ੍ਵਨ ਕਰੋ; ਨਾਨਕ ਦਾ ਕਥਨ ਹੈ, ਹੇ ਮਨ! ਸੁਣ (ਇੰਜ ਕਰਨ ਨਾਲ) ਜਮਪੁਰੀ ਵਿਚ (ਭਾਵ, ਜਮਾਂ ਦੇ ਵਸ) ਨਹੀਂ ਪਵੇਂਗਾ ।੨੧।

ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹੁ ਅਹੰਕਾਰੁ ॥
ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰਿ ॥੨੨॥

ਪਦ ਅਰਥ : ਮਮਤਾ—ਮੈਂ-ਮੇਰੀ, ਅਪਣੱਤ । ਤਜੈ—ਤਜਦਾ ਹੈ । ਆਪਨ

ਤਰੈ—ਖ਼ੁਦ ਆਪ ਤਰ ਜਾਂਦਾ ਹੈ। ਅਉਰਨ—ਹੋਰਨਾਂ ਨੂੰ। ਲੇਤ ਉਧਾਰਿ—ਤਾਰ ਲੈਂਦਾ ਹੈ।

ਅਰਥ : ਜਿਹੜਾ ਪ੍ਰਾਣੀ ਮੈਂ-ਮੇਰੀ ਛਡਦਾ ਹੈ, ਲੋਭ, ਮੋਹ ਅਤੇ ਹੰਕਾਰ ਤਿਆਗਦਾ ਹੈ, ਨਾਨਕ ਦਾ ਕਥਨ ਹੈ, ਉਹ ਆਪ (ਭਵ-ਸਾਗਰ ਤੋਂ) ਪਾਰ ਲੰਘ ਜਾਂਦਾ ਹੈ ਅਤੇ ਹੋਰਨਾਂ ਨੂੰ ਵੀ ਪਾਰ ਲੰਘਾ ਲੈਂਦਾ ਹੈ।੨੨।

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥
ਇਨ ਮਹਿ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥

ਪਦ ਅਰਥ : ਸੁਪਨਾ—ਨੀਂਦ ਵਿਚ ਦੇਖਿਆ ਦ੍ਰਿਸ਼। ਪੇਖਨਾ—ਖੇਲ, ਤਮਾਸ਼ਾ। ਜਾਨਿ—ਜਾਣ ਲੈ। ਇਨ ਮਹਿ ਕਛੁ—ਇਨ੍ਹਾਂ ਵਿਚੋਂ ਕੋਈ ਵੀ ਪਦਾਰਥ।

ਅਰਥ : (ਹੇ ਪ੍ਰਾਣੀ!ਇਸ) ਜਗਤ ਨੂੰ ਏਵੇਂ ਸਮਝ! ਜਿਵੇਂ ਸੁਪਨਾ ਅਤੇ ਤਮਾਸ਼ਾ (ਨਿਰਾ ਭੁਲੇਖਾ ਤੇ ਧੋਖਾ ਹੀ ਹੁੰਦਾ ਹੈ, ਕੋਈ ਅਸਲੀਅਤ ਨਹੀਂ ਹੁੰਦੀ)। 'ਨਾਨਕ'! ਵਾਹਿਗੁਰੂ ਤੋਂ ਬਿਨਾਂ (ਸੰਸਾਰ ਦੇ) ਇਨ੍ਹਾਂ (ਦਿਸਦੇ ਪਦਾਰਥਾਂ) ਵਿਚੋਂ ਕੁਝ ਵੀ ਸਦਾ ਕਾਇਮ ਰਹਿਣ ਵਾਲਾ ਨਹੀਂ ਹੈ।੨੩।

ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ॥
ਕੋਟਨ ਮਹਿ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥

ਪਦ ਅਰਥ : ਨਿਸਿ ਦਿਨੁ—ਰਾਤ ਦਿਨ। ਕਾਰਨੇ—ਲਈ, ਵਾਸਤੇ। ਡੋਲਤ—ਡੋਲਦਾ ਫਿਰਦਾ ਹੈ। ਨੀਤ—ਨਿਤ, ਸਦਾ। ਕੋਟਨ ਮਹਿ—ਕਰੋੜਾਂ ਵਿਚੋਂ। ਕੋਊ—ਕੋਈ ਵਿਰਲਾ। ਜਿਹ ਚੀਤਿ—ਜਿਸ ਦੇ ਚਿਤ ਵਿਚ।

ਅਰਥ : ਪ੍ਰਾਣੀ ਮਾਇਆ ਦੀ ਖ਼ਾਤਰ ਰਾਤ ਦਿਨ ਭਾਵ ਸਦਾ ਹੀ ਭਟਕਦਾ ਫਿਰਦਾ ਹੈ, 'ਨਾਨਕ'! ਕਰੋੜਾਂ ਵਿਚੋਂ ਕੋਈ ਵਿਰਲਾ (ਮਨੁੱਖ ਹੀ ਅਜਿਹਾ ਹੁੰਦਾ) ਹੈ ਜਿਸ ਦੇ ਚਿਤ ਵਿਚ ਵਾਹਿਗੁਰੂ ਵਸਦਾ ਹੋਵੇ।੨੪।

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥

ਪਦ ਅਰਥ : ਜਲ ਤੇ—ਪਾਣੀ ਤੋਂ। ਬੁਦਬੁਦਾ—ਬੁਲਬੁਲਾ। ਉਪਜੈ—

KhalsaSpirit.com

ਉਪਜਦਾ ਹੈ, ਹੋਂਦ ਵਿਚ ਆਉਂਦਾ ਹੈ। ਬਿਨਸੈ–ਬਿਨਸ ਜਾਂਦਾ ਹੈ। ਨੀਤ–ਨਿਤ। ਜਗ ਰਚਨਾ–ਜਗਤ ਦੀ ਖੇਡ। ਰਚੀ–ਬਣਾਈ ਹੈ। ਮੀਤ–ਹੇ ਮਿੱਤਰ!

ਅਰਥ : ਨਾਨਕ ਦਾ ਕਥਨ ਹੈ, ਹੇ ਮਿੱਤਰ! ਸੁਣ–ਜਿਵੇਂ ਨਿਤਾਪ੍ਰਤਿ ਪਾਣੀ ਤੋਂ ਬੁਲਬੁਲਾ ਬਣਦਾ ਅਤੇ ਢਹਿੰਦਾ ਰਹਿੰਦਾ ਹੈ, ਤਿਵੇਂ ਹੀ ਸੰਸਾਰ ਦੀ ਖੇਡ ਰਚੀ ਹੋਈ ਹੈ (ਭਾਵ, ਇਹ ਪਾਣੀ ਦੇ ਬੁਲਬੁਲੇ ਦੀ ਨਿਆਈਂ ਛਿਨ-ਭੰਗਰ ਹੈ)।੨੫।

ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ ॥
ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ ॥੨੬॥

ਪਦ ਅਰਥ : ਨ ਚੇਤਈ–ਨਹੀਂ ਚੇਤਦਾ, ਨਹੀਂ ਸਿਮਰਦਾ। ਮਦਿ ਮਾਇਆ ਕੈ–ਮਾਇਆ ਦੇ ਮਦ (ਨਸ਼ੇ) ਵਿਚ। ਅੰਧੁ–ਅੰਨ੍ਹਾ। ਪਰਤ–ਪੈਂਦੀ ਹੈ। ਤਾਹਿ–ਉਸ ਨੂੰ, ਉਸ ਦੇ ਗਲ ਵਿਚ। ਜਮ ਫੰਧ–ਜਮਾਂ ਦੀ ਫਾਹੀ।

ਅਰਥ : ਮਾਇਆ ਦੇ ਮਦ ਵਿਚ ਅੰਨ੍ਹਾ ਹੋਇਆ ਪ੍ਰਾਣੀ ਰਤਾ ਵੀ (ਦਾਤਾਰ ਦਾ) ਚਿੰਤਨ ਨਹੀਂ ਕਰਦਾ (ਭਾਵ, ਬਿਲਕੁਲ ਨਹੀਂ ਕਰਦਾ)। ਨਾਨਕ ਦਾ ਕਥਨ ਹੈ, ਵਾਹਿਗੁਰੂ ਦੇ ਸਿਮਰਨ ਤੋਂ ਬਿਨਾਂ ਉਸ (ਗ਼ਾਫ਼ਲ ਪ੍ਰਾਣੀ) ਦੇ ਗਲ ਵਿਚ ਜਮਾਂ ਦੀ ਫਾਹੀ ਪੈਂਦੀ ਹੈ।੨੬।

ਜਉ ਸੁਖ ਕਉ ਚਾਹਹਿ ਸਦਾ ਸਰਨਿ ਰਾਮ ਕੀ ਲੇਹਿ ॥
ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥੨੭॥

ਪਦ ਅਰਥ : ਜਉ–ਜੇ। ਸੁਖ ਕਉ–ਸੁਖ ਨੂੰ। ਚਾਹਹਿ–(ਕਿਰਿਆ, ਮੱਧਮ ਪੁਰਖ, ਇਕ-ਵਚਨ, ਵਰਤਮਾਨ ਕਾਲ, 'ਹਿ' ਉਚਾਰਣ ਨਾਸਕੀ) ਤੂੰ ਚਾਹੁੰਦਾ ਹੈਂ। ਲੇਹਿ–ਲੈ। ਦੁਰਲਭ–ਕਠਨਤਾਈ ਨਾਲ ਮਿਲਣ ਵਾਲੀ। ਦੇਹ–ਦੇਹੀ, ਕਾਇਆਂ।

ਅਰਥ : ਨਾਨਕ ਦਾ ਕਥਨ ਹੈ, ਹੇ ਮਨ! ਸੁਣ, ਇਹ ਮਨੁੱਖੀ ਕਾਇਆਂ ਬੜੀ ਕਠਨਤਾਈ ਨਾਲ ਮਿਲੀ ਹੈ (ਭਾਵ, ਕਈ ਜਨਮਾਂ ਦੇ ਗੇੜ ਕਟ ਕਟ ਕੇ ਇਹ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ, ਇਸ ਲਈ) ਜੇ (ਸਦੈਵੀ) ਸੁਖ ਪ੍ਰਾਪਤ ਕਰਨਾ ਚਾਹੁੰਦਾ ਹੈਂ ਤਾਂ ਵਾਹਿਗੁਰੂ ਦੀ ਸ਼ਰਨ ਲੈ, ਭਾਵ, ਸ਼ਰਨੀ ਢਹਿ ਪਉ।੨੭।

ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥
ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨਿ ॥੨੮॥

ਪਦ ਅਰਥ : ਕਾਰਨਿ—ਵਾਸਤੇ, ਲਈ। ਧਾਵਹੀ—(ਕਿਰਿਆ, ਅਨ-ਪੁਰਖ, ਬਹੁ-ਵਚਨ, ਵਰਤਮਾਨ ਕਾਲ, 'ਹੀ' ਨਾਸਕੀ ਉਚਾਰਣ) ਭੱਜੇ ਫਿਰਦੇ ਹਨ।ਅਜਾਨ—ਅੰਞਾਣੇ।ਬਿਰਥਾ—ਬੇਫ਼ਾਇਦਾ।ਸਿਰਾਨਿ—ਬੀਤ ਜਾਂਦਾ ਹੈ।

ਅਰਥ : ਮਾਇਆ (ਇਕੱਤਰ ਕਰਨ) ਲਈ ਅੰਞਾਣੇ ਬੇਸਮਝ ਲੋਕੀ ਵਾਹੋ ਦਾਹੀ ਭੱਜੇ ਫਿਰਦੇ ਹਨ (ਪਰ ਮਾਇਆ ਹੱਥ ਨਹੀਂ ਆਉਂਦੀ, ਜੇ ਹੱਥ ਆ ਵੀ ਜਾਂਦੀ ਹੈ ਤਾਂ ਨਾਲ ਨਹੀਂ ਨਿਭਦੀ)।ਨਾਨਕ ਦਾ ਕਥਨ ਹੈ, ਵਾਹਿਗੁਰੂ ਦੇ ਭਜਨ ਬਿਨਾਂ (ਮਨੁੱਖਾ) ਜਨਮ (ਦਾ ਅਮੋਲਕ ਸਮਾਂ) ਵਿਅਰਥ ਬਤੀਤ ਹੋ ਜਾਂਦਾ ਹੈ।੨੮।

ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪੁ ਰਾਮ ਤਿਹ ਜਾਨੁ ॥
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੨੯॥

ਪਦ ਅਰਥ : ਨਿਸਿ ਦਿਨੁ—ਰਾਤ ਦਿਨ, ਸਦਾ ਹੀ। ਭਜੈ—ਭਜਦਾ ਹੈ, ਸਿਮਰਦਾ ਹੈ। ਰੂਪੁ ਰਾਮ—ਰਾਮ ਦਾ ਰੂਪ। ਤਿਹ ਜਾਨੁ—ਉਸ ਨੂੰ ਜਾਣ। ਹਰਿ ਜਨ—ਹਰੀ ਜਨ ਦਾ। ਅੰਤਰੁ—ਅੰਤਰਾ, ਫ਼ਰਕ।

ਅਰਥ : ਜਿਹੜਾ ਪ੍ਰਾਣੀ ਦਿਨ ਰਾਤ ਵਾਹਿਗੁਰੂ ਦਾ ਭਜਨ ਕਰਦਾ ਹੈ ਉਸ ਨੂੰ ਵਾਹਿਗੁਰੂ ਦਾ ਰੂਪ ਹੀ ਸਮਝ। 'ਨਾਨਕ'! ਇਹ ਗੱਲ ਸੱਚੀ ਕਰਕੇ ਮੰਨ ਕਿ ਵਾਹਿਗੁਰੂ ਦੇ ਦਾਸਾਂ ਅਤੇ ਵਾਹਿਗੁਰੂ ਵਿਚ ਕੋਈ ਭੇਦ ਨਹੀਂ ਹੈ।੨੯।

ਮਨੁ ਮਾਇਆ ਮਹਿ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥
ਕਹੁ ਨਾਨਕ ਬਿਨੁ ਹਰਿ ਭਜਨ ਜੀਵਨੁ ਕਉਨੇ ਕਾਮ ॥੩੦॥

ਪਦ ਅਰਥ : ਫਧਿ ਰਹਿਓ—ਫਸਿਆ ਪਿਆ ਹੈ। ਬਿਸਰਿਓ—ਵਿਸਰ ਗਿਆ ਹੈ, ਭੁਲ ਗਿਆ ਹੈ। ਗੋਬਿੰਦ ਨਾਮੁ—ਗੋਬਿੰਦ ਦਾ ਨਾਮ। ਕਉਨੇ ਕਾਮ—ਕਿਹੜੇ ਕੰਮ ?

ਅਰਥ : (ਲੋਭੀ ਜੀਵ ਦਾ) ਮਨ ਮਾਇਆ ਵਿਚ ਫਸਿਆ ਪਿਆ ਹੈ ਅਤੇ ਵਾਹਿਗੁਰੂ ਦਾ ਨਾਮ ਵਿਸਰ ਗਿਆ ਹੈ। ਨਾਨਕ ਦਾ ਕਥਨ ਹੈ, (ਭਲਾ) ਵਾਹਿਗੁਰੂ

KhalsaSpirit.com

ਦੇ ਭਜਨ ਤੋਂ ਬਿਨਾਂ ਇਹ ਜੀਵਨ ਕਿਹੜੇ ਕੰਮ ? ।੩੦।

ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ ॥
ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ ॥੩੧॥

ਪਦ ਅਰਥਾਂ ਲਈ ਵੇਖੋ ਸਲੋਕ ਨੰਬਰ ੨੬ ।

ਅਰਥ : ਮਾਇਆ ਦੇ ਨਸ਼ੇ ਵਿਚ ਅੰਨ੍ਹਾ ਹੋਇਆ ਪ੍ਰਾਣੀ ਵਾਹਿਗੁਰੂ ਨੂੰ ਯਾਦ ਨਹੀਂ ਕਰਦਾ । ਨਾਨਕ ਦਾ ਕਥਨ ਹੈ, ਵਾਹਿਗੁਰੂ ਦੇ ਭਜਨ ਬਿਨਾਂ (ਉਸ ਭੁਲੇ ਹੋਏ ਪ੍ਰਾਣੀ ਦੇ) ਗਲ ਵਿਚ ਜਮ ਦੀ ਫਾਹੀ ਪੈਂਦੀ ਹੈ ।੩੧।

ਸੁਖ ਮਹਿ ਬਹੁ ਸੰਗੀ ਭਏ ਦੁਖ ਮਹਿ ਸੰਗਿ ਨ ਕੋਇ ॥
ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥੩੨॥

ਪਦ ਅਰਥ : ਸੁਖ ਮਹਿ—ਸੁਖ ਵਿਚ । ਸੰਗਿ—ਨਾਲ । ਅੰਤਿ—ਅੰਤਲੇ ਸਮੇਂ । ਸਹਾਈ—ਮਦਦਗਾਰ ।

ਅਰਥ : (ਸੰਸਾਰ ਦਾ ਵਰਤਾਰਾ ਇਉਂ ਹੈ ਕਿ) ਸੁਖ ਵੇਲੇ ਤਾਂ ਅਨੇਕਾਂ ਸੰਗੀ-ਸਾਥੀ ਬਣ ਬੈਠਦੇ ਹਨ, ਪਰ ਦੁਖ ਵਿਚ ਕੋਈ ਵੀ ਨੇੜੇ ਨਹੀਂ ਢੁਕਦਾ । ਨਾਨਕ ਦਾ ਕਥਨ ਹੈ, ਹੇ ਮਨ! ਵਾਹਿਗੁਰੂ ਦਾ ਭਜਨ ਕਰ, ਅੰਤਲੇ ਸਮੇਂ (ਜਦੋਂ ਸਾਰੇ ਪੱਲਾ ਛੁਡਾ ਜਾਂਦੇ ਹਨ ਤਦੋਂ) ਵਾਹਿਗੁਰੂ (ਦਾ ਭਜਨ) ਹੀ ਮਦਦਗਾਰ ਬਣਦਾ ਹੈ ।੩੨।

ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ ॥
ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਹਿ ਬਾਸੁ ॥੩੩॥

ਪਦ ਅਰਥ : ਜਨਮ ਜਨਮ—ਜਨਮਾਂ ਜਨਮਾਂਤਰਾਂ ਵਿਚ । ਭਰਮਤ ਫਿਰਿਓ—ਭਟਕਦਾ ਫਿਰਿਆ । ਤ੍ਰਾਸੁ—ਡਰ । ਨਿਰਭੈ ਬਾਸੁ—ਡਰ ਰਹਿਤ ਵਾਸਾ ।

ਅਰਥ : ਜੀਵ ਜਨਮਾਂ ਜਨਮਾਂਤਰਾਂ ਵਿਚ ਭਟਕਦਾ ਫਿਰਿਆ, (ਭਟਕਣਾਂ ਦਾ ਅਮੁੱਕ ਗੇੜਾ ਅਤੇ) ਜਮਾਂ ਦਾ ਡਰ ਮਗਰੋਂ ਨਾ ਲੱਥਾ । ਨਾਨਕ ਦਾ ਕਥਨ ਹੈ, ਹੇ ਮਨ! ਵਾਹਿਗੁਰੂ ਦਾ ਭਜਨ ਕਰ, (ਤਾਕਿ) ਤੂੰ ਭੈ-ਰਹਿਤ ਵਾਸਾ ਪ੍ਰਾਪਤ ਕਰ ਸਕੇਂ (ਭਾਵ, ਤੂੰ ਉਸ ਬੇਗਮਪੁਰੇ ਦਾ ਵਾਸੀ ਹੋ ਜਾਵੇਂ ਜਿਥੇ ਕਿਸੇ ਕਿਸਮ ਦਾ ਕੋਈ ਡਰ ਖ਼ੌਫ਼ ਨਹੀਂ ਰਹਿੰਦਾ) ।੩੩।

ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ ॥
ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ ॥੩੪॥

ਪਦ ਅਰਥ : ਜਤਨ ਬਹੁਤੁ—ਬਥੇਰੇ ਉਪਰਾਲੇ । ਮਨ ਕੋ ਮਾਨੁ—ਮਨ ਦਾ ਹੰਕਾਰ । ਦੁਰਮਤਿ ਸਿਉ—ਖੋਟੀ ਮਤਿ ਵਿਚ । ਫਧਿਓ—ਖਚਿਤ ਹੋਇਆ ਪਿਆ ਹਾਂ । ਭਗਵਾਨ—ਹੇ ਭਗਵਾਨ !

ਅਰਥ : ਮੈਂ ਬਥੇਰੇ ਉਪਰਾਲੇ ਕਰ ਥਕਿਆ ਹਾਂ, ਪਰ ਮਨ ਦਾ ਹੰਕਾਰ ਦੂਰ ਨਹੀਂ ਹੋਇਆ । 'ਨਾਨਕ' (ਮੁਹਰ ਛਾਪ ਹੇਠ ਸਾਨੂੰ ਵਾਹਿਗੁਰੂ ਅਗੇ ਪ੍ਰਾਰਥਨਾ ਕਰਨ ਦਾ ਵਲ ਸਿਖਾਉਂਦੇ ਹਨ; ਕਿ ਮੈਂ) ਖੋਟੀ ਮਤਿ ਵਿਚ ਲਪਟਾਇਮਾਨ ਹੋਇਆ ਪਿਆ ਹਾਂ, (ਤਾਂ ਤੇ) ਹੇ ਭਗਵਾਨ ! (ਮੈਨੂੰ ਇਸ ਹੰਕਾਰ ਤੇ ਖੋਟੀ ਮਤਿ ਤੋਂ) ਬਚਾ ਲਵੋ ।੩੪।

ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥
ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥੩੫॥

ਪਦ ਅਰਥ : ਬਾਲ—ਬਚਪਨ । ਜੁਆਨੀ—ਜੁਬਾ ਅਵਸਥਾ । ਬਿਰਧਿ—ਬੁਢੇਪਾ । ਫੁਨਿ—ਪੁਨਾ, ਫਿਰ, ਅਤੇ । ਜਾਨਿ—ਜਾਣ । ਬਿਰਥਾ—ਬੇਅਰਥ, ਨਿਸਫਲ । ਮਾਨੁ—ਮੰਨ ।

ਅਰਥ : (ਹੇ ਪ੍ਰਾਣੀ !) ਇਹ ਜਾਣ ਲੈ ਕਿ ਬਚਪਨ, ਜੁਆਨੀ ਅਤੇ ਫਿਰ ਬੁਢੇਪਾ (ਉਮਰ ਦੀਆਂ) ਤਿੰਨ ਅਵਸਥਾਵਾਂ ਹਨ, (ਪਰ) ਨਾਨਕ ਦਾ ਕਥਨ ਹੈ, ਵਾਹਿਗੁਰੂ ਦੇ ਭਜਨ ਤੋਂ ਬਗ਼ੈਰ ਇਹ ਸਾਰੀਆਂ ਅਵਸਥਾਵਾਂ ਨਿਸਫਲ ਹੀ ਸਮਝ ।੩੫।

ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥
ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥੩੬॥

ਪਦ ਅਰਥ : ਕਰਣੋ ਹੁਤੋ—ਜੋ ਕੰਮ ਕਰਨਾ ਸੀ । ਸੁ ਨਾ ਕੀਓ—ਉਹ ਨਾ ਕੀਤਾ । ਪਰਿਓ—ਪਿਆ ਰਿਹਾ, ਪੈ ਗਿਆ । ਲੋਭ ਕੈ ਫੰਧ—ਲੋਭ ਦੀ ਫਾਹੀ ਵਿਚ । ਸਮਿਓ—(ਅਮੋਲਕ ਮਨੁੱਖਾ ਜਨਮ ਦਾ) ਸਮਾਂ । ਰਮਿ ਗਇਓ—ਬੀਤ ਗਿਆ, ਵਿਹਾ ਗਿਆ । ਅੰਧ—ਹੇ ਅੰਧੇ !

ਅਰਥ : (ਹੇ ਮਨ!) ਜੋ ਕੰਮ ਕਰਨਾ (ਕਰਨ ਯੋਗ) ਸੀ ਉਹ ਤੂੰ ਨਾ ਕੀਤਾ, (ਸਾਰੀ ਉਮਰ) ਲੋਭ ਦੀ ਫਾਹੀ ਵਿਚ (ਫਸਿਆ ਰਿਹਾ)। 'ਨਾਨਕ' (ਮੁਹਰ ਛਾਪ ਹੇਠ ਤਾੜਨਾ ਕਰਦੇ ਹਨ ਕਿ ਜਦ ਮਨੁੱਖਾ ਜਨਮ ਦਾ) ਸਮਾਂ (ਵਿਅਰਥ ਹੀ) ਵਿਹਾ ਗਿਆ, ਹੇ ਅੰਨ੍ਹੇ (ਅਗਿਆਨੀ ਮਨ)! ਹੁਣ ਕਿਉਂ ਰੋਨਾ ਹੈਂ ?।੩੬।

ਮਨੁ ਮਾਇਆ ਮਹਿ ਰਮਿ ਰਹਿਓ ਨਿਕਸਤ ਨਾਹਿਨ ਮੀਤ ॥
ਨਾਨਕ ਮੂਰਤਿ ਚਿਤ੍ਰ ਜਿਉ ਛਾਡਤ ਨਾਹਿਨ ਭੀਤਿ ॥੩੭॥

ਪਦ ਅਰਥ : ਰਮਿ ਰਹਿਓ—ਰਚ ਮਿਚ ਰਿਹਾ ਹੈ। ਨਿਕਸਤ ਨਾਹਿਨ—ਨਿਕਲ ਨਹੀਂ ਸਕਦਾ। ਮੀਤ—ਹੇ ਮਿੱਤਰ! ਛਾਡਤ ਨਾਹਿਨ ਭੀਤਿ—ਕੰਧ ਨੂੰ ਛਡਦੀ ਨਹੀਂ।

ਅਰਥ : ਨਾਨਕ (ਮੁਹਰ ਛਾਪ ਹੇਠ ਮਨੁੱਖੀ ਮਨ ਦੀ ਬਿਵਸਥਾ ਦਸਦੇ ਹਨ) ਹੇ ਮਿੱਤਰ! (ਜਿਸ ਤਰ੍ਹਾਂ ਕੰਧ ਉਤੇ) ਚਿਤਰੀ ਹੋਈ ਮੂਰਤੀ ਕੰਧ ਨੂੰ ਨਹੀਂ ਛਡਦੀ (ਭਾਵ, ਉਹ ਕੰਧ ਨਾਲ ਜੁੜੀ ਰਹਿੰਦੀ ਹੈ, ਉਸੇ ਤਰ੍ਹਾਂ) ਮਨ ਮਾਇਆ ਵਿਚ ਰਚ ਮਿਚ ਰਿਹਾ ਹੈ, (ਮਾਇਆ ਦੀ ਪਕੜ ਵਿਚੋਂ) ਨਿਕਲ ਨਹੀਂ ਸਕਦਾ।੩੭।

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥
ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ ॥੩੮॥

ਪਦ ਅਰਥ : ਨਰ—ਮਨੁੱਖ ਦਾ (ਮਨ)। ਚਾਹਤ ਕਛੁ ਅਉਰ—ਕੁਝ ਹੋਰ ਚਾਹੁੰਦਾ ਰਿਹਾ। ਅਉਰੈ ਕੀ ਅਉਰੈ ਭਈ—ਹੋਰ ਦੀ ਹੋਰ ਹੋ ਗਈ। ਚਿਤਵਤ ਰਹਿਓ—ਚਿਤਵਦਾ ਰਿਹਾ। ਠਗਉਰ—ਠਗੀਆਂ ਠੋਰੀਆਂ। ਫਾਸੀ ਗਲਿ ਪਰੀ—ਫਾਹੀ ਗਲ ਵਿਚ ਆ ਪਈ।

ਅਰਥ : ਮਨੁੱਖ ਦਾ ਮਨ (ਲੋਭ ਵਿਚ ਗ੍ਰਸਿਆ ਹੋਇਆ) ਕੁਝ ਹੋਰ (ਭਾਵ, ਮਾਇਆ) ਹੀ ਚਾਹੁੰਦਾ ਰਿਹਾ, ਪਰ (ਭਾਣੇ ਦੇ ਮਾਲਕ ਪ੍ਰਭੂ ਦੀ ਰਜ਼ਾ) ਹੋਰ ਦੀ ਹੋਰ ਹੋ ਗਈ। 'ਨਾਨਕ' ! (ਲੋਭੀ ਮਨੁੱਖ ਦਾ ਮਨ) ਠਗੀਆਂ ਠੋਰੀਆਂ ਚਿਤਵਦਾ ਰਿਹਾ, ਪਰ (ਰਜ਼ਾਈ ਦੇ ਹੁਕਮ ਵਿਚ ਜਮਾਂ ਦੀ) ਫਾਹੀ ਗਲ ਵਿਚ ਆ ਪਈ।੩੮।

ਜਤਨ ਬਹੁਤੁ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥
ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ ॥੩੯॥

ਪਦ ਅਰਥ : ਜਤਨ ਬਹੁਤੁ—ਅਨੇਕ ਉਪਰਾਲੇ । ਸੁਖ ਕੇ—ਸੁਖ ਲਈ । ਦੁਖ ਕੋ—ਦੁਖ ਵਾਸਤੇ । ਹਰਿ ਭਾਵੈ—ਜੋ ਪ੍ਰਭੂ ਨੂੰ ਭਾਉਂਦਾ ਹੈ । ਸੋ ਹੋਇ—ਉਹ ਕੁਝ ਹੁੰਦਾ ਹੈ ।

ਅਰਥ : ਸੁਖ-ਪ੍ਰਾਪਤੀ ਦੇ ਅਨੇਕ ਉਪਰਾਲੇ ਕੀਤੇ, (ਆਪਣੇ ਵਲੋਂ) ਕੋਈ ਵੀ ਕੰਮ ਦੁਖ ਵਾਸਤੇ ਨਾ ਕੀਤਾ । (ਭਾਵ, ਆਪਣੇ ਵਲੋਂ ਉਹ ਕੰਮ ਨਾ ਕੀਤਾ ਜੋ ਦੁਖਦਾਈ ਹੋ ਨਿਬੜੇ) । ਨਾਨਕ ਦਾ ਕਥਨ ਹੈ, ਹੇ ਮਨ ! ਸੁਣ—ਹੁੰਦਾ ਉਹੀ ਕੁਝ ਹੈ ਜੋ ਵਾਹਿਗੁਰੂ ਨੂੰ ਭਾਉਂਦਾ ਹੈ । ੩੯।

ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥
ਕਹੁ ਨਾਨਕ ਮਨ ਸਿਮਰਿ ਤਿਹ ਪੂਰਨ ਹੋਵਹਿ ਕਾਮ ॥੪੦॥

ਪਦ ਅਰਥ : ਫਿਰਤੁ ਹੈ—ਭਟਕਦਾ ਹੈ । ਸਭ ਕੋ ਦਾਤਾ—ਸਭਨਾਂ ਦਾ ਦਾਤਾ । ਮਨ ਸਿਮਰਿ ਤਿਹ—ਹੇ ਮਨ ! ਉਸ ਵਾਹਿਗੁਰੂ ਨੂੰ ਸਿਮਰ । ਪੂਰਨ ਹੋਵਹਿ ਕਾਮ—ਤੇਰੀਆਂ ਸਾਰੀਆਂ ਕਾਮਨਾਂ ਪੂਰੀਆਂ ਹੋ ਜਾਣ ।

ਅਰਥ : ਸਾਰਾ ਜਗਤ ਭਿਖਾਰੀ ਹੈ (ਅਤੇ ਭਿਖਿਆ ਖ਼ਾਤਰ) ਭਟਕਦਾ ਫਿਰਦਾ ਹੈ (ਭਾਵ, ਜੀਵ ਸਾਰੇ ਮੰਗਤੇ ਹਨ), ਪਰ ਸਭਨਾਂ ਦਾ ਦਾਤਾ ਕੇਵਲ ਵਾਹਿਗੁਰੂ ਹੈ । ਨਾਨਕ ਦਾ ਕਥਨ ਹੈ, ਹੇ ਮਨ ! ਉਸ (ਦਾਤਾਂ ਦੇ ਮਾਲਕ) ਵਾਹਿਗੁਰੂ ਨੂੰ ਚੇਤੇ ਕਰ, (ਤਾਂ ਜੁ) ਤੇਰੀਆਂ ਸਾਰੀਆਂ ਕਾਮਨਾਂ ਪੂਰੀਆਂ ਹੋ ਜਾਣ । ੪੦।

ਝੂਠੇ ਮਾਨੁ ਕਹਾ ਕਰਹਿ ਜਗੁ ਸੁਪਨੇ ਜਿਉ ਜਾਨੁ ॥
ਇਨ ਮਹਿ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨੁ ॥੪੧॥

ਪਦ ਅਰਥ : ਝੂਠੇ—ਝੂਠ (ਨਾਸਮਾਨ ਪਸਾਰੇ) ਦਾ । ਮਾਨੁ—ਹੰਕਾਰ । ਕਹਾ ਕਰਹਿ—ਕਿਉਂ ਕਰਦਾ ਹੈਂ ? ਜਿਉ—ਜਿਵੇਂ, ਵਾਂਗ । ਜਾਨੁ—ਜਾਣ । ਇਨ ਮਹਿ—ਇਨ੍ਹਾਂ ਵਿਚੋਂ । ਬਖਾਨੁ—ਵਖਿਆਨ ।

ਅਰਥ : (ਹੇ ਪ੍ਰਾਣੀ !) ਝੂਠ (ਨਾਸਮਾਨ ਪਸਾਰੇ) ਦਾ ਮਾਣ ਕਿਉਂ ਕਰਦਾ ਹੈਂ ? ਇਸ ਜਗਤ ਨੂੰ ਸੁਪਨੇ ਵਾਂਗ (ਚਲਾਇਮਾਨ) ਜਾਣ । ਇਨ੍ਹਾਂ (ਮਾਇਕੀ ਪਦਾਰਥਾਂ) ਵਿਚੋਂ ਕੋਈ ਵੀ ਤੇਰਾ (ਸਦੀਵੀ ਸਾਥੀ) ਨਹੀਂ, ਨਾਨਕ ਦਾ ਇਹ ਕਹਿਆ ਹੋਇਆ ਵਖਿਆਨ ਹੈ । ੪੧।

ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮਹਿ ਮੀਤ ॥
ਜਿਹ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹ ਜਗੁ ਜੀਤਿ ॥੪੨॥

ਪਦ ਅਰਥ : ਗਰਬੁ ਕਰਤੁ ਹੈ—ਹੰਕਾਰ ਕਰਦਾ ਹੈ। ਦੇਹ ਕੋ—ਦੇਹੀ ਦਾ। ਬਿਨਸੈ—ਬਿਨਸ ਜਾਂਦੀ ਹੈ। ਮੀਤ—ਹੇ ਮਿੱਤਰ! ਜਿਹ ਪ੍ਰਾਨੀ—ਜਿਸ ਪ੍ਰਾਣੀ ਨੇ। ਹਰਿ ਜਸੁ—ਹਰੀ ਦਾ ਜੱਸ, ਗੁਣਾਨਵਾਦ। ਤਿਹ—ਉਸ ਨੇ। ਜਗੁ ਜੀਤਿ—ਜਗਤ ਜਿਤ ਲਿਆ।

ਅਰਥ : ਹੇ ਮਿੱਤਰ! ਪ੍ਰਾਣੀ (ਇਸ ਮਿੱਟੀ ਦੀ ਮੜ੍ਹੋਲੀ) ਦੇਹੀ ਦਾ ਮਾਣ ਕਰਦਾ ਹੈ, (ਜੋ) ਛਿਨ ਵਿਚ ਹੀ ਬਿਨਸ ਜਾਂਦੀ ਹੈ। 'ਨਾਨਕ'! ਜਿਸ ਪ੍ਰਾਣੀ ਨੇ ਵਾਹਿਗੁਰੂ ਦਾ ਗੁਣਾਨਵਾਦ ਕੀਤਾ, ਉਸ ਨੇ ਜਾਣੋ ਸੰਸਾਰ ਨੂੰ ਜਿਤ ਲਿਆ।੪੨।

ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥
ਤਿਹ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੪੩॥

ਪਦ ਅਰਥ : ਜਿਹ ਘਟਿ—ਜਿਸ ਦੇ ਹਿਰਦੇ ਵਿਚ। ਰਾਮ ਕੋ—ਰਾਮ ਦਾ। ਮੁਕਤਾ—(ਜਨਮ ਮਰਨ ਤੋਂ) ਮੁਕਤ। ਜਾਨੁ—ਜਾਣ, ਸਮਝ। ਅੰਤਰੁ—ਅੰਤਰਾ, ਫ਼ਰਕ। ਸਾਚੀ ਮਾਨੁ—ਇਹ ਗੱਲ ਯਕੀਨੀ ਜਾਣ।

ਅਰਥ : (ਹੇ ਮਨ!) ਜਿਸ (ਪ੍ਰਾਣੀ) ਦੇ ਹਿਰਦੇ ਵਿਚ ਵਾਹਿਗੁਰੂ ਦਾ ਸਿਮਰਨ (ਵਸਦਾ) ਹੈ ਉਸ ਪ੍ਰਾਣੀ ਨੂੰ (ਜਨਮ ਮਰਨ ਤੋਂ) ਮੁਕਤ ਸਮਝ। 'ਨਾਨਕ' (ਨਾਮ ਦੀ ਮੁਹਰ ਛਾਪ ਹੇਠ ਦਸਦੇ ਹਨ ਕਿ) ਇਹ ਗੱਲ ਯਕੀਨੀ ਸਮਝ ਕਿ ਉਸ (ਵਾਹਿਗੁਰੂ ਦਾ ਸਿਮਰਨ ਕਰਨ ਵਾਲੇ) ਪ੍ਰਾਣੀ ਅਤੇ ਵਾਹਿਗੁਰੂ ਵਿਚ ਕੋਈ ਫ਼ਰਕ ਨਹੀਂ।੪੩।

ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥
ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥੪੪॥

ਪਦ ਅਰਥ : ਏਕ ਭਗਤਿ ਭਗਵਾਨ—ਇਕ ਵਾਹਿਗੁਰੂ ਦੀ ਭਗਤੀ। ਜਿਹ ਪ੍ਰਾਨੀ ਕੈ ਨਾਹਿ ਮਨਿ—ਜਿਸ ਪ੍ਰਾਣੀ ਦੇ ਮਨ ਵਿਚ ਨਹੀਂ। ਸੂਕਰ—ਸੂਰ ਦਾ। ਸੁਆਨ—ਕੁੱਤੇ ਦਾ। ਤਾਹਿ ਤਨੁ—ਉਸ ਪ੍ਰਾਣੀ ਦਾ ਸਰੀਰ।

ਅਰਥ : ਜਿਸ ਪ੍ਰਾਣੀ ਦੇ ਮਨ ਵਿਚ ਇਕ ਵਾਹਿਗੁਰੂ ਦੀ ਭਗਤੀ (ਦਾ ਵਾਸਾ) ਨਹੀਂ ਹੈ, 'ਨਾਨਕ'! ਉਸ ਪ੍ਰਾਣੀ ਦਾ ਸਰੀਰ ਇਸ ਤਰ੍ਹਾਂ ਜਾਣੋ ਜਿਵੇਂ ਕਿ ਸੂਰ ਦਾ ਅਥਵਾ ਕੁੱਤੇ ਦਾ ਸਰੀਰ ਹੈ (ਭਾਵ, ਉਹ ਮਨੁੱਖ ਵਾਸਤਵ ਵਿਚ ਪਸ਼ੂ ਹੈ ਤੇ ਪਸ਼ੂ ਵੀ ਘਟੀਆ ਕਿਸਮ ਦਾ ਗੰਦ ਖਾਣ ਵਾਲਾ)।੪੪।

ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨੁ ਤਜਤ ਨਹੀ ਨਿਤ ॥
ਨਾਨਕ ਇਹ ਬਿਧਿ ਹਰਿ ਭਜਹੁ ਇਕ ਮਨਿ ਹੁਇ ਇਕ ਚਿਤਿ ॥੪੫॥

ਪਦ ਅਰਥ : ਸੁਆਮੀ ਕੋ—ਮਾਲਕ ਦਾ। ਗ੍ਰਿਹੁ—ਘਰ। ਸੁਆਨੁ—ਕੁੱਤਾ। ਤਜਤ ਨਹੀ—ਤਿਆਗਦਾ ਨਹੀਂ, ਛਡਦਾ ਨਹੀਂ। ਇਹ ਬਿਧਿ—ਇਸ ਤਰ੍ਹਾਂ। ਭਜਹੁ—ਸਿਮਰੋ। ਇਕ ਮਨਿ ਹੁਇ—ਇਕ ਮਨ ਹੋ ਕੇ।

ਅਰਥ : ਜਿਵੇਂ ਕੁੱਤਾ ਆਪਣੇ ਮਾਲਕ ਦਾ ਘਰ ਛਡਦਾ ਨਹੀਂ, ਸਦਾ ਮੱਲੀ ਰਖਦਾ ਹੈ ਅਤੇ ਨਿਤ ਪਹਿਰਾ ਦਿੰਦਾ ਹੈ, 'ਨਾਨਕ'! ਇਸੇ ਤਰ੍ਹਾਂ (ਮਾਲਕ ਤੇ ਭਰੋਸਾ ਰਖ ਕੇ) ਇਕ-ਮਨ ਇਕ-ਚਿਤ ਹੋ ਕੇ ਵਾਹਿਗੁਰੂ ਦਾ ਸਿਮਰਨ ਕਰੋ (ਅਤੇ ਕਦੇ ਵੀ ਉਸ ਦਾ ਦਰ ਨਾ ਛਡੋ)।੪੫।

ਤੀਰਥ ਬਰਤ ਅਰੁ ਦਾਨ ਕਰਿ ਮਨ ਮਹਿ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥

ਪਦ ਅਰਥ : ਤੀਰਥ—ਤੀਰਥਾਂ ਦੇ ਇਸ਼ਨਾਨ। ਕਰਿ—ਕਰ ਕੇ। ਮਨ ਮਹਿ ਧਰੈ ਗੁਮਾਨੁ—ਮਨ ਵਿਚ ਹੰਕਾਰ ਕਰਦਾ ਹੈ। ਨਿਹਫਲ—ਅਜਾਈਂ, ਵਿਅਰਥ। ਤਿਹ—ਉਸ ਦੇ। ਕੁੰਚਰ ਇਸਨਾਨੁ—ਹਾਥੀ ਦਾ ਇਸ਼ਨਾਨ।

ਅਰਥ : ਤੀਰਥਾਂ ਦੇ ਇਸ਼ਨਾਨ ਕਰ ਕੇ, ਵਰਤ ਰਖ ਕੇ ਅਤੇ ਦਾਨ ਕਰ ਕੇ (ਜੇ ਕੋਈ) ਮਨ ਵਿਚ (ਇਨ੍ਹਾਂ ਕੀਤੇ ਪੁੰਨ-ਕਰਮਾਂ ਦਾ) ਹੰਕਾਰ ਕਰਦਾ ਹੈ ਤਾਂ 'ਨਾਨਕ'! ਉਸ ਦੇ ਕਰਮ (ਤੀਰਥ, ਬਰਤ, ਦਾਨ ਆਦਿ ਇਉਂ ਹੀ) ਨਿਸਫਲ ਜਾਂਦੇ ਹਨ ਜਿਵੇਂ ਹਾਥੀ ਦਾ ਇਸ਼ਨਾਨ (ਨਿਸਫਲ ਜਾਂਦਾ ਹੈ, ਕਿਉਂਕਿ ਹਾਥੀ ਹਰ ਵਾਰੀ ਨ੍ਹਾ ਕੇ ਆਪਣੇ ਉਤੇ ਖੇਹ ਉਡਾ ਕੇ ਪਾ ਲੈਂਦਾ ਹੈ)।੪੬।

ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ ॥
ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ ॥੪੭॥

ਪਦ ਅਰਥ : ਸਿਰੁ ਕੰਪਿਓ—ਸਿਰ ਕੰਬਣ ਲਗ ਪਿਆ ਹੈ। ਪਗ ਡਗਮਗੇ—ਪੈਰ ਥਿੜਕਣ ਲਗ ਪਏ ਹਨ। ਨੈਨ—ਅੱਖਾਂ। ਜੋਤਿ ਤੇ—ਜੋਤਨਾ ਤੋਂ। ਇਹ ਬਿਧਿ—ਇਹ ਹਾਲਤ। ਤਊ—ਤਾਂ ਵੀ। ਨ ਹਰਿ ਰਸਿ ਲੀਨ—ਹਰਿ-ਰਸ ਵਿਚ ਲੀਨ ਨਹੀਂ ਹੁੰਦਾ।

ਅਰਥ : (ਬੁਢੇਪਾ ਆਉਣ ਤੇ ਪ੍ਰਾਣੀ ਦਾ) ਸਿਰ ਕੰਬਣ ਲਗ ਪਿਆ ਹੈ, ਪੈਰ ਥਿੜਕਣ ਲਗ ਪਏ ਹਨ ਅਤੇ ਅੱਖਾਂ ਜੋਤਨਾ ਤੋਂ ਹੀਣੀਆਂ ਹੋ ਗਈਆਂ ਹਨ; ਨਾਨਕ ਦਾ ਕਥਨ ਹੈ, ਅਜਿਹੀ (ਤਰਸਯੋਗ) ਹਾਲਤ ਹੋ ਗਈ ਹੈ ਤਾਂ ਵੀ (ਪ੍ਰਾਣੀ ਮਾਇਆ ਦੇ ਹੋਛੇ ਰਸਾਂ ਵਿਚ ਗਲਤਾਨ ਹੋਇਆ ਪਿਆ ਹੈ ਅਤੇ) ਹਰੀ-ਨਾਮ-ਰਸ ਵਿਚ ਲੀਨ ਨਹੀਂ ਹੁੰਦਾ।੪੭।

ਨਿਜ ਕਰਿ ਦੇਖਿਓ ਜਗਤ ਮਹਿ ਕੋ ਕਾਹੂ ਕੋ ਨਾਹਿ ॥
ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖਹੁ ਮਨ ਮਾਹਿ ॥੪੮॥

ਪਦ ਅਰਥ : ਨਿਜ ਕਰਿ—ਆਪਣੇ ਤੌਰ ਤੇ। ਕੋ ਕਾਹੂ ਕੋ ਨਾਹਿ—ਕੋਈ ਕਿਸੇ ਦਾ ਨਹੀਂ ਹੈ [ਨੋਟ—ਪਹਿਲਾ 'ਕੋ' ਪੜਨਾਂਵ ਹੈ (ਕੋਈ), ਅਤੇ ਦੂਜਾ 'ਕੋ' ਸੰਬੰਧਕੀ ਪਦ (ਦਾ)]। ਥਿਰੁ—ਅਬਿਨਾਸੀ, ਅਸਥਿਰ, ਸਦਾ ਕਾਇਮ ਰਹਿਣ ਵਾਲੀ। ਹਰਿ ਭਗਤਿ—ਪ੍ਰਭੂ ਦੀ ਭਗਤੀ। ਤਿਹ ਰਾਖਹੁ—ਉਸ ਨੂੰ ਰਖੋ।

ਅਰਥ : ਮੈਂ ਨਿਜੀ ਤੌਰ ਤੇ (ਖ਼ੁਦ ਪਰਖ ਕੇ) ਵੇਖ ਲਿਆ ਹੈ ਕਿ ਜਗਤ ਵਿਚ ਕੋਈ ਕਿਸੇ ਦਾ (ਮਿੱਤਰ) ਨਹੀਂ ਹੈ। 'ਨਾਨਕ'! ਸਦਾ ਅਸਥਿਰ ਰਹਿਣ ਵਾਲੀ ਕੇਵਲ ਵਾਹਿਗੁਰੂ ਦੀ ਭਗਤੀ ਹੀ ਹੈ, ਉਸ ਨੂੰ ਸਦਾ ਮਨ ਵਿਚ ਟਿਕਾਅ ਰਖੋ।੪੮।

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥੪੯॥

ਪਦ ਅਰਥ : ਜਗ ਰਚਨਾ ਸਭ—ਜਗਤ ਦੀ ਸਾਰੀ ਖੇਡ। ਝੂਠ—ਬਿਨਸਨਹਾਰ। ਕਹਿ—ਕਹਿਣਾ, ਕਥਨ। ਬਾਲੂ ਕੀ ਭੀਤਿ—ਰੇਤ ਦੀ ਕੰਧ।

ਅਰਥ : ਹੇ ਮਿੱਤਰ! (ਇਹ ਗੱਲ ਪੱਕੀ ਤਰ੍ਹਾਂ) ਜਾਣ ਲੈ ਕਿ ਜਗਤ ਦੀ ਸਾਰੀ ਖੇਡ ਬਿਨਸਨਹਾਰ ਹੈ। ਨਾਨਕ ਦਾ ਕਥਨ ਹੈ, (ਇਹ ਰਚਨਾ) ਸਦਾ ਕਾਇਮ ਨਹੀਂ ਰਹਿੰਦੀ (ਸਗੋਂ ਇਸ ਤਰ੍ਹਾਂ ਢਹਿ-ਢੇਰੀ ਹੋ ਜਾਂਦੀ ਹੈ) ਜਿਵੇਂ ਰੇਤ ਦੀ

ਕੰਧ ।੪੯।

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥੫੦॥

ਪਦ ਅਰਥ : ਗਇਓ—ਚਲਾ ਗਿਆ। ਜਾ ਕਉ—ਜਿਸ ਦਾ। ਸੁਪਨੇ ਜਿਉ— ਸੁਪਨੇ ਵਾਂਗ।

[*ਨੋਟ*—ਰਾਮ ਤੇ ਰਾਵਣ ਲਈ ਵੇਖੋ ਅੰਤਕਾ]

ਅਰਥ : (ਤੇਤਾ ਜੁਗ ਦਾ ਅਵਤਾਰ ਸ੍ਰੀ) ਰਾਮ (ਇਸ ਸੰਸਾਰ ਤੋਂ) ਚਲਾ ਗਿਆ ਅਤੇ (ਸੋਨੇ ਦੀ ਲੰਕਾ ਦਾ ਮਾਲਕ) ਰਾਵਣ ਵੀ, ਜਿਸ ਦਾ ਬਹੁਤ ਵੱਡਾ ਪਰਵਾਰ ਸੀ, ਚਲ ਵਸਿਆ। ਨਾਨਕ ਦਾ ਕਥਨ ਹੈ, (ਇਸ ਸੰਸਾਰ ਵਿਚ) ਕੁਝ ਵੀ ਸਦਾ ਲਈ ਸਥਿਰ ਨਹੀਂ ਹੈ, (ਇਹ) ਸੰਸਾਰ ਸੁਪਨੇ ਵਾਂਗ (ਚਲਾਇਮਾਨ) ਹੈ।੫੦।

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥

ਪਦ ਅਰਥ : ਤਾ ਕੀ ਕੀਜੀਐ—ਉਸ ਦੀ ਕਰੀਏ। ਅਨਹੋਨੀ—ਨਾ ਹੋਣ ਯੋਗ। ਮਾਰਗੁ ਸੰਸਾਰ ਕੋ—ਸੰਸਾਰ ਦਾ ਮਾਰਗ, ਰਾਹ, ਮਰਯਾਦਾ।

ਅਰਥ : ਚਿੰਤਾ ਉਸ (ਘਟਨਾ) ਦੀ ਕਰੀਏ ਜਿਹੜੀ (ਬਾਕੀਆਂ ਨਾਲੋਂ ਵਖਰੀ ਤੇ) ਅਨਹੋਣੀ ਹੋਵੇ। 'ਨਾਨਕ'! ਸੰਸਾਰ ਦਾ ਰਾਹ ਹੀ ਇਹ ਹੈ (ਕਿ ਹਰ ਕੋਈ ਚਲਣਹਾਰ ਹੈ, ਇਥੇ) ਕੋਈ ਜੀਵ ਸਦਾ ਲਈ ਅਸਥਿਰ ਨਹੀਂ ਹੈ।੫੧।

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥੫੨॥

ਪਦ ਅਰਥ : ਉਪਜਿਓ—ਉਪਜਿਆ ਹੈ, ਜੰਮਿਆ ਹੈ। ਬਿਨਸਿ ਹੈ—ਬਿਨਸ ਜਾਏਗਾ। ਪਰੋ—ਪੜਉ, ਡਿਗ ਪਏਗਾ, ਢਹਿ-ਢੇਰੀ ਹੋ ਜਾਏਗਾ। ਆਜੁ ਕੈ ਕਾਲਿ—ਅੱਜ ਜਾਂ ਕਲ੍ਹ। ਛਾਡਿ—ਛਡ ਕੇ। ਜੰਜਾਲ—ਮਾਇਆ ਦੇ ਝੰਜਟ।

ਅਰਥ : (ਇਸ ਸੰਸਾਰ ਵਿਚ) ਜੋ ਵੀ ਪੈਦਾ ਹੋਇਆ ਹੈ ਉਹ ਅਵੱਸ਼ ਹੀ

ਅੱਜ ਜਾਂ ਕਲ੍ਹ ਢਹਿ-ਢੇਰੀ ਹੋ ਜਾਏਗਾ। 'ਨਾਨਕ' (ਨਾਂ ਦੀ ਮੁਹਰ-ਛਾਪ ਹੇਠ ਉਪਦੇਸ਼ ਕਰਦੇ ਹਨ ਕਿ ਹੇ ਮਨ!) ਸੰਸਾਰ ਦੇ ਸਾਰੇ ਝੰਜਟ ਛਡ ਕੇ ਵਾਹਿਗੁਰੂ ਦੇ ਗੁਣ ਗਾ ਲੈ।੫੨।

ਦੋਹਰਾ

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥੫੩॥

ਪਦ ਅਰਥ : ਬਲੁ—ਬਲ, ਜ਼ੋਰ। ਬੰਧਨ—ਮਾਇਆਵੀ ਬੰਧਨ। ਪਰੇ—ਪੈ ਗਏ। ਉਪਾਇ—ਉਪਰਾਲੇ। ਅਬ—ਹੁਣ। ਓਟ—ਟੇਕ। ਹਰਿ—ਹੇ ਹਰੀ! ਗਜ—ਹਾਥੀ (ਪੁਰਾਣਿਕ ਕਥਾ ਅਨੁਸਾਰ ਗਜ ਪ੍ਰਭੂ-ਅਰਾਧਨਾ ਕਰ ਕੇ ਤੰਦੂਏ ਦੇ ਜਾਲ ਤੋਂ ਛੁਟ ਗਿਆ ਸੀ, ਵੇਖੋ ਅੰਤਿਕਾ)। ਸਹਾਇ—ਸਹਾਈ।

ਅਰਥ : ਬਲ ਖ਼ਤਮ ਹੋ ਗਿਆ ਹੈ, (ਮੋਹ-ਮਾਇਆ ਦੇ) ਬੰਧਨ ਆ ਗਲ ਪਏ ਹਨ; (ਇਨ੍ਹਾਂ ਤੋਂ ਛੁਟਕਾਰੇ ਦੇ ਆਪਣੇ ਕੋਲੋਂ) ਉਪਰਾਲੇ ਕੀਤਿਆਂ ਕੁਝ ਨਹੀਂ ਹੋ ਸਕਦਾ। ਨਾਨਕ ਦੀ ਬੇਨਤੀ ਹੈ, ਹੇ ਹਰੀ! ਹੁਣ ਤੇਰਾ ਹੀ ਆਸਰਾ ਹੈ; (ਮਿਥਿਹਾਸਕ) ਗਜ ਵਾਂਗੂੰ (ਜਿਸ ਦੀ ਤੰਦੂਏ ਤੋਂ ਆਪ ਨੇ ਰਖਿਆ ਕੀਤੀ ਸੀ) (ਮੈਨੂੰ ਵੀ) ਸਹਾਈ ਹੋਵੋ ਜੀ।੫੩।

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥
ਨਾਨਕ ਸਭੁ ਕਿਛੁ ਤੁਮਰੇ ਹਾਥ ਮਹਿ ਤੁਮ ਹੀ ਹੋਤ ਸਹਾਇ ॥੫੪॥

ਪਦ ਅਰਥ : ਬੰਧਨ ਛੁਟੇ—(ਮੋਹ-ਮਾਇਆ ਦੇ) ਬੰਧਨ ਛੁਟ ਗਏ। ਸਭੁ ਕਿਛੁ—ਸਾਰਾ ਕੁਝ। ਹੋਤ—ਹੋ ਆਉਂਦਾ ਹੈ। ਉਪਾਇ—ਉਪਰਾਲੇ।

ਅਰਥ : 'ਨਾਨਕ'! (ਪਦ ਦੀ ਮੁਹਰ ਲਾ ਕੇ ਗੁਰੂ ਪਾਤਸ਼ਾਹ ਸ਼ੁਕਰਾਨੇ ਵਜੋਂ ਬੇਨਤੀ ਕਰਦੇ ਹਨ, ਹੇ ਹਰੀ!) ਸਭ ਕੁਝ ਆਪ ਦੇ ਹੱਥ-ਵਸ ਹੈ ਤੇ ਤੁਸੀਂ ਹੀ ਜੀਵਾਂ ਨੂੰ ਸਹਾਈ ਹੁੰਦੇ ਹੋ, (ਤੁਹਾਡੀ ਸਹਾਇਤਾ ਸਦਕਾ) ਬਲ ਪ੍ਰਾਪਤ ਹੋ ਗਿਆ ਹੈ, (ਮੋਹ-ਮਾਇਆ ਦੇ ਸਾਰੇ) ਬੰਧਨ ਦੂਰ ਹੋ ਗਏ ਹਨ, ਸਾਰੇ ਉਪਰਾਲੇ ਸੁਤੇ ਹੀ ਹੋ ਗਏ ਹਨ, ਅਤੇ ਹੁਣ ਸਭ ਕੁਝ ਹੋ ਸਕਦਾ ਹੈ।੫੪।

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥
ਕਹੁ ਨਾਨਕ ਇਹ ਬਿਪਤਿ ਮਹਿ ਟੇਕ ਏਕ ਰਘੁਨਾਥ ॥੫੫॥

ਪਦ ਅਰਥ : ਸੰਗ ਸਖਾ—ਸੰਗੀ ਸਾਥੀ । ਸਭਿ ਤਜਿ ਗਏ—ਸਾਰੇ ਛਡ ਗਏ ਹਨ । ਨ ਨਿਬਹਿਓ—ਨਹੀਂ ਨਿਭਿਆ । ਸਾਥਿ—ਨਾਲ । ਇਹ ਬਿਪਤਿ ਮਹਿ—ਇਸ ਔਖੀ ਘੜੀ ਸਮੇਂ । ਟੇਕ—ਓਟ । ਰਘੁਨਾਥ—ਵਾਹਿਗੁਰੂ ਦੀ ।

ਅਰਥ : ਸੰਗੀ ਸਾਥੀ ਸਾਰੇ (ਸਾਥ) ਛਡ ਗਏ ਹਨ, ਕੋਈ ਵੀ ਨਾਲ ਨਹੀਂ ਨਿਭਿਆ । ਨਾਨਕ ਦਾ ਇਹ ਕਥਨ ਹੈ, ਅਜਿਹੀ ਬਿਪਤਾ ਦੇ ਸਮੇਂ ਇਕ ਵਾਹਿਗੁਰੂ ਦੀ ਹੀ ਟੇਕ ਹੈ ।੫੫।

[***ਨੋਟ***—ਸਲੋਕ ਨੰ: ੫੩, ੫੪, ੫੫ ਮਨੁੱਖੀ ਮਨ ਦੀ ਬਦਲਵੀਂ ਦਸ਼ਾ ਦਾ ਹੀ ਵਰਨਣ ਹੈ । ਕਿਸੇ ਵਿਸ਼ੇਸ਼ ਵਿਅਕਤੀ ਜਾਂ ਸਾਖੀ ਨਾਲ ਇਹਨਾਂ ਦਾ ਸੰਬੰਧ ਨਹੀਂ ਹੈ—ਦੇਖੋ ਅੰਤਿਕਾ ।]

ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥
ਕਹੁ ਨਾਨਕ ਇਹ ਜਗਤ ਮਹਿ ਕਿਨ ਜਪਿਓ ਗੁਰ ਮੰਤੁ ॥੫੬॥

ਪਦ ਅਰਥ : ਰਹਿਓ—ਬਾਕੀ ਰਿਹਾ । ਸਾਧੂ—ਸਾਧਨਾ ਕਰਨ ਵਾਲਾ । ਗੁਰੁ ਗੋਬਿੰਦੁ—ਅਕਾਲ ਪੁਰਖ ਦਾ ਸਰੂਪ ਸਤਿਗੁਰੂ । ਕਿਨ—(ਜਿਸ ਜਿਸ) ਕਿਸੇ ਨੇ । ਗੁਰ ਮੰਤੁ—ਗੁਰੂ ਦਾ ਮੰਤਰ ।

ਅਰਥ : ਨਾਨਕ ਦਾ ਕਥਨ ਹੈ, ਇਸ (ਨਾਸਵੰਤ) ਸੰਸਾਰ ਵਿਚ ਜਾਂ ਨਾਮ ਰਿਹਾ, ਜਾਂ ਗੋਬਿੰਦ ਰੂਪ ਗੁਰੂ ਰਿਹਾ, ਜਾਂ ਉਹ ਸਾਧੂ ਰਿਹਾ (ਜਿਸ ਜਿਸ) ਕਿਸੇ ਨੇ ਗੁਰੂ ਦਾ ਮੰਤਰ ਜਪਿਆ ।੫੬।

ਰਾਮ ਨਾਮੁ ਉਰ ਮਹਿ ਗਹਿਓ ਜਾ ਕੈ ਸਮ ਨਹੀ ਕੋਇ ॥
ਜਿਹ ਸਿਮਰਤ ਸੰਕਟ ਮਿਟਹਿ ਦਰਸੁ ਤੁਹਾਰੋ ਹੋਇ ॥੫੭॥੧॥

ਪਦ ਅਰਥ : ਉਰ ਮਹਿ—ਹਿਰਦੇ ਵਿਚ । ਗਹਿਓ—ਪਕੜਿਆ, (ਹਿਰਦੇ ਵਿਚ) ਵਸਾਇਆ । ਜਾ ਕੈ ਸਮ—ਜਿਸ ਦੇ ਸਮਾਨ । ਜਿਹ ਸਿਮਰਤ—ਜਿਸ ਨੂੰ ਸਿਮਰਦਿਆਂ । ਸੰਕਟ ਮਿਟਹਿ—ਕਲਿ ਕਲੇਸ਼ ਮਿਟ ਜਾਂਦੇ ਹਨ । ਦਰਸੁ ਤੁਹਾਰੋ ਹੋਇ—ਤੁਹਾਡਾ ਦਰਸ਼ਨ ਪ੍ਰਾਪਤ ਹੋ ਜਾਂਦਾ ਹੈ ।

ਅਰਥ : ਵਾਹਿਗੁਰੂ ਦਾ ਨਾਮ, ਜਿਸ ਵਰਗਾ ਹੋਰ ਕੋਈ (ਉਤਮ ਪਦਾਰਥ) ਨਹੀਂ ਹੈ, ਹਿਰਦੇ ਵਿਚ ਦ੍ਰਿੜ੍ਹ ਕਰ ਲਿਆ ਹੈ । (ਨਾਮ ਉਹ ਅਮੋਲਕ ਪਦਾਰਥ ਹੈ) ਜਿਸ ਦੇ ਸਿਮਰਦਿਆਂ ਸਾਰੇ ਕਲ-ਕਲੇਸ਼ ਨਾਸ ਹੋ ਜਾਂਦੇ ਹਨ ਅਤੇ (ਹੇ ਪ੍ਰਭੂ !) ਆਪ ਦਾ ਦਰਸ਼ਨ (ਪ੍ਰਾਪਤ) ਹੋ ਜਾਂਦਾ ਹੈ ।੫੭।੧।

ਅੰਤਿਕਾ—ੳ

ਪੌਰਾਣਿਕ ਹਵਾਲੇ

ਇਤਿਹਾਸ ਦੀ ਹੁਣ ਤਕ ਕੀਤੀ ਖੋਜ ਤੋਂ ਪਤਾ ਚਲਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬੰਗਲਾ ਦੇਸ਼ ਤਕ ਭਾਰਤ ਵਿਚ ਵਿਚਰਦਿਆਂ ਪ੍ਰਾਣੀ ਮਾਤਰ ਨੂੰ ਗੁਰਮਤਿ ਦਾ ਉਪਦੇਸ਼ ਦਿਤਾ। ਆਪ ਜੀ ਦੀ ਬਾਣੀ ਵਿਚੋਂ ਕਈ ਪੌਰਾਣਿਕ ਵਿਅਕਤੀਆਂ ਦੇ ਹਵਾਲੇ ਮਿਲਦੇ ਹਨ। ਉਨ੍ਹਾਂ ਪੌਰਾਣਿਕ ਸਾਖੀਆਂ ਬਾਰੇ ਸੰਖੇਪ ਵਰਣਨ ਇਉਂ ਹੈ:

ਧ੍ਰੂਅ :

ਭਾਗਵਤ ਅਤੇ ਵਿਸ਼ਨੂੰ ਪੁਰਾਣ ਵਿਚ ਕਥਾ ਆਉਂਦੀ ਹੈ ਕਿ ਰਾਜਾ ਉਤਾਨਪਾਦ ਦੀਆਂ ਦੋ ਰਾਣੀਆਂ ਸੁਨੀਤਿ ਤੇ ਸੁਰੁਚਿ ਸਨ। ਰਾਜੇ ਨੂੰ ਸੁਰੁਚਿ ਬਹੁਤ ਪਿਆਰੀ ਸੀ। ਧ੍ਰੂਅ ਨੇ ਸੁਨੀਤਿ ਦੇ ਉਦਰ ਤੋਂ ਜਨਮ ਲਿਆ ਸੀ। ਇਕੇਰਾਂ ਧ੍ਰੂਅ ਖੇਡਦਾ ਹੋਇਆ ਪਿਤਾ ਦੀ ਗੋਦੀ ਵਿਚ ਬੈਠਣ ਲੱਗਾ, ਤਾਂ ਮਤ੍ਰੇਈ ਮਾਂ ਨੇ ਬਾਲਕ ਧ੍ਰੂਅ ਨੂੰ ਝਿੜਕ ਕੇ ਉਠਾ ਦਿਤਾ। ਬੱਚਾ ਰੋਂਦਾ ਰੋਂਦਾ ਆਪਣੀ ਮਾਂ ਪਾਸ ਗਿਆ ਅਤੇ ਇਸ ਨਿਰਾਦਰੀ ਦਾ ਕਾਰਨ ਪੁਛਿਆ ਤਾਂ ਮਾਂ ਰਾਣੀ ਨੇ ਕਿਹਾ, "ਪੁੱਤਰ, ਅਸਾਂ ਪਿਛਲੇ ਜਨਮ ਵਿਚ ਪ੍ਰਭੂ-ਭਗਤੀ ਤੇ ਪੁੰਨ-ਕਰਮ ਨਹੀਂ ਕੀਤੇ, ਜਿਸ ਕਰਕੇ ਅਸੀਂ ਅਭਾਗੇ ਹਾਂ। ਪ੍ਰਭੂ ਦੀ ਭਗਤੀ ਨਾਲ ਹੀ ਸਾਡੇ ਇਹ ਮਾੜੇ ਕਰਮ ਬਦਲ ਸਕਦੇ ਹਨ।" ਮਾਤਾ ਦੇ ਇਹ ਸਹਿਜ-ਸੁਭਾਏ ਕਹੇ ਬਚਨ ਬਾਲਕ-ਹਿਰਦੇ ਤੇ ਡੂੰਘਾ ਘਾਵ ਕਰ ਗਏ ਅਤੇ ਉਹ ਘਰ ਛਡ ਕੇ ਘਣੇ ਜੰਗਲਾਂ ਵਿਚ ਪ੍ਰਭੂ-ਭਗਤੀ ਕਰਨ ਲਈ ਚਲਾ ਗਿਆ। ਜੰਗਲ ਵਿਚ ਬੈਠੇ ਬਾਲਕ ਦੀ ਅਨਿੰਨ ਲਗਨ ਵੇਖ ਕੇ ਨਾਰਦ ਮੁਨੀ ਨੇ ਆ ਕੇ ਉਸ ਨੂੰ ਉਪਦੇਸ਼ ਦਿਤਾ। ਧ੍ਰੂਅ ਨੇ ਪ੍ਰੇਮਾ-ਭਗਤੀ ਦੀ ਐਸੀ ਕਮਾਈ ਕੀਤੀ ਕਿ ਉਸ ਨੂੰ ਇਥੇ ਮਾਤ ਲੋਕ ਵਿਖੇ ਵੀ ਰਾਜ ਪ੍ਰਾਪਤ ਹੋਇਆ ਅਤੇ ਪ੍ਰਲੋਕ ਵਿਖੇ ਵੀ ਅਟੱਲ ਪਦਵੀ ਪ੍ਰਾਪਤ ਹੋਈ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਇਸ ਸਾਖੀ ਦਾ ਵਰਣਨ ਇਸ ਪ੍ਰਕਾਰ ਹੈ:

> **ਧ੍ਰੂਅ ਹਸਦਾ ਘਰਿ ਆਇਆ ਕਰਿ ਪਿਆਰੁ ਪਿਉ ਕੁਛੜਿ ਲੀਤਾ।**
> **ਬਾਹਹੁ ਪਕੜਿ ਉਠਾਲਿਆ ਮਨ ਵਿਚਿ ਰੋਸੁ ਮਤੇਈ ਕੀਤਾ।**

ਡੂਡਹੁਲਿਕਾ ਮਾਂ ਪੁਛੈ ਤੂੰ ਸਵਾਣੀ ਹੈ ਕਿ ਸਰੀਤਾ।
ਕਿਸੁ ਉਦਮ ਤੇ ਰਾਜੁ ਮਿਲੈ ਸਤ੍ਰ ਤੇ ਸਭਿ ਹੋਵਨਿ ਮੀਤਾ।
ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।
ਬਾਹਰਿ ਚਲਿਆ ਕਰਣਿ ਤਪੁ ਮਨ ਬੈਰਾਗੀ ਹੋਇ ਅਤੀਤਾ।
ਨਾਰਦ ਮੁਨਿ ਉਪਦੇਸਿਆ ਨਾਮ ਨਿਧਾਨੁ ਅਮਿਓ ਰਸੁ ਪੀਤਾ।
ਪਿਛਹੁ ਰਾਜੇ ਸਦਿਆ ਅਬਿਚਲ ਰਾਜ ਕਰਹੁ ਨਿਤ ਨੀਤਾ।
ਹਾਰਿ ਚਲੇ, ਗੁਰਮੁਖਿ ਜਗ ਜੀਤਾ ।੧। *(ਵਾਰ ੧੦)*

ਨਾਰਦ :

ਇਸ ਰਿਸ਼ੀ ਬਾਰੇ ਕਈ ਕਥਾਵਾਂ ਪ੍ਰਚਲਤ ਹਨ । ਮਹਾਂ ਭਾਰਤ ਅਤੇ ਪੁਰਾਣਾਂ ਦੀ ਕਥਾ ਅਨੁਸਾਰ ਇਕ ਮਹਾਨ ਰਿਸ਼ੀ ਹੋਇਆ ਹੈ, ਜੋ ਬ੍ਰਹਮਾ ਦਾ ਪੁੱਤਰ ਦਸਿਆ ਜਾਂਦਾ ਹੈ । ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਜ਼ਿਕਰ ਆਉਂਦਾ ਹੈ ਕਿ ਇਸ ਰਿਸ਼ੀ ਨਾਰਦ ਨੇ ਬਾਲਕ ਧ੍ਰੂਅ ਨੂੰ ਸਤਿ-ਮਾਰਗ ਦਾ ਉਪਦੇਸ਼ ਦਿਤਾ ਸੀ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਦਰਜ ਭੱਟਾਂ ਦੇ ਸਵਈਆਂ ਵਿਚ ਜਿਥੇ ਧ੍ਰੂਅ, ਪ੍ਰਹਿਲਾਦ, ਸੁਦਾਮਾ, ਅੰਬਰੀਕ, ਜੈਦੇਵ, ਤ੍ਰਿਲੋਚਨ, ਨਾਮਦੇਵ ਤੇ ਕਬੀਰ ਜੀ ਆਦਿ ਭਗਤਾਂ ਦਾ ਜ਼ਿਕਰ ਹੈ ਉਥੇ ਨਾਲ ਹੀ ਰਿਸ਼ੀ ਨਾਰਦ ਜੀ ਦਾ ਵੀ ਇਉਂ ਵਰਣਨ ਹੈ :

ਨਾਰਦੁ ਧ੍ਰੂ ਪ੍ਰਹਲਾਦੁ ਸੁਦਾਮਾ ਪੁਬ ਭਗਤ ਹਰਿ ਕੇ ਜੁ ਗਣੰ ॥
ਅੰਬਰੀਕੁ ਜਯਦੇਵ ਤ੍ਰਿਲੋਚਨੁ ਨਾਮਾ ਅਵਰੁ ਕਬੀਰੁ ਭਣੰ ॥
[ਸਵਈਏ ਮਹਲੇ ੪, ਪੰਨਾ ੧੪੦੫

ਪੰਚਾਲੀ :

ਪੰਚਾਲ ਦੇਸ਼ ਦੇ ਰਾਜੇ ਦ੍ਰਪਦ ਦੀ ਪੁੱਤਰੀ, ਅਰਜਨ ਯੁਧਿਸ਼ਟਰ ਆਦਿ ਪੰਜਾਂ ਪਾਂਡਵਾਂ ਦੀ ਪਤਨੀ ਦ੍ਰੋਪਤੀ । ਇਸ ਨੂੰ ਰਾਜਾ ਯੁਧਿਸ਼ਟਰ ਨੇ ਦੁਰਯੋਧਨ ਨਾਲ ਬਾਜ਼ੀ ਖੇਡਦਿਆਂ ਜੂਏ ਵਿਚ ਹਾਰ ਦਿਤਾ । ਦੁਰਯੋਧਨ ਨੇ ਆਪਣੇ ਛੋਟੇ ਭਾਈ ਦੁਸ਼ਾਸਨ ਨੂੰ ਦ੍ਰੋਪਤੀ ਦੇ ਰਣਵਾਸ ਵਿਚ ਭੇਜਿਆ । ਉਹ ਦ੍ਰੋਪਤੀ ਨੂੰ ਕੇਸਾਂ ਤੋਂ ਫੜ ਕੇ ਰਾਜ-ਸਭਾ ਵਿਚ ਲਿਆਇਆ ਅਤੇ ਦੁਰਯੋਧਨ ਨੇ ਆਪਣੇ ਦੂਤਾਂ ਨੂੰ ਹੁਕਮ ਦਿਤਾ ਕਿ ਇਸ ਦੇ ਕਪੜੇ ਉਤਾਰ ਕੇ ਸਭਾ ਵਿਚ ਨਗਨ ਕਰੋ ।

ਇਸ ਬਿਪਤਾ ਸਮੇਂ ਦ੍ਰੋਪਤੀ ਨੇ ਆਪਣੇ ਇਸ਼ਟ ਦੀ ਅਰਾਧਨਾ ਕੀਤੀ ।

ਉਸ ਦੀ ਸੱਚੇ ਹਿਰਦਿਓਂ ਨਿਕਲੀ ਪੁਕਾਰ ਪ੍ਰਭੂ-ਦਰ ਤੇ ਸੁਣੀ ਗਈ। ਪ੍ਰਭੂ ਨੇ ਆਪਣੇ ਸੇਵਕ ਦੀ ਪੈਜ ਰਖ ਲਈ। ਦੂਤ ਟਿਲ ਲਾ ਥੱਕੇ ਪਰ ਉਹ ਦ੍ਰੋਪਤੀ ਨੂੰ ਨਗਨ ਨਾ ਕਰ ਸਕੇ।

ਭਾਈ ਗੁਰਦਾਸ ਜੀ ਇਸ ਵਾਰਤਾ ਦਾ ਇਉਂ ਬਿਆਨ ਕਰਦੇ ਹਨ:

ਅੰਦਰਿ ਸਭਾ ਦੁਸਾਸਣੈ ਮਥੇਵਾਲ ਦ੍ਰੋਪਤੀ ਆਂਦੀ।
ਦੂਤਾਂ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।
ਪੰਜੇ ਪਾਂਡਵ ਵੇਖਦੇ ਅਉਘਟਿ ਰੁਧੀ ਨਾਰਿ ਜਿਨਾ ਦੀ।
ਅਖੀ ਮੀਟਿ ਧਿਆਨੁ ਧਰਿ ਹਾ ਹਾ ਕ੍ਰਿਸ਼ਨ ਕਰੈ ਬਿਲਲਾਂਦੀ।
ਕਪੜ ਕੋਟੁ ਉਸਾਰਿਓਨ ਥਕੇ ਦੂਤ ਨ ਪਾਰਿ ਵਸਾਂਦੀ।
ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ।
ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ।
ਨਾਥ ਅਨਾਥਾਂ ਬਾਣਿ ਧੁਰਾਂ ਦੀ।੮। *(ਵਾਰ ੧੦)*

ਅਜਾਮਲ :

ਭਾਗਵਤ ਦੀ ਕਥਾ ਹੈ ਕਿ ਕਨੌਜ ਦੇਸ਼ ਦਾ ਇਕ ਦੁਰਾਚਾਰੀ ਬ੍ਰਾਹਮਣ ਅਜਾਮਲ ਸੀ। ਇਸ ਨੇ ਇਕ ਵੇਸਵਾ ਨਾਲ ਵਿਆਹ ਕੀਤਾ ਸੀ ਅਤੇ ਉਸ ਦੇ ਪੇਟ ਤੋਂ ਕਈ ਪੁੱਤਰ ਜਨਮੇ। ਛੋਟੇ ਪੁੱਤਰ ਦਾ ਨਾਂ ਉਸ ਨੇ ਨਾਰਾਇਣ ਰਖਿਆ, ਜਿਸ ਨਾਲ ਇਸ ਦਾ ਬੜਾ ਮੋਹ ਸੀ। ਬਾਲਕ ਨਾਰਾਇਣ ਦੇ ਪਿਆਰ ਵਿਚ ਉਹ ਦਿਨ ਰਾਤ ਨਾਰਾਇਣ ਦੀ ਯਾਦ ਵਿਚ ਰਹਿਣ ਲੱਗਾ। ਇਉਂ ਦੁਨਿਆਵੀ ਪਿਆਰ ਤੋਂ ਉਲਟ ਕੇ ਨਾਰਾਇਣ-ਪ੍ਰਭੂ ਦਾ ਭਗਤ ਹੋ ਨਿਬੜਿਆ ਅਤੇ ਅੰਤ ਮੁਕਤੀ ਨੂੰ ਪ੍ਰਾਪਤ ਹੋਇਆ। ਭਾਈ ਗੁਰਦਾਸ ਜੀ ਵਾਰਾਂ ਵਿਚ ਇਸ ਦਾ ਜ਼ਿਕਰ ਇਉਂ ਕਰਦੇ ਹਨ:

ਪਤਿਤ ਅਜਾਮਲੁ ਪਾਪ ਕਰਿ ਜਾਇ ਕਲਾਵਤਣੀ ਦੇ ਰਹਿਆ।
ਗੁਰੁ ਤੇ ਬੇਮੁਖੁ ਹੋਇ ਕੈ ਪਾਪ ਕਮਾਵੈ ਦੁਰਮਤਿ ਦਹਿਆ।
ਬਿਰਥਾ ਜਨਮੁ ਗਵਾਇਆ ਭਵਜਲ ਅੰਦਰਿ ਫਿਰਦਾ ਵਹਿਆ।
ਛਿਅ ਪੁਤ ਜਾਏ ਵੇਸੁਆ ਪਾਪਾਂ ਦੇ ਫਲ ਇਛੇ ਲਹਿਆ।
ਪੁਤ੍ਰ ਉਪੰਨਾ ਸਤਵਾਂ ਨਾਉ ਧਰਣ ਨੂੰ ਚਿਤਿ ਉਮਹਿਆ।
ਗੁਰੂ ਦੁਆਰੇ ਜਾਇ ਕੈ ਗੁਰਮੁਖਿ ਨਾਉ ਨਰਾਇਣੁ ਕਹਿਆ।
ਅੰਤਕਾਲ ਜਮਦੂਤ ਵੇਖਿ ਪੁਤ ਨਾਰਾਇਣ ਬੋਲੈ ਛਹਿਆ।

ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮਡੰਡ ਨ ਸਹਿਆ।
ਨਾਇ ਲਏ ਦੁਖੁ ਡੇਰਾ ਢਹਿਆ।੨੦। *(ਵਾਰ ੧੦)*

ਗਨਿਕਾ :

ਪੁਰਾਤਨ ਕਥਾ ਆਉਂਦੀ ਹੈ ਕਿ ਇਕ ਵੇਸਵਾ ਦੀ, ਕੁਕਰਮਾਂ ਕਰਕੇ ਭੈੜੀ ਦਸ਼ਾ ਸੀ। ਇਕ ਮਹਾਂ ਪੁਰਸ਼ ਉਥੋਂ ਲੰਘੇ। ਉਸ ਦੀ ਦੁਰਦਸ਼ਾ ਤੇ ਤਰਸ ਆ ਗਿਆ ਅਤੇ ਉਸ ਵੇਸਵਾ ਨੂੰ ਆਪਣੇ ਪਾਸੋਂ ਇਕ ਤੋਤਾ ਦੇ ਕੇ ਉਪਦੇਸ਼ ਦਿਤਾ ਕਿ ਇਸ ਨੂੰ 'ਰਾਮ ਨਾਮ' ਪੜ੍ਹਾਇਆ ਕਰ। ਉਸ ਦੇ ਐਸੇ ਪੂਰਬਲੇ ਕਰਮ ਜਾਗੇ ਕਿ ਉਠਦਿਆਂ ਬਹਿੰਦਿਆਂ ਤੋਤੇ ਨੂੰ ਰਾਮ ਰਾਮ ਪੜ੍ਹਾਂਦੀ ਰਹਿੰਦੀ।ਉਸ ਨੂੰ ਅਜਿਹੀ ਰਾਮ ਨਾਮ ਦੀ ਲਿਵ ਲੱਗੀ ਕਿ ਉਸ ਦਾ ਇਸ ਸੰਸਾਰ-ਸਾਗਰ ਤੋਂ ਪਾਰ-ਉਤਾਰਾ ਹੋ ਗਿਆ। ਭਾਈ ਗੁਰਦਾਸ ਜੀ ਲਿਖਦੇ ਹਨ:

ਗਨਿਕਾ ਪਾਪਣਿ ਹੋਇ ਕੈ ਪਾਪਾਂ ਦਾ ਗਲਿ ਹਾਰ ਪਰੋਤਾ।
ਮਹਾਂ ਪੁਰਖੁ ਅਚਾਣ ਚਕ ਗਨਿਕਾ ਵਾੜੇ ਆਇ ਖਲੋਤਾ।
ਦੁਰਮਤਿ ਦੇਖਿ ਦਇਆਲ ਹੋਇ ਹਥਹੁੰ ਉਸ ਨੋ ਦਿਤੋਨੁ ਤੋਤਾ।
ਰਾਮ ਨਾਮੁ ਉਪਦੇਸੁ ਕਰਿ ਖੇਲਿ ਗਇਆ ਦੇ ਵਣਜੁ ਸਉਤਾ।
ਲਿਵ ਲਾਗੀ ਤਿਸੁ ਤੋਤਿਅਹੁੰ ਨਿਤ ਪੜ੍ਹਾਏ ਕਰੈ ਅਸੋਤਾ।
ਪਤਿਤ ਉਧਾਰਣੁ ਰਾਮ ਨਾਮੁ ਦੁਰਮਤਿ ਪਾਪ ਕਲੇਵਰੁ ਧੋਤਾ।
ਅੰਤ ਕਾਲੁ ਜਮ ਜਾਲੁ ਤੋੜਿ ਨਰਕੈ ਵਿਚਿ ਨ ਖਾਧੁਸੁ ਗੋਤਾ।
ਗਈ ਬੈਕੁੰਠਿ ਬਿਬਾਣਿ ਚੜ੍ਹਿ ਨਾਉ ਨਰਾਇਣੁ ਛੋਤਿ ਅਛੋਤਾ।
ਥਾਉ ਨਿਥਾਵੇ ਮਾਣ ਮਣੋਤਾ।੨੧। *(ਵਾਰ ੧੦)*

ਗਜ :

ਪੌਰਾਣਿਕ ਕਥਾ ਅਨੁਸਾਰ ਇਕ ਗੰਧਰਬ ਸੀ, ਜੋ ਦੇਵਲ ਰਿਖੀ ਦੇ ਸਰਾਪ ਨਾਲ ਹਾਥੀ ਬਣ ਗਿਆ। ਇਸ ਨੂੰ ਵਰਣ ਦੇ ਤਲਾਬ ਵਿਚ ਤੰਦੂਏ ਨੇ ਆਪਣੇ ਜਾਲ ਵਿਚ ਫਸਾ ਲਿਆ। ਜਦ ਉਹ ਨਿਆਸਰਾ ਹੋ ਕੇ ਸਰੋਵਰ ਵਿਚ ਡੁਬਣ ਲਗਾ ਤਾਂ ਉਸ ਨੇ ਪ੍ਰਭੂ ਦੀ ਅਰਾਧਨਾ ਕੀਤੀ। ਪ੍ਰਭੂ ਨੇ ਉਸ ਦੀ ਬੇਨਤੀ ਪਰਵਾਨ ਕਰ ਕੇ ਉਸ ਦੇ ਬੰਧਨ ਕਟ ਦਿਤੇ।

ਰਾਮ :

ਅਯੁਧਿਆ ਦੇ ਰਾਜਾ ਦਸਰਥ ਦਾ ਪੁੱਤਰ ਰਾਮ, ਜੋ ਆਪਣੇ ਉਤਮ ਗੁਣਾਂ

ਕਰਕੇ ਤ੍ਰੇਤਾ ਜੁਗ ਦੇ ਅਵਤਾਰ ਮੰਨੇ ਗਏ ਹਨ। ਮਤ੍ਰੇਈ ਮਾਂ ਦੀ ਕੁਟਲ ਨੀਤੀ ਕਾਰਨ ਇਹ ੧੪ ਸਾਲ ਜੰਗਲਾਂ ਵਿਚ ਬਨਬਾਸ ਕਟਦੇ ਰਹੇ। ਇਨ੍ਹਾਂ ਦੀ ਪਤਨੀ ਸੀਤਾ ਜੀ ਤੇ ਭਰਾਤਾ ਲਛਮਣ ਵੀ ਬਨਬਾਸ ਵਿਚ ਨਾਲ ਰਹੇ। ਇਸ ਦਸ਼ਾ ਵਿਚ ਵਿਚਰਦਿਆਂ ਇਹ ਦੋਵੇਂ ਭਾਈ ਸ਼ਿਕਾਰ ਗਏ ਹੋਏ ਸਨ ਕਿ ਪਿਛੋਂ ਰਾਵਣ ਆ ਕੇ ਇਨ੍ਹਾਂ ਦੀ ਪਤਨੀ ਸੀਤਾ ਜੀ ਨੂੰ ਚੁਕ ਕੇ ਲੈ ਗਿਆ। ਇਸ ਕਾਰਨ ਭਾਰੀ ਯੁਧ ਹੋਇਆ, ਜਿਸ ਵਿਚ ਰਾਵਣ ਤੇ ਉਸ ਦਾ ਵਡਾ ਪਰਵਾਰ ਸਭ ਮਾਰੇ ਗਏ।

ਰਾਵਣ :

ਰਾਮ ਜੀ ਦੇ ਸਮੇਂ ਤ੍ਰੇਤਾ ਜੁਗ ਵਿਚ ਲੰਕਾ ਦਾ ਮਹਾਂ ਪਰਤਾਪੀ ਰਾਜਾ ਰਾਵਣ ਹੋਇਆ ਹੈ। ਇਹ ਸੰਸਕ੍ਰਿਤ ਦਾ ਮਹਾਨ ਵਿਦਵਾਨ, ਜਾਤ ਦਾ ਬ੍ਰਾਹਮਣ ਸੀ। ਰਾਮਾਇਣ ਵਿਚ ਰਾਵਣ ਦੀ ਫ਼ੌਜ ਦਸ ਖ਼ਰਬ ਤੋਂ ਵੱਧ ਦਸੀ ਗਈ ਹੈ। ਇਕ ਲੱਖ ਪੁੱਤਰ ਤੇ ਸਵਾ ਲੱਖ ਪੋਤਰਾ ਦਸਿਆ ਜਾਂਦਾ ਹੈ ਅਤੇ ਜਿਸ ਦੇ ਚੰਦਰਮਾ, ਸੂਰਜ ਤੇ ਬੈਸੰਤਰ ਦੇਵਤਾ ਰਸੋਈ ਪਕਾਉਣ ਅਤੇ ਕਪੜੇ ਧੋਣ ਦੀ ਸੇਵਾ ਕਰਦੇ ਸਨ। ਸਾਰੀ ਲੰਕਾ ਜਿਸ ਦੀ ਸੋਨੇ ਦੀ ਦਸੀ ਜਾਂਦੀ ਹੈ। ਇਸ ਨੇ ਸਾਰਾ ਜਗਤ ਜਿੱਤਣ ਦਾ ਵਰ ਪ੍ਰਾਪਤ ਕੀਤਾ ਹੋਇਆ ਸੀ। ਪਰ ਖੋਟੀ ਮਤਿ ਦੇ ਪਰਵੇਸ਼ ਹੋਣ ਕਾਰਨ ਇਹ ਸੀਤਾ ਜੀ ਨੂੰ ਚੁਰਾ ਲਿਆਇਆ। ਜਿਸ ਦਾ ਫਲ-ਸਰੂਪ ਮਹਾਨ ਯੁਧ ਹੋਇਆ, ਜਿਸ ਵਿਚ ਰਾਵਣ ਸਣੇ ਐਡੇ ਪਸਾਰੇ ਦੇ, ਰਾਮ ਜੀ ਦੇ ਹੱਥੋਂ ਮਾਰਿਆ ਗਿਆ। ਗੁਰਬਾਣੀ ਵਿਚ ਜ਼ਿਕਰ ਆਉਂਦਾ ਹੈ:

ਲੰਕਾ ਸਾ ਕੋਟੁ ਸਮੁੰਦ ਸੀ ਖਾਈ ॥
ਤਿਹ ਰਾਵਨ ਘਰ ਖਬਰਿ ਨ ਪਾਈ ॥੧॥
ਇਕੁ ਲਖੁ ਪੂਤ ਸਵਾ ਲਖੁ ਨਾਤੀ ॥
ਤਿਹ ਰਾਵਨ ਘਰ ਦੀਆ ਨ ਬਾਤੀ ॥੨॥

[ਆਸਾ ਕਬੀਰ ਜੀ, ਪੰਨਾ ੪੮੧

ਗੁਰੂ ਤੇਗ ਬਹਾਦਰ ਸਾਹਿਬ ਆਪਣੀ ਰਚਨਾ ਵਿਚ ਫ਼ੁਰਮਾਉਂਦੇ ਹਨ ਕਿ ਐਡੇ ਐਡੇ ਵਡੇ ਵੀ ਇਸ ਅਸਾਰ ਸੰਸਾਰ ਨੂੰ ਤਿਆਗ ਗਏ:

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥੫੦॥

ਅੰਤਿਕਾ—ਅ

ਮੁਖ ਵਿਸ਼ਿਆਂ ਦੀ ਵਿਆਖਿਆ

ਵਾਹਿਗੁਰੂ :

ਸੰਸਾਰ ਦੀ ਸੁੰਦਰ ਰਚਨਾ ਦਾ ਰਚਨਹਾਰ [1]ਰਾਮ ਹੈ। ਭਾਵੇਂ ਰਾਮ ਨੇ ਆਪਣੀ ਰਜ਼ਾ ਵਿਚ ਮਨੁੱਖ ਨੂੰ ਕਰਤਾਰੀ ਸ਼ਕਤੀਆਂ ਬਖ਼ਸ਼ੀਆਂ ਹੋਈਆਂ ਹਨ, ਪਰ ਇਹ ਓਸੇ ਦੀਆਂ ਬਖ਼ਸ਼ਸ਼ਾਂ ਹਨ ਅਤੇ ਅਸਲੀ ਅਰਥਾਂ ਵਿਚ 'ਕਰਤਾ' ਉਹ ਆਪ ਹੀ ਹੈ। ਤੱਤ-ਵੇਤਾ ਤੇ ਬੰਧਨ-ਮੁਕਤ ਮਨੁੱਖ ਇਹਨਾਂ ਕਰਤਾਰੀ ਸ਼ਕਤੀਆਂ ਦਾ ਪ੍ਰਯੋਗ ਕਰਦਾ ਹੋਇਆ ਆਪਣੇ ਆਪ ਦੀ ਬਜਾਏ, ਰਾਮ ਨੂੰ ਹੀ ਮਨ, ਬਚਨ, ਕਰਮ ਕਰਕੇ [2]ਕਰਤਾ ਮੰਨਦਾ ਹੈ।

ਸੁੰਦ੍ਰਾਵਲਾ ਰਚਨਹਾਰ 'ਰਾਮ' ਆਪਣੀ ਰਚਨਾ ਵਿਚ [3]ਓਤਿ ਪੋਤਿ ਰਚਿਆ ਮਿਚਿਆ ਹੋਇਆ ਹੈ। ਆਪਣੇ ਨਿਰਗੁਣੀ ਸਰੂਪ ਵਿਚ ਉਸ ਦੀ ਕੋਈ ਰੂਪ-ਰੇਖਾ ਨਹੀਂ, ਪਰ ਸਰਗੁਣ ਹੋ ਕੇ ਸਾਰੀ ਰਚਨਾ ਵਿਚ ਸਮਾਇਆ ਹੋਇਆ ਹੈ, ਹਲੂਲ ਹੋਇਆ ਪਿਆ ਹੈ, ਐਨ ਓਸੇ ਤਰ੍ਹਾਂ ਜਿਵੇਂ [4]ਸੁਗੰਧੀ ਫੁਲ ਵਿਚ ਅਤੇ ਪਰਛਾਵਾਂ ਸ਼ੀਸ਼ੇ ਵਿਚ।

ਅਜਬ ਖੇਡ ਇਹ ਹੈ ਕਿ ਸਭ ਕਾਸੇ ਵਿਚ ਵਸਦਾ ਹੋਇਆ ਉਹ 'ਰਾਮ' ਸਭ ਤੋਂ [5]ਨਿਰਲੇਪ ਹੈ। ਪਰ ਨਿਰਲੇਪ ਹੁੰਦਾ ਹੋਇਆ ਵੀ ਆਪਣੇ [6]ਭਗਤਾਂ ਅਤੇ

---

1. ਸਾਧੋ ਰਚਨਾ ਰਾਮਿ ਬਨਾਈ ॥੨॥੨॥ [ਗਉੜੀ ਮ: ੯
2. ਜਿਹ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥
   ਕਹੁ ਨਾਨਕ ਵਹੁ ਮੁਕਤ ਨਰੁ ਇਹ ਮਨ ਸਾਚੀ ਮਾਨੁ ॥੧੯॥ [ਸਲੋਕ ਮ: ੯
3. ਜਨ ਨਾਨਕ ਸਭ ਹੀ ਮਹਿ ਪੂਰਨੁ ਏਕੁ ਪੁਰਖੁ ਭਗਵਾਨੁ ॥੨॥੧॥ [ਬਸੰਤੁ ਮ: ੯
   ਘਟ ਘਟ ਮਹਿ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥੧੨॥ [ਸਲੋਕ ਮ: ੯
4. ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥
   ਤੈਸੇ ਹੀ ਹਰਿ ਬਸੈ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥੧॥ [ਧਨਾਸਰੀ ਮ: ੯
5. ਨਾਨਾ ਰੂਪ ਧਰੇ ਬਹੁ ਰੰਗੀ ਸਭ ਤੇ ਰਹੈ ਨਿਰਾਰਾ ॥੨॥੧॥੨॥ [ਬਿਹਾਗੜਾ ਮ: ੯
6. ਨਾਨਕੁ ਕਹਤੁ ਭਗਤ ਰਛਕ ਹਰਿ ਨਿਕਟਿ ਤਾਹਿ ਤੁਮ ਮਾਨੋ ॥੨॥੧॥ [ਬਿਲਾਵਲੁ ਮ: ੯

ਦੀਨਾਂ-ਦੁਖੀਆਂ ਦੀ ਪੀੜਾ ਮਹਿਸੂਸ ਕਰਦਾ ਹੈ। ਉਹਨਾਂ ਦੀਆਂ ਜੋਦੜੀਆਂ ਸੁਣ ਕੇ ਉਹਨਾਂ ਦੇ ਦੁਖੜੇ ਨਵਿਰਤ ਕਰਦਾ ਹੈ, ਇਸੇ ਲਈ ਉਸ ਨੂੰ ਭਗਤ-ਵਛਲ, ਕਿਰਪਾ-ਨਿਧਿ, ਕਰੁਣਾਮੈ, [1]ਦੀਨਾ-ਬੰਧੂ, ਦੁਖ-ਭੰਜਨ, ਭੈ-ਹਰਨ ਆਦਿ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ।

ਉਹ ਰਾਮ ਜਗਤ-ਪਿਤਾ ਹੈ ਅਤੇ ਪਿਤਾ ਦੇ ਨਾਤੇ ਬਖ਼ਸ਼ਿੰਦ ਵੀ ਹੈ। ਜਦੋਂ ਕੋਈ ਵਿਕਾਰੀ ਮਨੁੱਖ ਵੀ ਆਪਣੇ ਕੀਤੇ ਪਾਪਾਂ ਦਾ ਪਸ਼ਚਾਤਾਪ ਕਰ ਕੇ ਠੀਕ ਜੀਵਨ-ਰਾਹ ਉਤੇ ਆ ਜਾਵੇ, ਪ੍ਰਭੂ ਉਸ ਉਤੇ ਮਿਹਰ ਕਰਦਾ ਹੈ, ਉਸ ਦੇ ਪਾਪਾਂ ਦੀ ਮੈਲ ਧੋ ਕੇ ਨਿਰਮਲ ਅਤੇ ਪਵਿੱਤਰ ਕਰ ਦਿੰਦਾ ਹੈ। ਸੋ ਉਹ ਪ੍ਰਭੂ [2]ਪਤਿਤ-ਪਾਵਨ ਵੀ ਹੈ। ਜਿਨ੍ਹਾਂ ਮਨੁੱਖਾਂ ਦਾ ਸੰਸਾਰ ਵਿਚ ਕੋਈ ਯਾਰ ਮਦਦਗਾਰ ਨਹੀਂ, ਵਾਹਿਗੁਰੂ ਅਜਿਹੇ ਨਿਖਸਮਿਆਂ ਦਾ [2]ਖਸਮ ਹੈ ਅਤੇ ਲੋਕ ਪਰਲੋਕ ਵਿਚ ਰਖਿਆ ਕਰਦਾ ਹੈ।

ਰਚਨਹਾਰ 'ਰਾਮ' ਕਰਤਾ ਹੈ। ਉਸ ਦੀ ਹੋਂਦ ਆਪਣੇ ਆਪ ਤੋਂ ਹੈ, ਭਾਵ, ਉਹ ਸੁਤੇ-ਪ੍ਰਕਾਸ਼ ਅਤੇ ਸਰਬ-ਸ਼ਕਤੀਮਾਨ ਹੈ। ਉਸ ਦੀ ਲੀਲ੍ਹਾ ਬੇਅੰਤ ਹੈ। ਉਸ ਦੀ ਗਤੀ ਕੋਈ ਨਹੀਂ ਸਮਝ ਸਕਦਾ। ਛਿਨ ਵਿਚ ਰਾਜਿਆਂ ਨੂੰ ਕੰਗਾਲ ਅਤੇ ਕੰਗਾਲਾਂ ਨੂੰ [3]ਰਾਜੇ ਬਣਾ ਦਿੰਦਾ ਹੈ। ਉਹ ਰਾਜਿਆਂ ਦਾ ਮਹਾਨ ਰਾਜਾ ਤੇ [4]ਵਡ-ਦਾਤਾਰ ਹੈ। ਸਾਰਾ ਸੰਸਾਰ ਉਸਦਾ ਭਿਖਾਰੀ ਹੈ।

ਗੁਰੂ :

ਗੁਰੂ ਦਾ ਅਖਰੀ ਅਰਥ ਹੈ "ਅੰਧੇਰੇ ਵਿਚ ਪ੍ਰਕਾਸ਼ ਕਰਨ ਵਾਲੀ ਹਸਤੀ"। ਇਹ ਹਸਤੀ ਕਰਤਾ ਪੁਰਖ ਆਪ ਹੈ:

ਆਦਿ ਅੰਤ ਏਕੈ ਅਵਤਾਰਾ॥ ਸੋਈ ਗੁਰੂ ਸਮਝਿਯੋ ਹਮਾਰਾ॥੯॥

[ਬੇਨਤੀ ਚਉਪਈ ਪਾ: ੧੦

ਇਸ ਅਨੁਸਾਰ ਅਕਾਲ ਪੁਰਖੁ ਦੇ ਬੇਅੰਤ ਗੁਣਾਂ ਵਿਚੋਂ ਉਸ ਦਾ ਪ੍ਰਮੁਖ

---

1. ਪਤਿਤ ਪੁਨੀਤ ਦੀਨ ਬੰਧੁ ਹਰਿ ਸਰਨਿ ਤਾਹਿ ਤੁਮ ਆਵਉ ॥੧॥੫॥ [ਗਉੜੀ ਮ: ੯
2. ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ ॥੬॥ [ਸਲੋਕ ਮ: ੯
3. ਹਰਿ ਕੀ ਗਤਿ ਨਹਿ ਕੋਊ ਜਾਨੈ ॥.......
   ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥੧॥੧॥ [ਬਿਹਾਗੜਾ ਮ: ੯
4. ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥੪੦॥ [ਸਲੋਕ ਮ: ੯

ਗੁਣ "ਗੁਰੂ" ਹੈ। ਆਪਣੇ ਅਸਲੇ ਦੀ ਪਛਾਣ ਅਤੇ ਉਸ ਵਿਚ ਲੀਨਤਾ ਲਈ ਗੁਰੂ ਪਾਸੋਂ ਜਾਪ ਲਈ ਜੋ "ਵਾਹਿਗੁਰੂ" ਗੁਰਮੰਤਰ ਮਿਲਦਾ ਹੈ ਉਸ ਤੋਂ ਵੀ ਕਰਤਾ ਪੁਰਖ ਦਾ 'ਗੁਰੂ' ਗੁਣ ਉਜਾਗਰ ਹੁੰਦਾ ਹੈ।

ਗੁਰੂ-ਕਰਤਾਰ ਨੇ ਆਪਣਾ ਸੰਪੂਰਨ ਪ੍ਰਕਾਸ਼ ਗੁਰੂ ਨਾਨਕ ਦੇਵ ਜੀ ਨੂੰ ਬਖ਼ਸ਼ਿਆ। ਅਜਿਹੇ ਅਪਰੰਪਰ, ਪਾਰਬ੍ਰਹਮ ਪਰਮੇਸ਼ਰ ਗੁਰੂ ਦੀ ਪ੍ਰਾਪਤੀ ਅਤੇ ਉਸ ਤੋਂ ਤੱਤ ਜੋਤਿ ਦੇ ਪ੍ਰਕਾਸ਼ ਦਾ ਵਰਣਨ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਇਉਂ ਹੈ:

ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥
ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥
[ਸੋਰਠਿ ਮ: ੧, ਪੰਨਾ ੫੯੯

ਏਸ ਰਹੱਸ ਨੂੰ ਪੁਰਾਤਨ ਜਨਮ ਸਾਖੀ ਵਿਚ ਵਧੇਰੇ ਵਿਸਥਾਰ ਨਾਲ ਬਿਆਨ ਕੀਤਾ ਹੋਇਆ ਹੈ ਅਤੇ ਇਸ ਵਿਚ ਗੁਰੂ ਬਾਬੇ ਜੀ ਨੂੰ 'ਗੁਰੂ-ਪਰਮੇਸਰ' ਦੀ ਪਦਵੀ ਦੀ ਥਾਪਨਾ ਬਾਰੇ ਸੰਕੇਤ ਇਸ ਪ੍ਰਕਾਰ ਹੈ:

"ਨਾਨਕ! ਜਿਸ ਉਪਰ ਤੇਰੀ ਨਦਰਿ ਤਿਸ ਉਪਰਿ ਮੇਰੀ ਨਦਰਿ। ਜਿਸੁ ਉਪਰਿ ਤੇਰਾ ਕਰਮੁ ਤਿਸੁ ਉਪਰਿ ਮੇਰਾ ਕਰਮੁ। ਮੇਰਾ ਨਾਉ ਪਾਰਬ੍ਰਹਮ ਪਰਮੇਸਰੁ ਅਰ ਤੇਰਾ ਨਾਉ ਗੁਰੁ ਪਰਮੇਸਰੁ।"

ਕਰਤਾ ਪੁਰਖ ਦੀ ਗੁਰੂ ਜੋਤਿ, ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਦਸਾਂ ਜਾਮਿਆਂ ਵਿਚ ਸਮਾਨ ਵਰਤਦੀ ਹੋਈ ਹੁਣ ਸ਼ਬਦ-ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹੈ ਅਤੇ ਜੀਵਾਂ ਨੂੰ ਗਿਆਨ ਪ੍ਰਕਾਸ਼ ਕਰ ਰਹੀ ਹੈ। ਸ਼ਬਦ-ਬ੍ਰਹਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਸਾਰ-ਉਧਾਰ ਦਾ ਪਹਿਰਾ ਜੁਗੋ ਜੁਗ ਅਟੱਲ ਹੈ।

ਗੁਰੂ, ਸੰਸਾਰ ਵਿਚ ਨਿਰਗੁਣ-ਬ੍ਰਹਮ ਦਾ ਸ਼ਬਦ-ਬ੍ਰਹਮ ਸਰੂਪ ਹੈ, ਭਾਵੇਂ ਮਨੁੱਖੀ ਜਾਮੇ ਵਿਚ ਹੋਵੇ ਭਾਵੇਂ ਬਦਲ ਕੇ ਗ੍ਰੰਥ ਰੂਪ ਚੋਲਾ ਧਾਰਨ ਕਰ ਲਵੇ। ਸ਼ਬਦ-ਬ੍ਰਹਮ-ਸਤਿਗੁਰੂ ਜੀ, ਗਿਆਨ ਪ੍ਰਕਾਸ਼ ਦੁਆਰਾ ਸੰਸਾਰ ਦੇ ਭਰਮ-ਛੌੜ ਕਟਦੇ ਆ ਰਹੇ ਹਨ, ਹੁਣ ਕਟ ਰਹੇ ਹਨ, ਅਤੇ ਜੁਗੋ ਜੁਗ ਕਟਦੇ ਰਹਿਣਗੇ।

ਗੁਰੂ ਅੰਤਰ ਆਤਮੇ ਅਕਾਲ ਪੁਰਖ ਨਾਲ ਅਭੇਦ ਹੈ ਅਤੇ ਜੀਵਾਂ ਨੂੰ ਮੋਹ ਮਾਇਆ ਦੀ ਅਗਿਆਨਤਾ ਵਿਚੋਂ ਕੱਢ ਕੇ ਵਾਹਿਗੁਰੂ ਨਾਲ ਅਭੇਦ ਕਰਨ ਦੀ

ਸੱਚੀ ਸੁੱਚੀ ਬਸੀਠੀ ਕਰਦਾ ਹੈ :

(ੳ) **ਨਾਨਕ ਸੋਧੇ ਸਿੰਮ੍ਰਿਤਿ ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥੪॥**
[ਭੈਰਉ ਮਹਲਾ ੫, ਪੰਨਾ ੧੧੪੨

(ਅ) **ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥**
[ਵਾਰ ਰਾਮਕਲੀ ਮ: ੫, ਪੰਨਾ ੯੫੭

ਗੁਰੂ ਪਾਸ ਧੁਰੋਂ ਬਖ਼ਸ਼ਿਆ ਨਾਮ-ਖ਼ਜ਼ਾਨਾ ਹੈ, ਜੋ ਉਹ ਪਰਉਪਕਾਰ ਹਿਤ ਸਾਰੇ ਸੰਸਾਰ ਵਿਚ ਵੰਡਦਾ ਹੈ :

ਨਾਮੁ ਗੁਰਿ ਦੀਓ ਹੈ ਅਪੁਨੈ ਜਾ ਕੈ ਮਸਤਕਿ ਕਰਮਾ ॥
ਨਾਮੁ ਦ੍ਰਿੜਾਵੈ ਨਾਮੁ ਜਪਾਵੈ ਤਾ ਕਾ ਜੁਗ ਮਹਿ ਧਰਮਾ ॥੧॥
[ਧਨਾਸਰੀ ਮ: ੫, ਪੰਨਾ ੬੮੦

ਨਾਮ ਅਤੇ ਨਾਮੀ ਦੀ ਪ੍ਰਾਪਤੀ ਗੁਰੂ ਦੀ ਸ਼ਰਨ ਪਿਆਂ ਹੀ ਹੋ ਸਕਦੀ ਹੈ। ਗੁਰੂ ਦੀ ਸ਼ਰਨ ਪਏ ਬਗ਼ੈਰ ਤਮੋਗੁਣੀ ਸੰਸਾਰ ਵਿਚ ਸਹੀ ਜੀਵਨ ਜੀਊਣ ਦੀ [1]ਜੁਗਤੀ ਨਹੀਂ ਆ ਸਕਦੀ। ਵਿਕਾਰਾਂ ਅਤੇ ਜਨਮ ਮਰਨ ਤੋਂ [2]ਮੁਕਤੀ ਪ੍ਰਾਪਤ ਕਰਨ ਦਾ [3]ਭੇਤ ਵੀ ਗੁਰੂ ਹੀ ਜੀਵਾਂ ਨੂੰ ਸਮਝਾਉਂਦਾ ਹੈ।

ਅੱਜ ਕਲ੍ਹ ਦੇਹ-ਧਾਰੀ ਗੁਰੂ ਬਾਰੇ ਬੜਾ ਭੁਲੇਖਾ ਹੈ। ਜਣਾ ਖਣਾ ਗੁਰੂ ਬਣਿਆ ਬੈਠਾ ਹੈ। ਪਰ ਤੱਤ ਇਹ ਹੈ ਕਿ ਸਰੀਰ ਕਦੀ ਵੀ ਗੁਰੂ ਨਹੀਂ ਹੋਇਆ। ਗੁਰੂ ਸਦਾ ਹੀ "ਸ਼ਬਦ-ਜੋਤਿ" ਰਹੀ ਹੈ। ਸਰੀਰ ਸਦੀਵੀ ਨਹੀਂ, ਬਿਨਸਣਹਾਰ ਹੈ। "ਸ਼ਬਦ-ਜੋਤਿ" ਸਦਾ ਅਮਰ ਤੇ ਅਟੱਲ ਹੈ। ਮੌਸਮੀ ਦੇਹ-ਧਾਰੀ ਗੁਰੂ ਅੱਜ ਹੀ ਪੈਦਾ ਨਹੀਂ ਹੋਏ, ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਮੇਂ ਵੀ ਲਾਲਚ-ਅਧੀਨ ਬਾਬੇ ਬਕਾਲੇ ਮੰਜੀਆਂ ਲਾ ਕੇ ਕੁਝ ਦੇਰ ਤਕ ਪਰਪੰਚ ਰਚਾਈ ਰਖਿਆ। ਪਰ ਕੂੜ ਦੀ ਖੇਡ ਜ਼ਿਆਦਾ ਦੇਰ ਤੱਕ ਨਹੀਂ ਚਲ ਸਕਦੀ, ਦੰਭੀ ਅੰਤ ਨੂੰ ਸਫ਼ ਵਲ੍ਹੇਟ ਗਏ। ਗੁਰੂ ਜੋਤਿ (ਸ਼ਬਦ-ਬ੍ਰਹਮ) ਇਕ-ਰਸ ਪ੍ਰਕਾਸ਼ ਬਖ਼ਸ਼ਦੀ ਚਲੀ ਆ ਰਹੀ ਹੈ। ਜਿਥੇ ਸੰਸਾਰ ਦਾ ਸਭ ਕੁਝ ਨਾਸ਼ਮਾਨ ਹੈ ਉਥੇ ਕੇਵਲ ਨਾਮ ਦੀ ਸਾਧਨਾ

---

1. ਗੁਰਿ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥੩॥੧੧॥ [ਸੋਰਠਿ ਮਹਲਾ ੯
2. ਕਲਿ ਮਹਿ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ ॥੩॥੩॥ [ਬਿਲਾਵਲੁ ਮ: ੯
3. ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ ॥੧॥ ਰਹਾਉ॥੨॥ [ਬਿਲਾਵਲੁ ਮ: ੯

ਕਰਨ ਵਾਲੇ ਗੁਰਮੁਖ ਸਾਧੂ ਅਤੇ ਗੋਬਿੰਦ ਰੂਪ [1]ਗੁਰੂ ਪਾਤਸ਼ਾਹ ਹੀ ਕੇਵਲ ਸਥਿਰ ਹਨ ।

ਨਾਮ (ਭਗਤੀ) :

ਜਗਤ-ਰਚਨਾ ਦਾ ਰਚਨਹਾਰ ਰਾਮ ਅਦ੍ਰਿਸ਼ਟ ਹੈ, ਅਗੋਚਰ ਹੈ । ਉਸ ਦਾ ਗਿਆਨ [2]ਗੁਰੂ ਪਾਸੋਂ ਪ੍ਰਾਪਤ ਹੁੰਦਾ ਹੈ । ਇਹ ਗਿਆਨ 'ਨਾਮ' ਹੈ, ਜਿਸ ਦੀ ਬਰਕਤ ਨਾਲ ਮਨੁੱਖ ਦਾ ਜਨਮ-ਜਨਮਾਂਤਰਾਂ ਦਾ ਸੰਸਾ ਮਿਟ ਜਾਂਦਾ ਹੈ ਤੇ ਮਨੁੱਖ ਆਪਣੇ ਆਪੇ ਵਿਚ ਲੀਨ ਹੋ ਜਾਂਦਾ ਹੈ । ਸੋ ਨਾਮ ਸਾਰੇ ਸੰਸਾਰੀ ਜੀਵਾਂ ਦੇ ਨਿਸਤਾਰੇ ਦੀ ਕੁੰਜੀ ਹੈ ।

ਨਾਮ ਸਾਰੇ ਕਰਮਾਂ ਧਰਮਾਂ ਤੋਂ [3]ਸ੍ਰੇਸ਼ਟ ਹੈ । ਜੋਗ-ਸਾਧਨ, ਜਗ, ਭੇਖ, ਤੀਰਥ ਵਰਤ ਆਦਿ ਇਹ ਸਾਰੇ ਸਾਧਨ ਨਾਮ ਦੇ ਮੁਕਾਬਲੇ ਐਵੇਂ ਫ਼ਾਲਤੂ ਅਤੇ ਨਿਸਫਲ ਹਨ । ਗੁਰੂ ਦਾ [4]ਉਪਦੇਸ਼ (ਨਾਮ) ਗ੍ਰਹਿਣ ਕਰਨ ਦੀ ਬਜਾਏ, ਸਿਰ ਮੂੰਹ ਮੁਨਾ ਕੇ ਭਗਵਾ ਵੇਸ ਧਾਰਨ ਕਰ ਕੇ, ਭਟਕਦੇ ਤੇ ਮੰਗਦੇ ਫਿਰਨਾ, ਜਨਮ ਨੂੰ ਫ਼ਜ਼ੂਲ ਗਵਾਉਣਾ ਹੈ । ਜਿਸ ਮਨੁੱਖ ਨੇ ਨਾਮ ਸਿਮਰਨ ਦਾ [5]ਪ੍ਰਧਾਨ ਤੇ ਸਿਰਮੌਰ ਕਰਮ ਕਮਾ ਲਿਆ, ਉਸ ਨੂੰ ਕਿਸੇ ਫੋਕਟ ਕਰਮ ਕਰਨ ਦੀ ਲੋੜ ਨਹੀਂ ਰਹਿੰਦੀ ।

1. ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥੫੬॥ [ਸਲੋਕ ਮ: ੯
2. ਕਲਿ ਮਹਿ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ ॥੩॥੩॥ [ਬਿਲਾਵਲੁ ਮ: ੯
 –ਭਗਤਿ ਬਿਨਾ ਸੈਹਸਾ ਨਹੀ ਚੂਕੈ ਗੁਰੁ ਇਹੁ ਭੇਦੁ ਬਤਾਵੈ ॥੧॥ ਰਹਾਉ॥੨॥ [ਬਿਲਾਵਲੁ ਮ: ੯
 –ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥
 ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥੩॥ [ਬਸੰਤੁ ਮ: ੯
3. ਕਲਿ ਮਹਿ ਏਕੁ ਨਾਮੁ ਕਿਰਪਾਨਿਧਿ ਜਾਹਿ ਜਪੈ ਗਤਿ ਪਾਵੈ ॥
 ਅਉਰ ਧਰਮ ਤਾ ਕੈ ਸਮਿ ਨਾਹਿਨ ਇਹ ਬਿਧਿ ਬੇਦੁ ਬਤਾਵੈ ॥੨॥੫॥ [ਸੋਰਠਿ ਮ: ੯
 –ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥੧॥੨॥ [ਬਿਲਾਵਲੁ ਮ: ੯
4. ਮਨ ਰੇ ਗਹਿਓ ਨ ਗੁਰ ਉਪਦੇਸੁ ॥
 ਕਹਾ ਭਇਓ ਜਉ ਮੂੰਡੁ ਮੁੰਡਾਇਓ ਭਗਵਉ ਕੀਨੋ ਭੇਸੁ ॥੧॥ ਰਹਾਉ॥੩॥੧੦॥ [ਸੋਰਠਿ ਮ: ੯
5. ਭਏ ਦਇਆਲ ਕ੍ਰਿਪਾਲ ਸੰਤ ਜਨ ਤਬ ਇਹ ਬਾਤ ਬਤਾਈ ॥
 ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ ॥੨॥੨॥ [ਰਾਮਕਲੀ ਮ: ੯

ਨਾਮ ਰਤਨ ਹੈ, ਅਮੋਲਕ ਖ਼ਜ਼ਾਨਾ ਹੈ; ਜਿਸ ਦੀ ਪ੍ਰਾਪਤੀ ਸਦਕਾ ਅਮੋਲਕ ਗੁਣ ਮਨੁੱਖ ਵਿਚ ਸੁਤੇ ਹੀ ਪਰਵੇਸ਼ ਹੋ ਆਉਂਦੇ ਹਨ। ਮਨ ਤ੍ਰਿਪਤ ਹੋ ਜਾਂਦਾ ਹੈ ਤੇ ਇਸ ਦੀ [1]ਭਟਕਣਾ ਮੁਕ ਜਾਂਦੀ ਹੈ। ਜੀਵਨ ਸੁਚੱਜਾ ਅਤੇ [2]ਗੌਰਵਸ਼ੀਲ ਹੋ ਜਾਂਦਾ ਹੈ।

ਵਿਸ਼ੇ ਵਿਕਾਰਾਂ ਤੋਂ ਅਤੇ ਜਨਮ ਮਰਨ ਤੋਂ ਛੁਟਕਾਰਾ ਪਾਉਣ ਦਾ ਕੇਵਲ ਇਕੋ ਇਕ ਸਾਧਨ ਹੈ, ਤੇ ਉਹ ਹੈ "ਨਾਮ-ਸਿਮਰਨ"। ਮਾਇਆ ਦੇ ਪੰਜ ਦੂਤਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਨੇ ਸਾਰੇ ਸੰਸਾਰੀ ਜੀਵਾਂ ਦੇ ਨੱਕ ਵਿਚ ਨਕੇਲ ਪਾਈ ਹੋਈ ਹੈ। ਇਹ ਆਪ-ਹੁਦਰੇ ਤੇ ਮੂੰਹ-ਜ਼ੋਰ ਹਨ। ਲੋਕਾਂ ਨੂੰ ਭਰਮਾ ਕੇ ਆਪਣੇ ਵੱਸ ਵਿਚ ਕਰ ਕੇ ਸਾਰਿਆਂ ਦੀ ਬੇਪਤੀ ਕਰਦੇ ਹਨ। ਬੜੇ ਬੜੇ ਨਾਢੂ ਖ਼ਾਂ ਇਹਨਾਂ ਦੇ ਪਾਣੀਹਾਰ ਹਨ। ਪਰ ਨਾਮ-ਸਿਮਰਨ ਦੀ ਤੁਫ਼ੈਲ ਇਹ ਸਿਮਰਨ ਵਾਲੇ ਪੁਰਸ਼ ਦੇ ਨੇੜੇ ਨਹੀਂ [3]ਫਟਕ ਸਕਦੇ। ਇਹ ਵਿਕਾਰ ਮਲੀਨ ਮਨ ਦੀ ਉਪਜ ਹਨ। ਜੋ ਮਨੁੱਖ ਸਿਮਰਨ ਦੀ ਬਰਕਤ ਨਾਲ ਮਨ ਨੂੰ ਜਿਤ ਲੈਂਦਾ ਹੈ ਉਸ ਦੇ ਇਹ ਪੰਜੇ ਦੂਤ ਸੱਜਣ ਹੋ ਨਿਬੜਦੇ ਹਨ। ਸੋ ਜਿਸ ਨੇ ਮਨ ਵਸ ਕਰ ਲਿਆ, ਮਾਇਆ ਦੇ ਸ਼ਕਤੀ-ਸ਼ਾਲੀ ਦੂਤ ਜਿੱਤ ਲਏ, ਉਸ ਨੇ ਮਾਨੋ ਸਾਰਾ ਸੰਸਾਰ [4]ਜਿਤ ਲਿਆ। ਇਹ ਸਭ ਕੁਝ ਨਾਮ ਦੀ ਬਰਕਤ ਨਾਲ ਹੁੰਦਾ ਹੈ। ਧੰਨ! ਧੰਨ!! ਨਾਮ!!

ਨਾਮ ਦੀਆਂ ਬਰਕਤਾਂ ਬੇਅੰਤ ਹਨ। ਨਾਮ [5]ਦੁਖ-ਹਰਤਾ ਅਤੇ [6]ਸੁਖ-ਦਾਤਾ ਹੈ। ਨਾਮ ਮਨ ਦੀ ਖੋਟੀ ਮਤਿ ਨੂੰ ਨਾਸ ਕਰ ਕੇ ਇਸ ਨੂੰ ਵਾਸ਼ਨਾ ਰਹਿਤ ਅਤੇ ਨਿਰਮਲ ਕਰਦਾ ਹੈ, ਜਿਸ ਦਾ ਸਦਕਾ ਮਨ ਭਟਕਣਾ ਛਡ ਕੇ [7]ਨਿਜ ਸੁਖ ਵਿਚ ਲੀਨ ਹੋ ਜਾਂਦਾ ਹੈ। ਨਾਮ ਮਨੁੱਖ ਦੇ ਸਾਰੇ [8]ਭੈ ਦੂਰ ਕਰਦਾ ਹੈ ਅਤੇ ਲੋਕ ਪਰਲੋਕ

---

1. ਮਾਈ ਮੈ ਧਨੁ ਪਾਇਓ ਹਰਿ ਨਾਮੁ ॥
   ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ॥੩॥ [ਬਸੰਤੁ ਮ: ੯
2. ਕਹੁ ਨਾਨਕ ਸੋਈ ਨਰੁ ਗਰੂਆ ਜੋ ਪ੍ਰਭ ਕੇ ਗੁਨ ਗਾਵੈ ॥੩॥੩॥ [ਬਿਲਾਵਲੁ ਮ: ੯
3. ਲੋਭੁ ਮੋਹੁ ਏ ਪਰਸਿ ਨ ਸਾਕਹਿ ਗਹੀ ਭਗਤਿ ਭਗਵਾਨ ॥੧॥੩॥ [ਬਸੰਤੁ ਮ: ੯
4. ਜਿਹ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹ ਜਗੁ ਜੀਤਿ ॥੪੨॥ [ਸਲੋਕ ਮ: ੯
5. ਦੁਖ ਹਰਤਾ ਹਰਿ ਨਾਮੁ ਪਛਾਨੋ ॥ ਰਹਾਉ॥੧॥ [ਬਿਲਾਵਲੁ ਮ: ੯
6. ਹਰਿ ਕੋ ਨਾਮੁ ਸਦਾ ਸੁਖਦਾਈ ॥੧॥ ਰਹਾਉ॥੧॥ [ਮਾਰੂ ਮ: ੯
7. ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥
   ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥੩॥ [ਬਸੰਤੁ ਮ: ੯
8. ਭੈ ਨਾਸਨ ਦੁਰਮਤਿ ਹਰਨ ਕਲਿ ਮਹਿ ਹਰਿ ਕੋ ਨਾਮੁ ॥੨੦॥ [ਸਲੋਕ ਮ: ੯

ਵਿਚ ਸਭ ਤੋਂ ਵੱਡਾ ਮਦਦਗਾਰ ਹੈ। ਜਿਥੇ ਸਾਰੇ ਸਾਕ ਸੰਬੰਧੀ, ਮਿੱਤਰ, ਦੋਸਤ, ਸਾਥ ਛਡ ਜਾਂਦੇ ਹਨ ਉਥੇ ਲੋਕ ਪਰਲੋਕ ਵਿਚ ਨਾਮ ਹੀ [1]ਪੁਕਰਦਾ ਹੈ। ਨਾਮ ਦੀ ਬਰਕਤ ਨਾਲ [2]ਗਜ (ਹਾਥੀ) ਤੰਦੂਏ ਦੇ ਜਾਲ ਵਿਚੋਂ ਬਚ ਨਿਕਲਿਆ। ਬਾਲਕ ਧ੍ਰੂਅ ਨੂੰ ਨਾਮ ਦੀ ਤੁਫ਼ੈਲ ਉੱਚੀ ਤੇ [3]ਅਟੱਲ ਪਦਵੀ ਮਿਲ ਗਈ, ਜਿਸ ਨੇ ਜਗਤ ਨੂੰ ਚਕ੍ਰਿਤ ਕਰ ਦਿਤਾ। ਪੰਚਾਲ ਦੇਸ਼ ਦੇ ਰਾਜੇ ਦ੍ਰੂਪਦ ਦੀ ਪੁਤ੍ਰੀ ਦ੍ਰੋਪਦੀ[4], ਦੁਰਯੋਧਨ ਦੀ ਸਭਾ ਵਿਚ ਨੰਗੀ ਕੀਤੇ ਜਾਣ ਤੋਂ ਬਚ ਗਈ। ਏਥੇ ਹੀ ਬਸ ਨਹੀਂ, ਨਾਮ ਦੇ ਸਿਰ ਸਦਕੇ [4]ਗਨਿਕਾ ਅਤੇ ਅਜਾਮਲ ਵਰਗੇ ਜਗਤ-ਪ੍ਰਸਿਧ ਵਿਕਾਰੀ ਵਿਅਕਤੀ ਭਵ-ਸਾਗਰ ਤੋਂ ਪਾਰ ਹੋ ਗਏ। ਨਾਮ ਦੀ ਮਹਿਮਾ ਅਕੱਥ ਹੈ।

ਨਾਮ ਤੋਂ ਵਿਰਵਾ ਮਨੁੱਖ ਸਦਾ ਦੁੱਖਾਂ [5]ਕਲੇਸ਼ਾਂ ਵਿਚ ਘਿਰਿਆ ਰਹਿੰਦਾ ਹੈ। ਅਜਿਹੇ ਮਨੁੱਖ ਨੂੰ ਆਮ ਜੀਵਨ ਵਿਚ ਤਾਂ ਕੀ, [6]ਸੁਪਨੇ ਵਿਚ ਵੀ ਸੁਖ ਨਹੀਂ ਮਿਲਦਾ। ਜੋ ਵਿਅਕਤੀ ਆਦਰਸ਼ਕ ਨਾਮ-ਭੋਜਨ ਨੂੰ ਛਡ ਕੇ ਮਾਇਆ ਦੇ ਹੋਛੇ ਰਸਾਂ ਕਸਾਂ ਵਿਚ ਖੱਚਤ ਰਹਿੰਦਾ ਹੈ ਉਹ ਮਨੁੱਖੀ ਜਾਮੇ ਵਿਚ ਵਿਚਰਦਾ ਹੋਇਆ ਪਸ਼ੂ ਹੈ ਅਤੇ ਪਸ਼ੂ ਵੀ ਕੁੱਤੇ ਅਤੇ [7]ਸੂਰ ਵਰਗੀਆਂ ਨੀਚ ਜੂਨੀਆਂ ਵਾਲਾ

---

1. ਸੁਖ ਮਹਿ ਬਹੁ ਸੰਗੀ ਭਏ ਦੁਖ ਮਹਿ ਸੰਗਿ ਨ ਕੋਇ ॥
ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥੩੨॥ [ਸਲੋਕ ਮ: ੯
—ਇਕ ਭਗਤਿ ਨਾਰਾਇਨ ਹੋਇ ਸੰਗਿ ॥੩॥੪॥ [ਬਸੰਤੁ ਮ: ੯
2. ਜਬ ਹੀ ਸਰਨਿ ਗਹੀ ਕਿਰਪਾ-ਨਿਧਿ ਗਜੁ ਗਰਾਹ ਤੇ ਛੂਟਾ ॥
ਮਹਿਮਾ ਨਾਮ ਕਹਾ ਲਉ ਬਰਨਉ ਰਾਮੁ ਕਹਤ ਬੰਧਨ ਤਿਹ ਟੂਟਾ ॥੨॥੪॥
[ਸੋਰਠਿ ਮ: ੯
3. ਅਟਲੁ ਭਇਓ ਧ੍ਰੂ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ ॥
ਦੁਖ-ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ॥੧॥
—ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ ॥
ਅਚਲ ਅਮਰ ਨਿਰਭੈ ਪਦੁ ਪਾਇਓ ਜਗਤੁ ਜਾਹਿ ਹੈਰਾਨੋ ॥੨॥੧॥ [ਬਿਲਾਵਲੁ ਮ: ੯
4. ਹਰਿ ਕੋ ਨਾਮੁ ਸਦਾ ਸੁਖਦਾਈ ॥
ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂੰ ਗਤਿ ਪਾਈ ॥
ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ ॥
ਤਾ ਕੋ ਦੂਖ ਹਰਿਓ ਕਰੁਣਾਮੈ ਅਪਨੀ ਪੈਜ ਬਢਾਈ ॥੧॥੧॥ [ਮਾਰੂ ਮ: ੯
5. ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥੧॥ ਰਹਾਉ॥੨॥ [ਬਿਲਾਵਲੁ ਮ: ੯
6. ਜਨ ਨਾਨਕ ਭਗਵੰਤ ਭਜਨ ਬਿਨੁ ਸੁਖੁ ਸੁਪਨੇ ਭੀ ਨਾਹੀ ॥੨॥੨॥ [ਸਾਰੰਗ ਮ: ੯
7. ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥
ਜੈਸੇ ਸੂਕਰ ਸੁਆਨ ਨਾਨਕ ਮਾਨਹੁ ਤਾਹਿ ਤਨੁ ॥੪੪॥ [ਸਲੋਕ ਮ: ੯

ਗੰਦ-ਖਾਣਾ ।

ਗੁਰਬਾਣੀ ਵਿਚ ਬਾਰ ਬਾਰ ਨਾਮ ਜਪਣ ਦੀ ਤਾਕੀਦ ਕੀਤੀ ਹੋਈ ਹੈ । ਨਾਮ-ਸਿਮਰਨ ਦੀ ਜੁਗਤੀ ਇਹ ਹੈ ਕਿ ਇਕ-ਮਨ ਇਕ-ਚਿਤ ਹੋ ਕੇ ਪੂਰਨ ਪ੍ਰੇਮ, ਭਰੋਸੇ ਅਤੇ ਦ੍ਰਿੜ੍ਹਤਾ ਨਾਲ ਨਾਮ ਸਿਮਰਿਆ ਜਾਵੇ; [1]ਮੱਛੀ ਵਾਂਗ ਜੋ ਆਪਣੇ ਪ੍ਰਿਅ (ਜਲ) ਤੋਂ ਬਿਹੂਨ ਜੀਊਂਦੀ ਨਹੀਂ ਰਹਿ ਸਕਦੀ; [2]ਕੁੱਤੇ ਵਾਂਗ, ਜੋ ਮਾਲਕ ਉਤੇ ਭਰੋਸਾ ਰਖ ਕੇ ਵਫ਼ਾਦਾਰੀ ਨਾਲ ਉਸ ਦਾ ਦਰ ਮੱਲੀ ਰੱਖਦਾ ਹੈ ।

ਪੱਥਰ ਕਠੋਰ ਹੁੰਦਾ ਹੈ । ਪੱਥਰ ਭਾਵੇਂ ਸੌ ਵਰ੍ਹੇ ਜਲ ਵਿਚ ਪਿਆ ਰਵ੍ਹੇ, ਉਸ ਵਿਚ ਪਾਣੀ ਪ੍ਰਵੇਸ਼ ਨਹੀਂ ਕਰ ਸਕਦਾ । ਏਸੇ ਤਰ੍ਹਾਂ ਨਾਮ-ਹੀਣ [3]ਮਨੁੱਖ ਦਾ ਮਨ ਪੱਥਰ-ਵਤ ਕਠੋਰ ਹੁੰਦਾ ਹੈ, ਜਿਸ ਵਿਚ ਸ਼ੁਭ ਗੁਣਾਂ ਦਾ ਪ੍ਰਵੇਸ਼ ਨਹੀਂ ਹੋ ਸਕਦਾ । ਅਜਿਹੇ ਖੋਟੇ [4]ਪੁਰਸ਼ਾਂ ਦੀ ਸੰਗਤ ਤੋਂ ਸਦਾ ਬਚੇ ਰਹਿਣ ਵਿਚ ਹੀ ਸਲਾਮਤੀ ਹੈ ।

ਗੁਰੂ ਦਾ 'ਮੰਤਰ' ਨਾਮ ਹੈ । ਕ੍ਰੋੜਾਂ ਦੀ ਗਿਣਤੀ ਵਿਚੋਂ ਕਿਸੇ ਵਿਰਲੇ [5]ਵਡਭਾਗੇ ਨੂੰ ਹੀ ਪ੍ਰਾਪਤ ਹੁੰਦਾ ਹੈ ।

ਮਨੁੱਖਾ-ਜਨਮ :

ਰਾਮ ਦੀ ਜਗਤ-ਰਚਨਾ ਵਿਚੋਂ ਸਭ ਤੋਂ ਵਚਿੱਤਰ ਅਤੇ ਮਹਾਨ ਰਚਨਾ 'ਮਨੁੱਖ' ਦੀ ਹੈ । 'ਮਨੁੱਖ' ਧਰਤੀ ਦਾ ਸਰਦਾਰ ਹੈ ਅਤੇ ਬਾਕੀ ਦੀਆਂ ਸਾਰੀਆਂ ਜੂਨੀਆਂ ਦੇ ਜੀਵ ਜੰਤੂ ਇਸ ਦੀ ਤਾਬੇਦਾਰੀ ਵਿਚ ਹਨ । ਮਨੁੱਖਾ ਜਨਮ ਬੜਾ [6]ਕੀਮਤੀ ਹੈ ਅਤੇ ਜੂਨਾਂ ਦਾ ਗੇੜਾ ਕਟਦਿਆਂ ਵਡੇ ਭਾਗਾਂ ਨਾਲ ਪ੍ਰਾਪਤ ਹੋਇਆ

---

1. ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨ ॥੧॥ [ਸਲੋਕ ਮ: ੯
2. ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨੁ ਤਜਤ ਨਹੀ ਨਿਤ ॥
ਨਾਨਕ ਇਹ ਬਿਧਿ ਹਰਿ ਭਜਹੁ ਇਕ ਮਨਿ ਹੁਇ ਇਕ ਚਿਤਿ ॥੪੫॥ [ਸਲੋਕ ਮ: ੯
3. ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ ॥
ਤੈਸੇ ਹੀ ਤੁਮ ਤਾਹਿ ਪਛਾਨੋ ਭਗਤਿ ਹੀਨ ਜੋ ਪ੍ਰਾਨੀ ॥੨॥੩॥ [ਬਿਲਾਵਲੁ ਮ: ੯
4. ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ॥੧॥
[ਗਉੜੀ ਮ: ੯
5. ਕੋਟਨ ਮਹਿ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥ [ਸਲੋਕ ਮ: ੯
—ਜਨ ਨਾਨਕ ਕੋਟਨ ਮੈ ਕੋਊ ਭਜਨੁ ਰਾਮ ਕੋ ਪਾਵੈ ॥੨॥੩॥ [ਗਉੜੀ ਮ: ੯
6. ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥੨੭॥ [ਸਲੋਕ ਮ: ੯
—ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥
ਨਾਨਕੁ ਕਹਤੁ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥੨॥੨॥ [ਸੋਰਠਿ ਮ: ੯

ਹੈ। ਮਨੁੱਖਾ ਜਨਮ ਵਾਹਿਗੁਰੂ-ਪ੍ਰਾਪਤੀ ਦਾ ਅਮੋਲਕ ਅਉਸਰ ਹੈ, ਇਹ [1]ਬਾਰ ਬਾਰ ਨਹੀਂ ਮਿਲਣਾ। ਇਸ ਤੋਂ ਖੁੰਝਿਆਂ ਚੁਰਾਸੀ ਲੱਖ ਜੂਨਾਂ ਦਾ ਗੇੜਾ ਪੈ ਜਾਂਦਾ ਹੈ।

ਮਨੁੱਖੀ ਸਰੀਰ ਪਰਕਿਰਤੀ ਦਾ ਹੀ ਅੰਗ ਹੈ ਤੇ ਇਸ ਵਿਚ ਸਮੇਂ ਦੇ ਗੇੜ ਨਾਲ ਤਬਦੀਲੀ ਵਾਪਰਦੀ ਰਹਿੰਦੀ ਹੈ। ਮਨੁੱਖ ਸੋਚਦਾ ਹੈ ਕਿ ਮੈਂ ਵੱਡਾ ਹੋ ਰਿਹਾ ਹਾਂ, ਪਰ ਅਸਲੀਅਤ ਇਹ ਹੈ ਕਿ ਛਿਨ ਛਿਨ ਕਰ ਕੇ ਉਮਰ ਘਟਦੀ ਰਹਿੰਦੀ ਹੈ। ਮਨੁੱਖੀ ਆਯੂ ਦੇ ਤਿੰਨ ਭਾਗ ਹਨ : ਬਚਪਨ, ਜਵਾਨੀ ਅਤੇ ਬੁਢੇਪਾ। ਹਰੇਕ ਅਵਸਥਾ ਦੇ ਆਪਣੇ ਗੁਣ ਹਨ ਤੇ ਨਾਲ ਹੀ ਨੁਕਸ ਵੀ; ਜਿਵੇਂ—

ਅਵਸਥਾ	ਗੁਣ	ਨੁਕਸ
ਬਚਪਨ	ਭੋਲਾ-ਪਣ, ਨਿਰਛਲਤਾ, ਖੇੜਾ, ਤਾਜ਼ਗੀ	ਅੰਞਾਣ-ਪੁਣਾ, ਬੇਸਮਝੀ
ਜਵਾਨੀ	ਸਾਹਸ, ਬਲ, ਵਿਕਾਸ, (ਸ੍ਰੀਰਕ ਤੇ ਬੌਧਿਕ) ਚੇਤੰਨਤਾ	ਮਦ-ਮਸਤੀ, ਵਿਕਾਰ-ਗ੍ਰਸਤਤਾ
ਬੁਢੇਪਾ	ਪਰਪਕਤਾ (maturity) ਤਜਰਬੇਕਾਰੀ, ਨਿਪੁੰਨਤਾ	ਨਿਰਬਲਤਾ, ਮੁਥਾਜੀ

ਉਪ੍ਰੋਕਤ ਤਿੰਨੇ ਹੀ ਅਵਸਥਾਵਾਂ ਦੁਨਿਆਵੀ ਤੌਰ ਤੇ ਭਾਵੇਂ ਕਿੰਨੀਆਂ ਸੁਖੀ ਤੇ ਵਿਕਾਸ-ਸ਼ੀਲ ਕਿਉਂ ਨਾ ਹੋਣ, ਨਾਮ ਸਿਮਰਨ ਤੋਂ ਬਗ਼ੈਰ ਸਾਰੀਆਂ ਹੀ [2]ਵਿਅਰਥ ਤੇ ਫਿਟਕਾਰ ਯੋਗ ਹਨ।

ਮਨੁੱਖੀ ਸਰੀਰ ਦਾ ਡਰਾਮਾ, ਬਚਪਨ, ਜਵਾਨੀ ਅਤੇ ਬੁਢੇਪਾ, ਤਿੰਨ ਸੀਨ ਵਿਖਾ ਕੇ ਡਰਾਪ ਹੋ ਜਾਂਦਾ ਹੈ। ਇਸ ਸਰੀਰ ਦੀ ਪਾਇਆਂ ਕੋਈ ਨਹੀਂ। ਬਾਗ਼ਸ਼ ਦੇ ਗੜਿਆਂ ਵਾਂਗ ਛਿਨ-ਭੰਗਰ ਅਤੇ [3]ਨਾਸ਼ਮਾਨ ਹੈ। ਇਹ ਮਾਦੀ ਸਰੀਰ ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ ਅਤੇ ਅੰਤ ਨੂੰ ਇਹਨਾਂ ਵਿਚ ਹੀ [4]ਸਮਾ ਜਾਂਦਾ

1. ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ ॥੨॥੯॥ [ਗਉੜੀ ਮ: ੯

2. ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥
ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥੩੫॥ [ਸਲੋਕ ਮ: ੯

3. ਬਿਨਸਤ ਨਹ ਲਗੈ ਬਾਰ ਓਰੇ ਸਮ ਗਾਤੁ ਹੈ ॥੧॥ ਰਹਾਉ॥ [ਜੈਜਾਵੰਤੀ ਮ: ੯

4. ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮਹਿ ਮਾਨੁ ॥੧੧॥ [ਸਲੋਕ ਮ: ੯

KhalsaSpirit.com

ਹੈ। ਵੇਖਣ ਨੂੰ ਤਾਂ ਭਾਵੇਂ ਇਹ ਸਰੀਰ ਚਲਦਾ ਫਿਰਦਾ ਨਜ਼ਰ ਆਉਂਦਾ ਹੈ, ਪਰ ਵਾਸਤਵ ਵਿਚ ਇਹ ਸਰੀਰ ਮਿੱਟੀ ਦਾ ਪੁਤਲਾ ਹੈ ਅਤੇ ਇਸ ਨੂੰ ਚਲਾਉਣ ਵਾਲਾ (ਰਾਮ) ਇਸ ਦੇ ਅੰਦਰ ਵਸਦਾ ਹੈ, ਜੋ ਅਦ੍ਰਿਸ਼ਟ ਹੈ, ਪਰ ਹੈ [1]ਸਦੀਵੀ। ਵਿਵੇਕ-ਦ੍ਰਿਸ਼ਟੀ ਨਾ ਹੋਣ ਕਾਰਨ ਮਨੁੱਖ ਨੂੰ ਸਰੀਰ ਵਿਚ ਵਸਦਾ ਰਮਤ-ਰਾਮ ਦਿਸਦਾ ਨਹੀਂ ਤੇ ਮਨੁੱਖ ਇਸ ਦਿਸਦੇ ਸਰੀਰ ਨੂੰ ਹੀ 'ਸਤਿ' ਮੰਨ ਕੇ ਇਸ ਨੂੰ ਪਾਲਣ, ਪੋਸਣ, ਅਤੇ ਸਵਾਰਨ ਸ਼ਿੰਗਾਰਨ ਵਿਚ, ਅਥਵਾ ਦੇਹ-ਅਧਿਆਸ ਵਿਚ ਸਾਰੀ ਉਮਰ ਰੁਝਿਆ ਰਹਿੰਦਾ ਹੈ, ਜਿਸ ਕਾਰਨ ਜਨਮ ਵਿਅਰਥ ਲੰਘ ਜਾਂਦਾ ਹੈ ਅਤੇ ਖੁਆਰੀ ਹੀ ਪਲੇ ਪੈਂਦੀ ਹੈ।

ਯਥਾਰਥ ਇਹ ਹੈ ਕਿ ਸਰੀਰ ਦੀ ਮਹੱਤਤਾ ਓਨੀ ਦੇਰ ਤਕ ਹੈ, ਜਿੰਨੀ ਦੇਰ ਤਕ ਇਸ ਵਿਚ ਰੂਹ ਵਸਦੀ ਹੈ। ਰੂਹ ਦੇ ਸਰੀਰ ਵਿਚੋਂ [2]ਉਡਾਰੀ ਮਾਰਦਿਆਂ ਹੀ ਇਹ ਸਰੀਰ ਨਿਕੰਮੀ ਮਿੱਟੀ ਦੇ ਰੂਪ ਵਿਚ ਬਾਕੀ ਰਹਿ ਜਾਂਦਾ ਹੈ, ਜੋ ਫ਼ਜ਼ੂਲ ਜਾਣ ਕੇ [3]ਸਾੜ ਫੂਕ ਦਿੱਤਾ ਜਾਂਦਾ ਹੈ। ਸਰੀਰ, ਨਾਲ ਨਿਭਣ ਵਾਲੀ ਸ਼ੈ ਨਹੀਂ, ਪਰ [4]ਅਸਚਰਜਤਾ ਵਾਲੀ ਗੱਲ ਹੈ ਕਿ ਇਸ ਵਿਚ ਉਲਝ ਕੇ ਮਨੁੱਖ ਆਤਮਾ ਅਤੇ ਪਰਮਾਤਮਾ ਵਲੋਂ ਸਾਰੀ ਉਮਰ ਅਵੇਸਲਾ ਹੀ ਰਹਿੰਦਾ ਹੈ ਅਤੇ ਨਾਸ਼ਮਾਨ ਪਦਾਰਥਾਂ ਨੂੰ ਸਥਿਰ ਮੰਨੀ ਬੈਠਾ ਹੈ।

ਮਨੁੱਖਾ ਦੇਹ ਦੀ ਵਿਸ਼ੇਸ਼ਤਾ ਅਤੇ ਸਰਬੋਤਮਤਾ ਬਿਬੇਕ-ਬੁਧੀ ਕਰਕੇ ਹੀ ਹੈ। ਨਾਮ ਸਿਮਰਨ ਵਾਲਾ ਸਰੀਰ ਸਫਲ ਹੈ। ਨਾਮ-ਹੀਣ ਮਨੁੱਖ ਦੀ ਦੇਹੀ [5]ਵਿਅਰਥ ਹੈ; ਇਸ ਵਿਚ ਅਤੇ [6]ਕਾਵਾਂ, ਕੁੱਤਿਆਂ, ਸੂਰਾਂ ਆਦਿ ਗੰਦ-ਖਾਣੇ ਪਸ਼ੂ ਪੰਖੀਆਂ ਦੀ ਦੇਹੀ ਵਿਚ ਕੋਈ ਫ਼ਰਕ ਨਹੀਂ।

---

1. ਸਾਧੋ ਇਹੁ ਤਨੁ ਮਿਥਿਆ ਜਾਨਉ ॥
ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥੧॥ ਰਹਾਉ॥੧॥ [ਬਸੰਤੁ ਮ: ੯
2. ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮਹਿ ਮੀਤ ॥੪੨॥ [ਸਲੋਕ ਮ: ੯
3. ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮਹਿ ਦੀਨਾ ॥੧॥੨॥ [ਤਿਲੰਗ ਮ: ੯
4. ਇਕਿ ਬਿਨਸੈ ਇਕਿ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥੧॥ ਰਹਾਉ॥੨॥
[ਗਉੜੀ ਮ: ੯
5. ਜਾ ਮਹਿ ਭਜਨੁ ਰਾਮ ਕੋ ਨਾਂਹੀ ॥
ਤਿਹ ਨਰਿ ਜਨਮੁ ਅਕਾਰਥੁ ਖੋਇਆ ਯਹ ਰਾਖਹੁ ਮਨ ਮਾਹੀ ॥੧॥ ਰਹਾਉ॥੩॥
[ਬਿਲਾਵਲੁ ਮ: ੯
6. ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥
ਜੈਸੇ ਸੂਕਰ ਸੁਆਨੁ ਨਾਨਕ ਮਾਨੋ ਤਾਹਿ ਤਨੁ ॥੪੪॥ [ਸਲੋਕ ਮ: ੯

ਮਨ :

ਜਿਵੇਂ ਜਗਤ-ਰਚਨਾ ਵਿਚ ਮਨੁੱਖ ਪ੍ਰਧਾਨ ਹਸਤੀ ਹੈ ਇਸੇ ਤਰ੍ਹਾਂ ਮਨੁੱਖੀ ਸਰੀਰ ਵਿਚ ਮਨ ਦਾ ਵਿਸ਼ੇਸ਼ ਅਸਥਾਨ ਹੈ। ਸਰੀਰ-ਗਡੀ ਦਾ 'ਮਨ' ਚਪਲ ਘੋੜਾ ਹੈ, ਜਿਸ ਦੀ ਦੌੜ ਦੇਸ ਕਾਲ ਦੀਆਂ ਹੱਦਾਂ ਟਪ ਜਾਂਦੀ ਹੈ। ਮਨੁੱਖੀ ਵਿਕਾਸ ਵਿਚ ਮਨ ਦਾ ਵਿਸ਼ੇਸ਼ ਕਰਤੱਵ ਹੈ। ਮਨੁੱਖੀ ਸਰੀਰ ਦੇ ਸਾਰੇ ਗਿਆਨ-ਇੰਦਰੇ ਅਤੇ ਕਰਮ-ਇੰਦਰੇ ਮਨ ਦੇ ਕਰਿੰਦੇ ਹਨ ਅਤੇ ਮਨ ਦੀ ਕਮਾਂਡ (ਅਰਦਲ) ਥਲੇ ਕੰਮ ਕਰਦੇ ਹਨ।

ਮਨ ਦੀ ਹਸਤੀ ਬਾਰੇ ਬੁਧੀ-ਜੀਵੀਆਂ ਨੇ ਬੜੀਆਂ ਕਿਆਸ-ਅਰਾਈਆਂ ਕੀਤੀਆਂ ਹਨ, ਪਰ ਗੁਰਬਾਣੀ ਵਿਚ ਮਨ ਬਾਰੇ ਜੋ ਯਥਾਰਥ ਗਿਆਨ ਪ੍ਰਾਪਤ ਹੁੰਦਾ ਹੈ ਉਹ ਇਸ ਪ੍ਰਕਾਰ ਹੈ:

ਇਹੁ ਮਨੁ ਸਕਤੀ ਇਹੁ ਮਨੁ ਸੀਉ ॥
ਇਹੁ ਮਨੁ ਪੰਚ ਤਤ ਕੋ ਜੀਉ ॥
ਇਹੁ ਮਨੁ ਲੇ ਜਉ ਉਨਮਨਿ ਰਹੈ ॥
ਤਉ ਤੀਨਿ ਲੋਕ ਕੀ ਬਾਤੈ ਕਹੈ ॥੩੩॥

[ਗਉੜੀ ਬਾਵਨ ਅਖਰੀ ਕਬੀਰ ਜੀ, ੩੪੨

ਮਨ ਅਸਲ ਵਿਚ ਜੋਤਿ-ਸਰੂਪ ਹੈ। ਆਪਣੇ ਅਸਲੇ ਨਾਲ ਜੁੜਿਆ ਮਨ ਅਨੰਤ ਸ਼ਕਤੀਆਂ ਦਾ ਮਾਲਕ ਹੈ। ਪਰ ਮਾਇਆ ਦੇ ਪ੍ਰਬਲ ਪ੍ਰਭਾਵ ਥਲੇ ਆ ਕੇ ਮਾਇਆ ਦੇ [1]ਨਸ਼ੇ ਕਾਰਨ ਇਸ ਵਿਚ ਵਿਗਾੜ ਆ ਜਾਂਦਾ ਹੈ। ਮਾਇਕੀ ਪਦਾਰਥਾਂ ਦੇ ਫ਼ਜ਼ੂਲ ਚਸਕਿਆਂ ਵਿਚ ਫਸ ਕੇ ਇਹ ਮਨ ਆਪਣੀ ਸ਼ਕਤੀ [2]ਵਿਅਰਥ ਗੁਆ ਦਿੰਦਾ ਹੈ।

ਮਨ ਦੀ ਭਟਕਣਾ ਦਾ ਮੂਲ ਕਾਰਨ ਇਹ ਹੈ ਕਿ ਮਨ [3]ਤ੍ਰਿਸ਼ਨਾ ਦੀ ਸੰਗਤਿ ਵਿਚ ਵਸਦਾ ਹੈ, ਜੋ ਮਹਾਂ ਚੰਚਲ ਹੈ। ਤ੍ਰਿਸ਼ਨਾ ਦਾ ਹਦ ਬੰਨਾ ਹੀ ਕੋਈ ਨਹੀਂ,

---

1. ਭੂਲਿਓ ਮਨੁ ਮਾਇਆ ਉਰਝਾਇਓ ॥੧॥ ਰਹਾਉ॥ [ਜੈਤਸਰੀ ਮ: ੯
—ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਿਛੁ ਗਿਆਨਾ ॥੨॥੭॥ [ਸੋਰਠਿ ਮ: ੯
2. ਪਰ-ਧਨ ਪਰ-ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ ॥੧॥੭॥ [ਸੋਰਠਿ ਮ: ੯
3. ਸਾਧੋ ਇਹੁ ਮਨੁ ਗਹਿਓ ਨ ਜਾਈ ॥
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥੧॥ ਰਹਾਉ॥੪॥ [ਗਉੜੀ ਮ: ੯

ਜਿਉਂ ਜਿਉਂ ਪਦਾਰਥ ਪ੍ਰਾਪਤ ਹੁੰਦੇ ਹਨ, ਇਹ ਬੁਝਣ ਦੀ ਬਜਾਏ ਹੋਰ ਮੱਚਦੀ ਹੈ । ਲੋਭ-ਲਹਿਰ ਦਾ [1]ਹਲਕਾਇਆ ਹੋਇਆ ਇਹ ਮਨ ਧਨ ਇਕੱਤਰ ਕਰਨ ਦੀ ਖ਼ਾਤਰ ਸ਼ੁਦਾਈਆਂ ਵਾਂਗ ਦਸਾਂ ਦਿਸ਼ਾਂ ਵਿਚ ਟੱਕਰਾਂ ਮਾਰਦਾ ਫਿਰਦਾ ਹੈ । ਆਤਮਿਕ ਸੁਖ ਨੂੰ ਛੱਡ ਕੇ ਮਾਇਕੀ ਹੋਛੇ ਰਸਾਂ ਪਿਛੇ ਲੂਰ ਲੂਰ ਕਰੀ ਫਿਰਦਾ ਹੈ । ਜਣੇ ਖਣੇ ਦੀ [2]ਤਾਬੇਦਾਰੀ ਕਰ ਕੇ ਆਪਣੇ ਆਪ ਨੂੰ ਹੌਲਾ ਤੇ ਜ਼ਲੀਲ ਕਰਦਾ ਹੈ । ਲੋਭੀ ਕੁੱਤੇ ਵਾਂਗ ਦਰ ਦਰ ਤੇ ਭਟਕਦਾ ਫਿਰਦਾ ਹੈ । ਸੁਖਾਂ ਦੀ ਖ਼ਾਤਰ ਖੱਲਜਗਣਾਂ ਵਿਚ ਪੈ ਕੇ ਸੁਖਾਂ ਨਾਲੋਂ ਜ਼ਿਆਦਾ ਦੁਖ ਭੋਗਦਾ ਰਹਿੰਦਾ ਹੈ । ਮਨ ਦੀ ਭਟਕਣਾ ਦਾ ਦੂਜਾ ਕਾਰਨ [3]"ਭਰਮ" ਹੈ; ਭਰਮ ਇਹ ਕਿ :

(੧) "ਰੱਬ ਪਤਾ ਨਹੀਂ ਹੈ ਕਿ ਨਹੀਂ,

(੨) ਮਾਇਆ ਅਤੇ ਇਸ ਦੇ ਰਸ ਭੋਗਣ ਵਿਚ ਹੀ ਸੁਖ ਹੈ;

(੩) ਰੂਹ ਕਿਹੜਾ ਕਿਸੇ ਦੇਖੀ ਹੈ, ਇਹ ਸਰੀਰ ਹੀ ਸਭ ਕੁਝ ਹੈ" ਆਦਿ ।

ਇਹ ਭਰਮ ਅਗਿਆਨਤਾ ਦੀ ਉਪਜ ਹੈ ਅਤੇ ਓਨੀ ਦੇਰ ਨਹੀਂ ਮਿਟ ਸਕਦਾ ਜਿੰਨੀ ਦੇਰ ਤਕ ਗਿਆਨ ਦੁਆਰਾ [4]ਆਪਾ ਨਹੀਂ ਪਛਾਣਿਆ ਜਾਂਦਾ । ਗਿਆਨ ਗੁਰੂ ਤੋਂ ਬਗ਼ੈਰ ਪ੍ਰਾਪਤ ਨਹੀਂ ਹੁੰਦਾ । ਸੋ ਤੱਤ ਇਹ ਨਿਕਲਿਆ ਕਿ ਮਨ ਦੀ ਭਟਕਣਾ ਉਦੋਂ ਮੁਕਦੀ ਹੈ ਜਦੋਂ ਵਡੇ ਭਾਗਾਂ ਕਰਕੇ ਇਸ ਨੂੰ [5]'ਗੁਰੂ' ਮਿਲਦਾ ਹੈ ਅਤੇ ਗੁਰੂ ਪਾਸੋਂ ਨਾਮ ਦੀ ਦਾਤਿ ਪ੍ਰਾਪਤ ਹੁੰਦੀ ਹੈ । ਨਾਮ-ਸਿਮਰਨ ਦੀ ਬਰਕਤ ਨਾਲ ਗਿਆਨ ਪ੍ਰਚੰਡ ਹੁੰਦਾ ਹੈ ਤੇ ਭਰਮ ਦੇ ਛੌੜ ਕਟੇ ਜਾਂਦੇ ਹਨ;

---

1. ਲੋਭਿ ਗ੍ਰਸਿਓ ਦਸਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥੧॥ ਰਹਾਉ॥੧॥
[ਆਸਾ ਮ: ੯

2. ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥੧॥੧॥
[ਆਸਾ ਮ: ੯

3. ਸਗਲ ਜਨਮੁ ਭਰਮ ਹੀ ਭਰਮਿ ਖੋਇਓ ਨਹ ਅਸਥਿਰ ਮਤਿ ਪਾਈ ॥੧॥੬॥
[ਸੋਰਠਿ ਮ: ੯

4. ਜਨ ਨਾਨਕ ਬਿਨੁ ਆਪਾ ਚੀਨੇ੍ ਮਿਟੈ ਨ ਭ੍ਰਮ ਕੀ ਕਾਈ ॥੨॥੧॥ [ਧਨਾਸਰੀ ਮ: ੯

5. ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ ॥੧॥ ਰਹਾਉ॥੨॥
[ਬਿਲਾਵਲੁ ਮ: ੯

—ਕਲਿ ਮਹਿ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ ॥੩॥੩॥
[ਬਿਲਾਵਲੁ ਮ: ੯

[1]ਦੁਰਮਤਿ ਦੀ ਮੈਲ ਉਤਰ ਜਾਂਦੀ ਹੈ ਅਤੇ ਮਨ ਨਿਰਮਲ ਹੋ ਜਾਂਦਾ ਹੈ।

ਇਕ ਤਾਂ ਪਿਛਲੇ ਜਨਮਾਂ/ਜੂਨਾਂ ਦੇ ਸੰਸਕਾਰਾਂ ਕਾਰਨ ਅਤੇ ਦੂਜੇ ਮਾਇਆ ਦੇ ਪ੍ਰਬਲ ਪ੍ਰਭਾਵ ਕਾਰਨ ਮਨ ਅਮੋੜ ਅਤੇ ਅਵੈੜਾ ਵਿਚਰਦਾ ਰਿਹਾ। ਬਥੇਰੇ ਜਤਨ ਕੀਤੇ, ਪਰ ਜਿਵੇਂ ਕੁੱਤੇ ਦੀ [2]ਪੂਛਲ ਸੌ ਵਰ੍ਹੇ ਨਲਕੀ ਵਿਚ ਪਾ ਰਖਣ ਮਗਰੋਂ ਵੀ ਡਿੰਗੀ ਦੀ ਡਿੰਗੀ ਰਹਿੰਦੀ ਹੈ, ਮਨ ਦੇ ਵਿੰਗ-ਵਲ ਨਾ ਨਿਕਲੇ ਤੇ ਇਹ ਭਟਕਦਾ ਹੀ ਰਿਹਾ। ਪ੍ਰਭੂ ਦੀ ਮਿਹਰ ਦਾ ਸਦਕਾ ਸਤਿਗੁਰੂ ਮਿਲਿਆ, ਜਿਸ ਤੋਂ [3]ਗੁਰਮਤਿ-ਨਾਮ ਦੀ ਪ੍ਰਾਪਤੀ ਹੋਈ। ਨਾਮ ਦੀ ਛੁਹ ਲਗਣ ਸਾਰ ਮਨ ਦੀ ਸਾਰੀ ਜ਼ਹਿਰ ਨਿਕਲ ਗਈ। ਸ਼ਬਦ-ਨਾਦ ਵਿਚ ਮਸਤ ਹੋਇਆ ਮਨ ਸ੍ਵੈ-ਸਰੂਪ ਵਿਚ ਟਿਕ ਗਿਆ। ਟਿਕਾਅ ਵਿਚ ਅਨੁਭਵ ਜਾਗਿਆ ਤੇ ਮਨ ਜੋਤਿ ਸਰੂਪ ਹੋ ਗਿਆ।

ਸੋ ਜਿਸ ਨੇ ਦਸੀਂ [4]ਪਾਸੀਂ ਭਟਕਦੇ ਚੰਚਲ ਮਨ ਨੂੰ ਅਸਥਿਤ ਕਰ ਕੇ ਅਫੁਰ ਕਰ ਲਿਆ ਹੈ, ਅਸਲ ਵਿਚ ਮੁਕਤੀ ਉਸੇ ਮਨੁੱਖ ਦੀ ਸਮਝਣੀ ਚਾਹੀਦੀ ਹੈ।

ਮਾਇਆ :

ਇਹ ਦ੍ਰਿਸ਼ਟਮਾਨ ਸਾਰੀ ਜਗਤ-ਰਚਨਾ ਪਰਕਿਰਤੀ ਜਾਂ ਮਾਇਆ ਹੈ। ਜਗਤ ਦਾ ਮੂਲ ਬ੍ਰਹਮ ਹੈ ਅਤੇ ਪਰਕਿਰਤੀ ਜਾਂ ਮਾਇਆ ਬ੍ਰਹਮ ਦੀ

---

1. ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥੩॥੭॥
[ਸੋਰਠਿ ਮ: ੯

2. ਸੁਆਨ ਪੂਛ ਜਿਉ ਭਇਓ ਨ ਸੂਧਉ ਬਹੁਤੁ ਜਤਨੁ ਮੈ ਕੀਨਉ ॥੩॥੯॥
[ਸੋਰਠਿ ਮ: ੯

3. ਮਾਈ ਮੈ ਧਨੁ ਪਾਇਓ ਹਰਿ ਨਾਮੁ ॥
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ॥
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥
ਲੋਭ ਮੋਹ ਏ ਪਰਸਿ ਨ ਸਾਕਹਿ ਗਹੀ ਭਗਤਿ ਭਗਵਾਨ ॥੧॥
ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥੩॥
[ਬਸੰਤੁ ਮ: ੯

4. ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲੁ ਜਾਹਿ ਠਹਿਰਾਨੋ ॥
ਕਹੁ ਨਾਨਕ ਇਹ ਬਿਧਿ ਕੋ ਜੋ ਨਰੁ ਮੁਕਤਿ ਤਾਹਿ ਤੁਮ ਮਾਨੋ ॥੨॥੩॥
[ਧਨਾਸਰੀ ਮ: ੯

[1]ਰਚਨਾ ਹੈ । ਇਹਨਾਂ ਦੋਹਾਂ ਵਿਚੋਂ ਕੇਵਲ ਬ੍ਰਹਮ ਹੀ ਅਨਾਦੀ ਹੈ ।

ਇਸ ਜਗਤ-ਖੇਡ ਵਿਚ ਮਾਇਆ ਮੁਖ ਨਾਇਕਾ ਹੈ । ਵਾਹਿਗੁਰੂ ਆਪ ਅਦ੍ਰਿਸ਼ਟ ਹੈ, ਪਰ ਉਸ ਦੀ ਮਾਇਆ ਕਈ ਰੂਪਾਂ ਵਿਚ ਵਰਤ ਕੇ ਵਾਹਿਗੁਰੂ ਵਲੋਂ ਬਖ਼ਸ਼ੀ ਹੋਈ [2]ਕਾਰ ਕਰ ਰਹੀ ਹੈ । ਇਹ ਮਾਇਆ ਵਿਧਾਤਾ ਨੇ ਰਚੀ ਹੈ ਤੇ ਅਤਿ ਲੋੜੀਂਦੀ ਵਸਤੂ ਹੈ । ਬੇਲੋੜੀ ਜਾਂ ਭੈੜੀ ਵਸਤੂ ਕੋਈ ਵਾਹਿਗੁਰੂ ਨੇ ਬਣਾਈ ਹੀ ਨਹੀਂ । ਗੁਰਵਾਕ ਹੈ—

ਇਸ ਤੇ ਹੋਇ ਸੁ ਨਾਹੀ ਬੁਰਾ ॥੨੩॥ *[ਗਉੜੀ ਸੁਖਮਨੀ ਮ: ੫, ੨੯੪*

ਮਾਇਆ ਬੁਰੀ ਵਸਤੂ ਨਹੀਂ । ਮਨੁੱਖੀ ਜੀਵਨ ਦੇ ਨਿਰਬਾਹ ਲਈ ਅਤੇ ਜੀਵਨ ਦੇ ਵਿਕਾਸ ਲਈ ਬੜੀ ਲੋੜੀਂਦੀ ਵਸਤੂ ਹੈ ['ਇਹ ਬਸਤੀ ਤਾ ਬਸਤੁ ਸਰੀਰਾ'] ਤੇ ਇਸ ਦੀ ਯੋਗ ਵਰਤੋਂ ਜੀਵਨ ਲਈ ਸਦਾ ਹੀ ਲਾਭਕਾਰੀ ਅਤੇ ਸੁਖਦਾਈ ਹੈ । ਮਾਇਆ ਦੇ ਸੁਖਾਂ ਦੀ, ਰਸਾਂ ਕਸਾਂ ਦੀ ਜੀਵਨ ਵਿਚ ਨਿਵੇਕਲੀ ਥਾਂ ਹੈ । ਇਹ ਰਸ ਕਸ ਆਪਣੇ ਆਪ ਵਿਚ ਮਿਠੇ ਤੇ ਸੁਖਦਾਈ ਹਨ, ਪਰ ਸ਼ਰਤ ਇਹ ਹੈ ਕਿ ਇਹਨਾਂ ਦੀ ਪ੍ਰਾਪਤੀ ਲਈ ਯੋਗ ਸਾਧਨ ਵਰਤੇ ਜਾਣ ਅਤੇ ਪ੍ਰਾਪਤੀ ਮਗਰੋਂ ਇਹਨਾਂ ਦੀ ਵਰਤੋਂ ਸੰਜਮ ਪੂਰਬਕ, ਕਿਸੇ ਨਿਸਚਿਤ ਸੀਮਾ ਤਕ ਕੀਤੀ ਜਾਵੇ ਅਤੇ ਇਹ ਸਾਰੇ ਰਸ ਮਾਣਦਿਆਂ ਹੋਇਆਂ ਮਨੁੱਖ ਦਾ ਚਿਤ ਇਹਨਾਂ ਦਾਤਾਂ ਦੇ ਦਾਤਾਰ ਦੀ ਯਾਦ ਅਤੇ ਉਸ ਦੇ ਸ਼ੁਕਰਾਨੇ ਵਿਚ ਜੁੜਿਆ ਰਹੇ ।

ਪਰ ਮਾਇਆ ਬੜੀ ਪ੍ਰਬਲ ਹੈ । ਇਸ ਦੀ ਸ਼ੋਭਾ ਅਤੇ ਸ਼ਕਤੀ ਨੂੰ ਵੇਖ ਕੇ ਇਸ ਦੇ ਕਾਦਰ ਤੋਂ ਅਨਜਾਣ ਮਨੁੱਖ ਮਾਇਆ ਉਤੇ ਭੁਲ ਜਾਂਦਾ ਹੈ; ਇਸ ਨੂੰ ਆਪਣਾ ਮਨ ਦੇ ਦਿੰਦਾ ਹੈ ਤੇ ਇਸ ਨਸ਼ੇ ਵਿਚ [3]ਝੱਲਾ ਹੋਇਆ ਫਿਰਦਾ ਹੈ । ਦਿਨੇ [4]ਰਾਤ ਮਾਇਆ ਹੀ ਇਸ ਦੇ ਦਿਲ ਦਿਮਾਗ਼ ਉਤੇ ਸਵਾਰ ਰਹਿੰਦੀ ਹੈ । ਇਸ ਦੀ ਪ੍ਰਾਪਤੀ ਲਈ ਨਾਨਾ ਪਰਪੰਚ ਕਰਦਾ ਹੈ, ਠੱਗੀਆਂ ਠੋਰੀਆਂ ਮਾਰਦਾ

---

1. ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥੨॥੧॥ [ਬਿਹਾਗੜਾ ਮ: ੯
2. ਸਿਮਰਤ ਨਹਿ ਕਿਉ ਮੁਰਾਰਿ ਮਾਇਆ ਜਾ ਕੀ ਚੇਰੀ ॥੨॥੩॥ [ਜੈਜਾਵੰਤੀ ਮ: ੯
3. ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ ॥੧॥੨॥ [ਦੇਵਗੰਧਾਰੀ ਮ: ੯
4. ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ॥੨੪॥ [ਸਲੋਕ ਮ: ੯

ਹੈ ਤੇ ਆਪਣੇ ਹੱਥੀਂ ਆਪਣੇ ਪੈਰਾਂ ਵਿਚ [1]ਬੇੜੀਆਂ ਪਾ ਲੈਂਦਾ ਹੈ। ਇਹ [2]ਮੂਰਖਾਂ ਵਾਲੀ ਕਿਰਿਆ ਨਹੀਂ ਤਾਂ ਹੋਰ ਕੀ ਹੈ ?

ਭੁਲਿਆ ਮਨੁੱਖ ਮਾਇਆ ਦੇ ਰਸਾਂ ਕਸਾਂ ਵਿਚ ਫਸ ਜਾਂਦਾ ਹੈ। ਮਾਇਆ ਦੇ ਛਿਨ-ਭੰਗਰੀ ਸੁਖਾਂ ਤੇ ਰਸਾਂ ਵਿਚੋਂ ਸਦੀਵੀ ਸੁਖ ਤੇ ਅਨੰਦ ਦੀ ਝੂਠੀ ਆਸ ਰਖ ਕੇ ਮਨੁੱਖ ਭੋਗੀ ਅਤੇ ਰੋਗੀ ਬਣ ਜਾਂਦਾ ਹੈ ਅਤੇ ਖ਼ੁਆਰ ਹੁੰਦਾ ਹੈ। ਪਰ ਕਸੂਰ ਕਿਸ ਦਾ ? ਆਪਣੀ ਅਨਜਾਣ ਮਤਿ ਦਾ। ਧਨ, ਦੌਲਤ, ਰਾਜ, ਮਿਲਖ, ਪੁੱਤਰ, ਸਾਕ ਅੰਗ, ਆਦਿ ਇਹ ਸਾਰੀਆਂ ਦਾਤਾਂ ਜੀਵਨ ਲਈ ਸਹਾਈ ਅਤੇ ਸੁਖਦਾਈ ਹਨ, ਪਰ ਦਾਤਾਂ ਬਖ਼ਸ਼ਸ਼ ਕਰਨ ਵਾਲੇ [3]ਦਾਤਾਰ ਨੂੰ ਵਿਸਾਰ ਕੇ, ਉਸ ਦੀਆਂ ਬਖ਼ਸ਼ੀਆਂ ਹੋਈਆਂ ਦਾਤਾਂ ਦੇ [4]ਮੋਹ ਵਿਚ ਫਸ ਕੇ, ਉਹਨਾਂ ਭੋਗਾਂ ਨੂੰ ਹੀ ਜੀਵਨ ਦਾ ਨਿਸ਼ਾਨਾ ਬਣਾ ਲੈਣ ਦਾ ਨਾਮ ਹੀ ਮਾਇਆ ਹੈ। ਕਰਤਾ ਪੁਰਖ ਨੇ ਮਾਇਆ ਮਨੁੱਖ ਦੀ ਦਾਸੀ ਬਣਾਈ ਸੀ, ਪਰ ਅਫ਼ਸੋਸ ! ਇਹ ਧਰਤੀ ਦਾ ਸਰਦਾਰ (ਮਨੁੱਖ) ਆਪਣੀ ਦਾਸੀ ਉਤੇ ਮੋਹਿਤ ਹੋ ਕੇ ਉਸ ਦੇ [5]ਹੱਥ ਵਿਕ ਗਿਆ ਤੇ ਉਸ ਨੂੰ ਆਪਣੀ ਮਾਲਕਾਣੀ ਸਮਝ ਕੇ ਉਸ ਦੀ ਤਾਬੇਦਾਰੀ ਇਖ਼ਤਿਆਰ ਕਰੀ ਬੈਠਾ ਹੈ। ਮਨੁੱਖੀ ਖ਼ੁਆਰੀ ਦਾ ਇਹੋ ਮੂਲ ਕਾਰਨ ਹੈ।

ਧਨ, ਦੌਲਤ, ਰਾਜ, ਮਿਲਖ, ਪੁੱਤਰ, ਮਿੱਤਰ, ਸਾਕ, ਸਨਬੰਧੀ ਮਾਇਆ ਦੇ ਵੱਖ ਵੱਖ ਰੂਪ ਹਨ। ਸਾਰੇ ਅੰਗ ਸਾਕ, ਮਾਇਆ-ਮੁਠੇ, ਆਪਣੇ ਸੁਖਾਂ ਦੇ ਹੀ [6]ਮਤਲਬੀ ਯਾਰ ਹਨ। ਉਹਨਾਂ ਨੂੰ ਸਜਣ ਸਮਝ ਕੇ ਤੇ ਉਹਨਾਂ ਦੇ ਮੋਹ ਵਿਚ ਫਸ ਕੇ, ਆਪਣੇ ਅਸਲੀ ਸਜਣ (ਵਾਹਿਗੁਰੂ) ਨੂੰ ਭੁਲਾ ਕੇ ਮਨੁੱਖ ਆਪਣੇ ਪੈਰੀਂ

---

1. ਜੋ ਜੋ ਕਰਮ ਕੀਓ ਲਾਲਚਿ ਲਗਿ ਤਿਹ ਤਿਹ ਆਪੁ ਬੰਧਾਇਓ ॥੧॥ ਰਹਾਉ ॥੧॥
[ਜੈਤਸਰੀ ਮ: ੯
2. ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥੨੮॥ [ਸਲੋਕ ਮ: ੯
3. ਤਨੁ ਧਨੁ ਜਿਹ ਤੋ ਕਉ ਦੀਓ ਤਾ ਸਿਉ ਨੇਹੁ ਨ ਕੀਨ ॥੭॥ [ਸਲੋਕ ਮ: ੯
4. ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ ॥
ਕਾਲ ਫਾਸ ਜਬ ਗਰਿ ਪਰੀ ਸਭੁ ਭਇਓ ਪਰਾਇਓ ॥੧॥੩॥ [ਤਿਲੰਗ ਮ: ੯
5. ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥਿ ਬਿਕਾਨਾ ॥੨॥੧੦॥
[ਸੋਰਠਿ ਮ: ੯
6. ਇਹ ਜਗਿ ਮੀਤੁ ਨ ਦੇਖਿਓ ਕੋਈ ॥
ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮਹਿ ਸੰਗਿ ਨ ਹੋਈ ॥੧॥ ਰਹਾਉ॥
ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ ॥
ਜਬ ਹੀ ਨਿਰਧਨੁ ਦੇਖਿਓ ਨਰ ਕਉ ਸੰਗੁ ਛਾਡਿ ਸਭਿ ਭਾਗੇ ॥੧॥ [ਸੋਰਠਿ ਮ: ੯

KhalsaSpirit.com

ਆਪ ਕੁਹਾੜਾ ਮਾਰ ਰਿਹਾ ਹੈ ਤੇ ਇਸ ਤਰ੍ਹਾਂ ਆਪਣੇ ਸ਼ੁਦਾਈ-ਪੁਣੇ ਦਾ ਸਬੂਤ ਦੇ ਰਿਹਾ ਹੈ। "ਮੇਰਾ ਮੇਰਾ" ਆਖ ਕੇ ਹਿਤ ਜਤਲਾਉਣ ਵਾਲੇ ਸਾਰੇ ਸਾਕ ਸਨਬੰਧੀ, ਮਿੱਤਰ ਦੋਸਤ, [1]ਸੁਖ ਵੇਲੇ ਤਾਂ ਘੇਰਾ ਘਤੀ ਰਖਦੇ ਹਨ, ਪਰ ਬਿਪਤਾ ਵੇਲੇ ਕੋਈ ਵਾਤ ਨਹੀਂ ਪੁਛਦਾ। ਏਥੋਂ ਤਕ ਕਿ ਜੀਵਨ ਪ੍ਰਯੰਤ ਨਾਲ-ਵਿਚਰਨ ਵਾਲੀ [2]ਜੀਵਨ-ਸਾਥਣ (ਅਰਧ-ਅੰਗੀ) ਵੀ ਸਾਥ ਛਡ ਜਾਂਦੀ ਹੈ। ਸਰੀਰ ਨਾਲੋਂ ਰੂਹ ਵੱਖ ਹੁੰਦਿਆਂ ਸਾਰ ਸਭ ਦੀਆਂ ਅੱਖਾਂ ਹੋਰ ਹੋ ਜਾਂਦੀਆਂ ਹਨ। ਸਾਰੇ 'ਭੂਤ' 'ਭੂਤ' ਆਖ ਕੇ "ਛੇਤੀ ਕਢੋ" "ਛੇਤੀ ਕਢੋ" ਦੀ ਟੇਰ ਪੁਕਾਰ ਕਰਨ ਲਗ ਜਾਂਦੇ ਹਨ।

ਵਾਸਤਵ ਵਿਚ ਸਾਰੀ ਮਾਇਆ ਭਰਮ-ਜਾਲ ਹੈ, ਮ੍ਰਿਗ-ਤ੍ਰਿਸ਼ਨਾ ਹੈ, ਠਗ-ਨੀਰਾ ਹੈ, ਠਗ-ਮੂਰੀ ਹੈ। ਇਸ ਦੇ ਮੋਹ ਵਿਚ ਸੰਕਟ ਹੀ [3]ਸੰਕਟ ਹਨ।

ਜਗ-ਰਚਨਾ :

ਇਹ ਸੰਸਾਰ, ਵਾਹਿਗੁਰੂ ਦੀ ਵਚਿਤਰ ਰਚਨਾ ਦਾ ਨਮੂਨਾ ਹੈ। ਰਚਨਹਾਰ ਆਪ ਸੁੰਦ੍ਰਾਵਲਾ ਹੈ, ਇਸ ਲਈ ਉਸਦੀ ਰਚਨਾ ਵੀ ਅਤੀਅੰਤ ਸੁੰਦਰ ਅਤੇ ਮਨ-ਮੋਹਣੀ ਹੈ। ਜਗਤ-ਰਚਨਾ ਕਿਉਂ ਅਤੇ ਕਿਵੇਂ ਹੋਈ, ਇਸ ਭੇਤ ਨੂੰ ਕਰਤੇ ਪੁਰਖ ਤੋਂ ਬਗ਼ੈਰ ਕੋਈ ਕੀ ਜਾਣ ਸਕਦਾ ਹੈ ? ਪਰ ਇਹ ਇਕ ਅਟੱਲ ਸਚਾਈ ਹੈ ਕਿ ਸਮੁੱਚਾ ਸੰਸਾਰ ਸੱਚੇ ਵਾਹਿਗੁਰੂ ਵਲੋਂ ਸੱਚ ਕਮਾਉਣ ਲਈ ਰਚੀ ਹੋਈ ਸੱਚੀ ਧਰਮਸਾਲ ਹੈ। ਸਮੁਚਾ ਸੰਸਾਰ ਅਤੇ ਇਸ ਦੀ ਹਰੇਕ ਵਸਤੂ ਦੇ ਰਚੇ ਜਾਣ ਦਾ ਵਿਸ਼ੇਸ਼ ਮੰਤਵ ਜ਼ਰੂਰ ਹੈ। ਪ੍ਰਯੋਜਨ ਇਹ ਹੈ ਕਿ ਜਗਤ ਦੀ ਹਰੇਕ ਵਸਤੂ ਨੇ ਸੱਚ ਦੇ ਖਿਡਾਰੀ ਮਨੁੱਖ ਨੂੰ ਸੱਚ-ਪ੍ਰਾਪਤੀ ਲਈ ਆਪੋ ਆਪਣੀ ਥਾਵੇਂ ਸਹਾਇਤਾ ਕਰਨੀ ਹੈ। ਇਸੇ ਕਾਰਨ ਹੀ ਇਹ ਜਗਤ-ਰਚਨਾ ਸੱਚੇ ਦੀ ਸੱਚੀ ਲੀਲ੍ਹਾ ਹੈ।

ਸੰਸਾਰ ਇਕ ਰਚਨਾ ਹੈ, ਪਰਕਿਰਤੀ ਹੈ। ਇਹ ਈਸ਼ਵਰੀ ਨਿਯਮ ਹੈ ਕਿ ਪਰਕਿਰਤੀ ਵਿਚ ਹਰ ਪਲ, ਹਰ ਛਿਨ ਤਬਦੀਲੀ ਵਾਪਰਦੀ ਰਹਿੰਦੀ ਹੈ ਅਤੇ ਸਮਾਂ ਪਾ ਕੇ ਇਸ ਦਾ ਰੂਪ ਵਟੀਜਦਾ ਰਹਿੰਦਾ ਹੈ। ਦਿਸਣਹਾਰ ਸਾਰਾ ਜਗਤ-ਪਸਾਰਾ ਨਾਸ਼ਮਾਨ ਹੈ। ਇਸੇ ਲਈ ਗੁਰਬਾਣੀ ਵਿਚ ਬਾਰ-ਬਾਰ ਸੰਸਾਰ

---

1. ਸੁਖ ਮਹਿ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸ ਘੇਰੈ ॥
ਬਿਪਤਿ ਪਰੀ ਸਭ ਹੀ ਸੰਗੁ ਛਾਡਤ ਕੋਊ ਨ ਆਵਤ ਨੇਰੈ ॥੧॥੧੨॥ [ਸੋਰਠਿ ਮ: ੯
2. ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗਿ ਲਾਗੀ ॥
ਜਬ ਹੀ ਹੰਸ ਤਜੀ ਇਹ ਕਾਇਆ ਪ੍ਰੇਤ ਪ੍ਰੇਤ ਕਰਿ ਭਾਗੀ ॥੨॥੧੨॥ [ਸੋਰਠਿ ਮ: ੯
3. ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ ॥੧॥੬॥ [ਗਉੜੀ ਮ: ੯

ਨੂੰ [1]ਸੁਪਨੇ ਦੀ ਨਿਆਈਂ ਚਲਾਇਮਾਨ ਕਰਕੇ ਹੀ ਦਰਸਾਇਆ ਹੋਇਆ ਹੈ। ਨੀਂਦਰ ਵਿਚ ਸੁਪਨਾ ਸੱਚਾ ਲਗਦਾ ਹੈ, ਪਰ ਨੀਂਦਰ ਉਘੜਦਿਆਂ ਹੀ ਸੁਪਨਾ ਐਵੇਂ ਖ਼ਿਆਲੀ ਦੁਨੀਆ ਦੀ ਖੇਡ ਪ੍ਰਤੀਤ ਹੁੰਦੀ ਹੈ। ਏਵੇਂ ਹੀ ਅਗਿਆਨਤਾ ਦੀ ਨੀਂਦ ਕਾਰਨ ਸੰਸਾਰ ਦੀ ਰਚਨਾ ਥਿਰ ਭਾਸਦੀ ਹੈ, ਪਰ ਅਗਿਆਨਤਾ ਦੀ ਨੀਂਦਰ ਖੁਲ੍ਹਦਿਆਂ ਹੀ ਅਸਲੀਅਤ ਦੀ ਸਮਝ ਪੈ ਜਾਂਦੀ ਹੈ ਕਿ ਇਹ ਨਾਸ਼ਮਾਨ ਹੈ।

ਸੰਸਾਰ [2]ਧੂਏਂ ਦਾ ਪਹਾੜ, [3]ਪਾਣੀ ਦਾ ਬੁਲਬੁਲਾ, [4]ਰੇਤ ਦੀ ਕੰਧ, [5]ਮ੍ਰਿਗ ਤ੍ਰਿਸ਼ਨਾ ਅਤੇ [6]ਬੱਦਲ ਦੀ ਛਾਂ ਵਾਂਗ ਮਿਥਿਆ ਹੈ। ਪਰ ਮਿਥਿਆ ਹੁੰਦਾ ਹੋਇਆ ਵੀ ਬਾਹਰੋਂ ਏਨਾ ਮਨਮੋਹਣਾ ਤੇ ਮਿੱਠਾ ਹੈ ਕਿ ਕਿਸੇ ਦਾ ਇਸ ਨੂੰ ਛੱਡਣ ਤੇ ਦਿਲ ਨਹੀਂ ਕਰਦਾ। "ਇਹ ਜਗ ਮਿੱਠਾ" ਇਕ ਮੁਹਾਵਰਾ ਬਣ ਗਿਆ ਹੋਇਆ ਹੈ।

ਇਸ ਸੰਸਾਰ ਦੀ ਸੁੰਦਰਤਾ ਅਤੇ ਮਿਠਾਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ; ਪਰ ਇਸ ਦਾ ਸਹੀ ਲਾਭ ਉਸ ਨੂੰ ਹੀ ਹੁੰਦਾ ਹੈ ਜੋ ਇਸ ਦੀ ਸੁੰਦਰਤਾ ਨੂੰ ਮਾਣਦਾ ਹੋਇਆ, ਇਸ ਦੀ ਮਿਠਾਸ ਦਾ ਅਨੰਦ ਲੈਂਦਾ ਹੋਇਆ, ਆਪਣੀ ਸੁਰਤੀ ਨੂੰ, ਸੰਸਾਰ ਦੀ ਮਾਇਕੀ ਛਿਨ-ਭੰਗਰ ਸੁੰਦਰਤਾ ਤੇ ਰਸਾਂ ਵਿਚ ਖੱਚਤ

---

1. ਸਮ ਸੁਪਨੇ ਕੈ ਇਹੁ ਜਗੁ ਜਾਨੁ ॥ ਬਿਨਸੈ ਛਿਨ ਮਹਿ ਸਾਚੀ ਮਾਨੁ ॥੧॥੫॥ [ਬਸੰਤੁ ਮ: ੯

—ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥੪੯॥ [ਸਲੋਕ ਮ: ੯

—ਨਾਨਕ ਕਹਤ ਜਗਤੁ ਸਭੁ ਮਿਥਿਆ ਜਿਉ ਸੁਪਨਾ ਰੈਨਾਈ ॥੨॥੧॥ [ਸਾਰੰਗ ਮ: ੯

—ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ ॥੧॥ ਰਹਾਉ॥੮॥ [ਸੋਰਠਿ ਮ: ੯

2. ਇਹੁ ਜਗੁ ਧੂਏ ਕਾ ਪਹਾਰੁ ॥੧॥੪॥ [ਬਸੰਤੁ ਮ: ੯

3. ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥ [ਸਲੋਕ ਮ: ੯

4. ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ ॥੧॥੧॥ [ਜੈਜਾਵੰਤੀ ਮ: ੯

—ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ ॥੧॥੮॥ [ਸੋਰਠਿ ਮ: ੯

5. ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗੁ ਦੇਖਿ ਤਾਸਿ ਉਠਿ ਧਾਵੈ ॥੧॥੩॥ [ਗਉੜੀ ਮ: ੯

—ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬਿਚਾਰਿ ॥੨॥੨॥ [ਦੇਵਗੰਧਾਰੀ ਮ: ੯

6. ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥੨॥੨॥ [ਗਉੜੀ ਮ: ੯

ਕਰਨ ਦੀ ਬਜਾਏ, ਸੁੰਦ੍ਰਾਵਲੇ ਤੇ ਮਿਠੜੇ ਪ੍ਰਭੂ ਨਾਲ ਜੋੜੀ ਰਖਦਾ ਹੈ। ਮਨੁੱਖ ਦੀ ਖ਼ੁਸ਼ੀ ਤੇ ਸ਼ਾਂਤੀ ਦਾ ਨਿਰਭਰ ਇਸ ਨੁਕਤੇ ਨੂੰ ਸਮਝਣ ਉਤੇ ਹੈ। ਜੋ ਇਸ ਭੇਦ ਨੂੰ ਸਮਝ ਲਏ ਉਸ ਲਈ ਜਗਤ ਸੱਚੇ ਦੀ ਕੋਠੜੀ ਹੋ ਨਿਬੜਦਾ ਹੈ ਤੇ ਉਹ ਇਥੇ ਸੱਚ ਦੀ ਕਮਾਈ ਕਰ ਕੇ ਦਰਗਾਹ ਵਿਚ ਸੁਰਖ਼ਰੂ ਜਾ ਹੁੰਦਾ ਹੈ। ਜੋ ਇਸ ਨੁਕਤੇ ਤੋਂ ਖੁੰਝ ਜਾਂਦਾ ਹੈ ਉਹ ਨਾਸ਼ਮਾਨ ਜਗਤ ਦੇ ਨਾਸ਼ਮਾਨ ਪਦਾਰਥਾਂ ਨੂੰ ਭੋਗ ਭੋਗ ਕੇ ਭੋਗਾਂ ਵਿਚ ਹੀ ਪਚ ਮਰਦਾ ਹੈ।

ਮੁਕਤਿ-ਪੰਥੁ (ਮੁਕਤੀ ਦਾ ਰਾਹ):

ਰਾਮ ਦੀ ਜਗਤ-ਰਚਨਾ ਮਨ-ਮੋਹਣੀ ਹੈ। ਇਸ ਦੀ ਹਰ ਸ਼ੈ ਮਨ ਨੂੰ ਖਿੱਚ ਪਾਉਂਦੀ ਹੈ; ਮਨ ਮੋਹਿਤ ਹੋ ਕੇ ਤਿਲ੍ਹਕ ਤਿਲ੍ਹਕ ਪੈਂਦਾ ਹੈ।

ਰੂਪ ਤੇ ਰਸ ਦਾ ਚੋਗਾ ਖਿਲਾਰ ਕੇ ਮਾਇਆ ਫੰਧਾ ਲਾਈ ਖੜੀ ਹੈ। ਮਾਇਆ ਦੇ ਪੰਜੇ ਏਜੰਟ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਬੜੇ ਚੁਸਤ ਤੇ ਚਲਾਕ ਹਨ, ਘੇਰ ਘੇਰ ਕੇ ਸ਼ਿਕਾਰ ਇਸ ਫਾਹੀ ਵਿਚ ਲਿਆ ਫਸਾਂਦੇ ਹਨ। ਇਹ ਬੜੇ ਬਲੀ ਹਨ ਅਤੇ ਬੜੇ ਬੜੇ ਖਬੀ ਖ਼ਾਂ ਵਿਅਕਤੀਆਂ ਨੂੰ ਨਕੇਲ ਪਾ ਕੇ ਹੱਕੀ ਫਿਰਦੇ ਹਨ। ਇਹ ਪੰਜ ਤਾਂ ਮੂਲ ਹਨ। ਇਹਨਾਂ ਦਾ ਅਗੋਂ ਪਰਵਾਰ ਬੜਾ ਲੰਮਾ ਚੌੜਾ ਹੈ। ਆਸਾ, ਮਨਸਾ, ਤ੍ਰਿਸ਼ਨਾ, ਹਰਖ, ਸੋਗ, ਮਾਨ, ਅਪਮਾਨ, ਉਸਤਤਿ, ਨਿੰਦਾ, ਸੁਖ, ਦੁਖ ਆਦਿ, ਇਹ ਸਾਰਾ ਕੋੜਮਾ ਇਨ੍ਹਾਂ ਪੰਜਾਂ ਦਾ ਹੀ ਹੈ।

ਕਾਮ ਐਸਾ ਪ੍ਰਬਲ ਹੈ ਕਿ ਮਨ ਨੂੰ ਚੰਚਲ ਅਤੇ [1]ਪਾਪੀ ਬਣਾ ਛਡਦਾ ਹੈ। ਗ੍ਰਿਹਸਤੀਆਂ ਦੀ ਗੱਲ ਹੀ ਕੀ, [2]ਜੋਗੀ ਅਤੇ ਜਤੀ, ਜੋ ਘਰ ਬਾਹਰ ਛਡ ਕੇ ਸੰਨਿਆਸ ਧਾਰਨ ਕਰ ਬੈਠਦੇ ਹਨ, ਇਸ ਦੇ ਛਲ-ਛਿਦਰ ਤੋਂ ਨਹੀਂ ਬਚ ਸਕਦੇ।

ਕ੍ਰੋਧ ਦਾ ਰੂਪ ਬੜਾ [3]ਡਰਾਉਣਾ ਹੈ। ਜਦੋਂ ਆ ਜਾਏ, ਵਡੇ ਵਡੇ ਦਾਨਿਆਂ

---

1. ਪਾਪੀ ਹੀਐ ਮਹਿ ਕਾਮੁ ਬਸਾਇ ॥
ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥੧॥ ਰਹਾਉ॥ [ਬਸੰਤ ਮ: ੯
2. ਜੋਗੀ ਜੰਗਮ ਅਰੁ ਸੰਨਿਆਸ ॥
ਸਭ ਹੀ ਪਰਿ ਡਾਰੀ ਇਹ ਫਾਸ ॥੧॥੨॥ [ਬਸੰਤੁ ਹਿੰਡੋਲ ਮ: ੯
3. ਕਠਿਨ ਕਰੋਧੁ ਘਟ ਹੀ ਕੇ ਭੀਤਰਿ ਜਿਹ ਸੁਧ ਸਭ ਬਿਸਰਾਈ ॥
ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ ॥੧॥੪॥
[ਗਉੜੀ ਮ: ੯

ਦੀ ਮਤਿ ਮਾਰ ਛਡਦਾ ਹੈ । ਗੁਰਬਾਣੀ ਦਾ ਫ਼ੁਰਮਾਨ ਹੈ ਕਿ ਕਾਮ ਅਤੇ ਕ੍ਰੋਧ ਸਰੀਰ ਨੂੰ ਗਾਲ ਸੁਟਦੇ ਹਨ; ਜਿਵੇਂ ਸੁਹਾਗਾ ਸੋਨੇ ਨੂੰ ਢਾਲ ਦਿੰਦਾ ਹੈ :

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥
ਜਿਉ ਕੰਚਨ ਸੋਹਾਗਾ ਢਾਲੈ ॥੧੮॥ *[ਓਅੰਕਾਰ—੯੩੨*

ਲੋਭ ਇਕ ਹਲਕਾਅ ਹੈ । ਇਹ ਜਿਸ ਵਿਚ ਪ੍ਰਵੇਸ਼ ਕਰ ਜਾਏ ਉਸ ਦੀ ਸ਼ਖ਼ਸੀਅਤ [1]ਘਟੀਆ ਹੋ ਜਾਂਦੀ ਹੈ । ਉਹ ਭੋਗਣ ਤੇ ਜੋੜਨ ਲਈ ਹਰ [2]ਯੋਗ ਅਯੋਗ ਢੰਗ ਦੀ ਵਰਤੋਂ ਕਰਨ ਨੂੰ ਤਿਆਰ ਹੋ ਜਾਂਦਾ ਹੈ । ਲੋਭੀ ਨੂੰ ਕੁੱਤੇ ਨਾਲ ਤੁਲਨਾ ਦਿਤੀ ਗਈ ਹੈ ।

ਮੋਹ ਚਿੱਕੜ ਹੈ, ਦਲਦਲ ਹੈ । ਜਿੰਨਾ ਮਨੁੱਖ ਇਸ ਵਿਚੋਂ ਨਿਕਲਣ ਦਾ ਜਤਨ ਕਰੇ, ਉਨਾ ਹੋਰ ਵਿਚ ਧੱਸ ਜਾਂਦਾ ਹੈ । ਅਹੰਕਾਰ ਸਾਰੇ ਔਗੁਣਾ ਦਾ ਮੂਲ ਹੈ । ਮਨੁੱਖ ਦੇ ਸਾਰੇ ਸ਼ੁਭ ਗੁਣ ਹੰਕਾਰ ਦੇ ਕਾਲੇ ਬੁਰਕੇ ਥਲੇ ਛੁਪ ਜਾਂਦੇ ਅਤੇ ਆਪਣੀ ਕੀਮਤ ਗੁਆ ਲੈਂਦੇ ਹਨ । ਕਾਮ, ਕ੍ਰੋਧ, ਲੋਭ, ਮੋਹ, ਇਹਨਾਂ ਚਹੁੰਆਂ ਵਿਚੋਂ ਜੇ ਕਿਸੇ ਇਕ ਨੂੰ ਜਾਂ ਚਹੁੰਆਂ ਨੂੰ ਹੀ ਕੋਈ ਜਿਤ ਲਵੇ ਤਾਂ ਇਹ ਜਾਂਦੇ ਹੋਏ ਆਪਣੀ ਸ਼ਕਤੀ ਹੰਕਾਰ ਨੂੰ ਦੇ ਜਾਂਦੇ ਹਨ ਅਤੇ ਫਿਰ ਹੰਕਾਰ ਦੀ ਸ਼ਕਤੀ ਚਾਰ-ਗੁਣਾ ਹੋਰ ਵਧ ਜਾਂਦੀ ਹੈ । ਹੰਕਾਰੀ ਮਨੁੱਖ ਦੇ ਵਿਚਾਰਾਂ ਵਿਚ ਈਰਖਾ ਤੇ ਬਖ਼ੀਲੀ ਦੀ ਸੜਾਂਦ ਆ ਜਾਂਦੀ ਹੈ । ਕੋਈ ਵੀ ਹੰਕਾਰੀ ਪੁਰਸ਼ ਕੋਲ ਬੈਠਣਾ ਪਸੰਦ ਨਹੀਂ ਕਰਦਾ । ਹੰਕਾਰੀ ਮਨੁੱਖ ਦੇ ਕੀਤੇ ਤੀਰਥ-ਯਾਤਰਾ, ਵਰਤ, ਨੇਮ, ਦਾਨ ਆਦਿ ਪੁੰਨ-ਕਰਮ ਸਾਰੇ [3]ਨਿਸਫਲ ਹੀ ਜਾਂਦੇ ਹਨ । ਇਹਨਾਂ ਕਰਮ-ਕਾਂਡਾਂ ਨਾਲ ਹੰਕਾਰ ਨੂੰ ਹੀ ਪੱਠੇ ਪੈਂਦੇ ਹਨ ਤੇ ਮੈਲ ਲਥਣ ਦੀ ਥਾਵੇਂ ਹੋਰ ਚੜ੍ਹ ਜਾਂਦੀ ਹੈ ।

ਪਰ ਭਾਵੇਂ ਇਹ ਪੰਚ ਦੂਤ ਏਨੇ ਦੁਖਦਾਈ ਤੇ ਹਾਨੀਕਾਰਕ ਹਨ, ਇਹਨਾਂ ਦਾ ਬਾਹਰਲਾ ਰੂਪ ਤੇ ਅਸਰ ਏਨਾ ਪ੍ਰਬਲ ਹੈ ਕਿ ਹਰੇਕ ਜੀਵ ਨੂੰ ਗੁਮਰਾਹ ਕਰ ਕੇ ਫਾਹੀ ਵਿਚ [4]ਫਸਾ ਲੈਂਦੇ ਹਨ । ਇਹਨਾਂ ਦੀ ਫਾਹੀ ਕਾਰਨ ਇਸ ਲੋਕ ਵਿਚ

---

1. ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ ॥੧॥ ਰਹਾਉ॥੮॥ [ਗਉੜੀ ਮ: ੯
2. ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ ॥੧॥੧॥ [ਦੇਵਗੰਧਾਰੀ ਮ: ੯
3. ਤੀਰਥ ਬਰਤ ਅਰੁ ਦਾਨ ਕਰਿ ਮਨ ਮਹਿ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥ [ਸਲੋਕ ਮ: ੯
4. ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥੧॥੨॥ [ਗਉੜੀ ਮ: ੯

ਵੀ ਦੁਖ ਤੇ ਖੁਆਰੀ ਹੁੰਦੀ ਹੈ, ਤੇ ਅਗੇ ਪਰਲੋਕ ਵਿਚ ਵੀ ਜਮਾਂ ਦੀ ਫਾਹੀ ਤਿਆਰ ਮਿਲਦੀ ਹੈ।

ਇਸ ਲੋਕ ਵਿਚ ਵਿਕਾਰਾਂ ਦੀ ਫਾਹੀ ਤੋਂ, ਅਤੇ ਪਰਲੋਕ ਵਿਚ ਜਮਾਂ ਦੀ ਫਾਹੀ ਤੋਂ ਛੁਟਕਾਰਾ ਮਿਲੇ, ਇਹ ਹਰੇਕ ਮਨੁੱਖ ਦੀ ਪ੍ਰਬਲ ਲੋਚਾ ਹੈ। ਵਾਸਤਵ ਵਿਚ ਵਿਕਾਰਾਂ ਦੀ ਫਾਹੀ ਵੀ ਇਕ ਕਿਸਮ ਦਾ ਜਮ ਦਾ ਜਾਲ ਹੀ ਹੈ। ਇਹਨਾਂ ਤੋਂ ਛੁਟਕਾਰਾ ਆਪਣੇ ਕਿਸੇ [1]ਜਤਨ ਜਾਂ ਕਿਸੇ ਚਤੁਰਾਈ ਦੇ ਅਧਾਰ ਤੇ ਅਸੰਭਵ ਹੈ। ਛੁਟਕਾਰੇ ਦਾ ਇਕੋ ਇਕ ਸਾਧਨ ਹੈ। ਉਹ ਇਹ ਕਿ ਮਨੁੱਖ ਗੁਰੂ ਦੀ ਸ਼ਰਨ ਵਿਚ ਢਹਿ ਪਵੇ ਤੇ ਗੁਰਮਤਿ-ਨਾਮ ਪ੍ਰਾਪਤ ਕਰ ਕੇ ਨਾਮ ਸਿਮਰਨ ਵਿਚ ਜੁਟ ਜਾਵੇ। [2]ਗੁਰੂ ਅਤੇ ਗੁਰਮਤਿ-ਨਾਮ ਤੋਂ ਇਹ ਪੰਜ ਦੂਤ ਵੀ ਭੈ ਖਾਂਦੇ ਹਨ ਅਤੇ ਜਮ ਵੀ। ਗੁਰਵਾਕ :

(ੳ) **ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥**
ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥
ਏਨਾ ਠਗਨਿ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥
ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ ॥
[ਵਾਰ ਮਲਾਰ ਮ: ੧, ਪੰਨਾ ੧੨੮੮

(ਅ) **ਕਾਮੁ ਕ੍ਰੋਧੁ ਲੋਭੁ ਮੋਹੁ ਸੰਗਿ ਸਾਧਾ ਭਖੇ ॥੨॥**
[ਵਾਰ ਗਉੜੀ ਮ: ੫, ਪੰਨਾ ੩੧੮

(ੲ) **ਨਿਹਤੇ ਪੰਜਿ ਜੁਆਨ ਮੈ ਗੁਰਿ ਥਾਪੀ ਦਿਤੀ ਕੰਡਿ ਜੀਉ ॥**
[ਸਿਰੀਰਾਗੁ ਮ: ੫, ਪੰਨਾ ੭੪

(ਸ) **ਮਾਰੇ ਪੰਚ ਬਿਖਾਦੀਆ ॥ ਗੁਰ ਕਿਰਪਾ ਤੇ ਦਲੁ ਸਾਧਿਆ ॥**
[ਗਉੜੀ ਮ: ੫, ਪੰਨਾ ੨੧੦

ਸੋ ਗੁਰਮਤਿ ਅਨੁਸਾਰ ਮੁਕਤਿ-ਪੰਥੁ (ਮੁਕਤੀ ਦਾ ਰਾਹ) ਇਹ ਹੈ; ਮਾਇਆ

---

1. ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ ॥
ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ ॥੩੪॥ [ਸਲੋਕ ਮ: ੯

2. ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥
ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ ॥੩॥੭॥ [ਸੋਰਠਿ ਮ: ੯

ਵਿਚ ਨਿਰਲੇਪ ਰਹਿਣਾ, ਕਾਮਾਦਿਕ ਪੰਜਾਂ [1]ਦੂਤਾਂ ਨੂੰ ਆਪਣੇ ਵਸ ਵਿਚ ਕਰ ਕੇ ਇਹਨਾਂ ਦੀ ਸੰਜਮ ਨਾਲ ਵਰਤੋਂ ਕਰਨੀ, [2]ਸੁਖ ਦੁਖ, [3]ਹਰਖ ਸੋਗ, [4]ਉਸਤਤਿ ਨਿੰਦਾ, ਮਾਨ ਅਪਮਾਨ ਆਦਿ ਨੂੰ ਸਮਾਨ ਜਾਣ ਕੇ ਵਿਚਰਨਾ ਅਤੇ ਨਾਮ-ਸਿਮਰਨ ਦੁਆਰਾ ਆਪਣੀ ਆਤਮਾ ਨੂੰ ਪਰਮ-ਆਤਮਾ ਵਿਚ ਲੀਨ ਕਰ ਲੈਣਾ। ਇਹ ਬੜੀ [5]ਔਖੀ ਖੇਡ ਹੈ, ਪਰ ਗੁਰੂ ਦੀ ਸ਼ਰਨ ਲਿਆਂ ਇਹ ਸਭ ਕੁਝ ਸੰਭਵ ਹੋ ਸਕਦਾ ਹੈ। ਨਿਰਸੰਦੇਹ, [6]ਕ੍ਰੋੜਾਂ ਦੀ ਗਿਣਤੀ ਵਿਚੋਂ ਕਿਸੇ ਵਿਰਲੇ ਨੂੰ ਹੀ ਸਹੀ ਜੀਵਨ-ਜਾਚ[7] ਪ੍ਰਾਪਤ ਹੁੰਦੀ ਹੈ।

ਮੌਤ—ਕਾਲ—ਜਮ :

ਦਿਸਦੇ ਪੰਜ-ਭੂਤਕੀ ਸਰੀਰ ਵਿਚ ਵਸਦੇ ਜੀਵਾਤਮਾ (ਰੂਹ) ਦੇ ਸਰੀਰ

---

1. ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤ ਕਹਾਵੈ ॥੨॥੨॥ [ਬਿਲਾਵਲੁ ਮ: ੯
-ਤਜਿ ਅਭਿਮਾਨੁ ਮੋਹੁ ਮਾਇਆ ਫੁਨਿ ਭਜਨਿ ਰਾਮ ਚਿਤੁ ਲਾਵਉ ॥
ਨਾਨਕੁ ਕਹਤੁ ਮੁਕਤਿ ਪੰਥੁ ਇਹੁ ਗੁਰਮੁਖਿ ਹੋਇ ਤੁਮ ਪਾਵਉ ॥੨॥੫॥
[ਗਉੜੀ ਮ: ੯
2. ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥
ਕਹੁ ਨਾਨਕ ਸੁਨਿ ਰੇ ਮਨਾ ਸੋ ਮੂਰਤਿ ਭਗਵਾਨ ॥੧੩॥ [ਸਲੋਕ ਮ: ੯
3. ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੫॥ [ਸਲੋਕ ਮ: ੯
4. ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨੁ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਿਨ ਤਿਹ ਘਟਿ ਬ੍ਰਹਮ ਨਿਵਾਸਾ ॥੨॥੧੧॥
[ਸੋਰਠਿ ਮ: ੯
—ਉਸਤਤਿ ਨਿੰਦਿਆ ਨਾਹਿ ਜਿਹ ਕੰਚਨ ਲੋਹ ਸਮਾਨਿ ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੪॥ [ਸਲੋਕ ਮ: ੯
5. ਜਨ ਨਾਨਕ ਇਹੁ ਖੇਲੁ ਕਠਿਨੁ ਹੈ ਕਿਨਹੂ ਗੁਰਮੁਖਿ ਜਾਨਾ ॥੨॥੧॥
[ਗਉੜੀ ਮ: ੯
6. ਜਨ ਨਾਨਕ ਕੋਟਨ ਮਹਿ ਕਿਨਹੂ ਗੁਰਮੁਖਿ ਹੋਇ ਪਛਾਨਾ ॥੨॥੨॥ [ਧਨਾਸਰੀ ਮ: ੯
7. ਗੁਰਿ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥
[ਸੋਰਠਿ ਮ: ੯

ਵਿਚੋਂ ਉਡਾਰੀ ਮਾਰ ਜਾਣ ਦਾ ਨਾਮ [1]ਮੌਤ ਹੈ। ਮੌਤ ਇਕ ਅਟੱਲ ਸੱਚਾਈ ਹੈ। ਜੋ ਵੀ ਜੀਵ ਜਾਂ ਵਸਤੂ ਹੋਂਦ ਵਿਚ ਆਈ ਹੈ ਉਹ ਸਮਾਂ ਪਾ ਕੇ ਅਵੱਸ਼ [2]ਨਾਸ਼ ਹੋ ਜਾਂਦੀ ਹੈ। ਕਾਲ ਅਥਵਾ ਸਮੇਂ ਦੇ ਗੇੜ ਅਨੁਸਾਰ ਹਰ ਪਲ, ਹਰ ਛਿਨ ਪਰਕਿਰਤੀ ਦੀ ਹਰੇਕ ਵਸਤੂ ਦੇ ਵਜੂਦ ਵਿਚ ਤਬਦੀਲੀ ਵਾਪਰਦੀ ਰਹਿੰਦੀ ਹੈ ਤੇ ਸਮਾਂ ਪਾ ਕੇ ਹਰੇਕ ਵਸਤੂ ਨਾਸ਼ ਹੋ ਜਾਂਦੀ ਹੈ।

ਵਾਸਤਵ ਵਿਚ ਮਰਦਾ ਕੁਝ ਵੀ ਨਹੀਂ। ਰੂਹ ਅਮਰ ਹੈ। ਰੂਹ ਦੇ ਸਰੀਰ ਵਿਚੋਂ ਉਡਾਰੀ ਮਾਰ ਜਾਣ ਮਗਰੋਂ ਸਰੀਰ ਨੂੰ ਸਾੜ ਫੂਕ ਦਿਤਾ ਜਾਂਦਾ ਹੈ ਤੇ ਇਸ ਤਰ੍ਹਾਂ ਇਸ ਦੇ ਪੰਜੇ ਤੱਤ ਤੱਤਾਂ ਵਿਚ ਮਿਲ ਜਾਂਦੇ ਹਨ।

ਜੋ ਵੀ ਸੰਸਾਰ ਉਤੇ ਆਇਆ ਹੈ ਉਸ ਨੇ ਜਾਣਾ ਅਵੱਸ਼ ਹੈ। ਫਿਰ ਚਿੰਤਾ ਕਾਹਦੀ ? [3]ਚਿੰਤਾ ਤਾਂ ਕੋਈ ਉਸ ਘਟਨਾ ਦੀ ਕਰੇ ਜਿਹੜੀ ਅਨਹੋਣੀ ਹੋਵੇ, ਪਰ ਮੌਤ ਤਾਂ ਹਰੇਕ ਨੂੰ ਆਉਂਦੀ ਹੈ ਤੇ ਅਵੱਸ਼ ਆਉਂਦੀ ਹੈ।

ਪਰ ਇਹ ਇਕ ਅਸਲੀਅਤ ਹੈ ਕਿ ਮਨੁੱਖ ਨੂੰ ਮੌਤ ਦੀ [4]ਚਿੰਤਾ ਹਮੇਸ਼ਾ ਰਹਿੰਦੀ ਹੈ। ਕਿਉਂ ? ਕੁਝ ਸੰਭਵ ਕਾਰਨ ਇਹ ਹੋ ਸਕਦੇ ਹਨ :

(ੳ) ਉਸ ਨੇ ਆਯੂ ਪ੍ਰਯੰਤ ਆਪਣੇ ਜੀਵਨ-ਮਨੋਰਥ ਬਾਰੇ ਕਦੀ ਸੋਚਿਆ ਹੀ ਨਹੀਂ, ਪਰ ਜੇ ਸੋਚਿਆ ਹੈ ਤਾਂ ਇਸ ਦੀ ਪੂਰਤੀ ਲਈ ਕੋਈ ਉਦਮ-ਉਪਰਾਲਾ ਨਹੀਂ ਕੀਤਾ। ਜਨਮ [5]ਵਿਅਰਥ ਹੀ ਗੁਆ ਸੁਟਿਆ।

(ਅ) ਜੋ ਧਨ [6]ਸੰਪਤੀ ਉਸ ਨੇ ਆਪਣੀ ਸਮਝ ਕੇ ਇਕੱਠੀ ਕੀਤੀ ਹੈ, ਉਸ ਨੂੰ ਛਡ ਜਾਣ ਦੀ ਚਿੰਤਾ ਦੁਖਦਾਈ ਹੁੰਦੀ ਹੈ।

---

1. ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤ ਪੁਕਾਰਿ ॥੧॥੨॥ [ਦੇਵਗੰਧਾਰੀ ਮ: ੯
2. ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥੨॥੨॥ [ਗਉੜੀ ਮ: ੯
3. ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥
   ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥ [ਸਲੋਕ ਮ: ੯
4. ਭੈ ਮਰਬੇ ਕਉ ਬਿਸਰਤ ਨਾਹਿਨ ਤਿਹ ਚਿੰਤਾ ਤਨੁ ਜਾਰਾ ॥੧॥੨॥ [ਜੈਤਸਰੀ ਮ: ੯
5. ਰਹਿਓ ਅਚੇਤੁ ਨ ਚੇਤਿਓ ਗੋਬਿੰਦੁ ਬਿਰਥਾ ਅਉਧ ਸਿਰਾਨੀ ॥੩॥੧੦॥
   [ਸੋਰਠਿ ਮ: ੯
6. ਜੋ ਸੰਪਤਿ ਅਪਨੀ ਕਰਿ ਮਾਨੀ ਛਿਨ ਮੈ ਭਈ ਪਰਾਈ ॥
   ਕਹੁ ਨਾਨਕ ਯਹ ਸੋਚ ਰਹੀ ਮਨਿ ਹਰਿ ਜਸੁ ਕਬਹੂੰ ਨ ਗਾਈ ॥੨॥੨॥ [ਮਾਰੂ ਮ: ੯
   –ਮੁਕਤਿ ਪੰਥੁ ਜਾਨਿਓ ਤੈ ਨਾਹਿਨ ਧਨੁ ਜੋਰਨ ਕਉ ਧਾਇਆ ॥
   ਅੰਤਿ ਸੰਗੁ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ ॥੧॥੩॥ [ਸੋਰਠਿ ਮ: ੯

(ੲ) ਜੀਵਨ ਭਰ ਕੋਈ [1]ਭਲਾਈ ਨਾ ਕੀਤੀ, ਸਗੋਂ ਵਿਕਾਰ-ਗ੍ਰਸਤ ਰਿਹਾ, ਜਿਸ ਦੇ ਫਲਸਰੂਪ [2]ਜਮਾਂ ਦੀ ਮਾਰ ਤੋਂ ਅਤੇ ਚੁਰਾਸੀ ਦੇ ਗੇੜ ਤੋਂ ਡਰ ਲਗਦਾ ਹੈ।

(ਸ) ਆਪਣੀ ਹਸਤੀ ਦੇ ਮਿਟ ਜਾਣ ਦੀ ਚਿੰਤਾ ਦੁਖਦਾਈ ਹੁੰਦੀ ਹੈ।

ਪਰ ਜਿਸ ਵਡਭਾਗੇ ਮਨੁੱਖ ਨੇ ਜੀਵਨ ਵਿਚ ਆਪਣਾ ਕਰਤੱਵ ਪਛਾਣਿਆ ਹੈ, ਆਪਣੇ ਮਾਲਕ ਦੇ ਹੁਕਮ ਵਿਚ ਰਹਿ ਕੇ ਜੀਵਨ ਦੀ ਖੇਡ ਸੱਚ ਦੇ ਆਸਰੇ ਸਫ਼ਲਤਾ ਨਾਲ ਖੇਡੀ ਹੈ, ਉਸ ਦਾ ਜਨਮ [3]ਸਫਲ ਹੈ। ਉਹ ਇਸ ਲੋਕ ਦੇ ਜੀਵਨ ਵਿਚ ਵੀ ਅਚਿੰਤ ਹੁੰਦਾ ਹੈ ਅਤੇ ਪਰਲੋਕ ਵਿਚ ਵੀ [4]ਸੁਰਖ਼ਰੂ। ਉਹ ਆਪਾ-ਭਾਵ ਮਾਰ ਕੇ ਗੁਰੂ ਦੇ ਸ਼ਬਦ ਦੁਆਰਾ ਜੀ ਉਠਿਆ ਹੁੰਦਾ ਹੈ। ਉਸ ਨੂੰ ਮੌਤ ਦੀ ਕਾਹਦੀ ਚਿੰਤਾ ? ਸਾਰੀ ਉਮਰ ਸ਼ਬਦ ਵਿਚ ਲਿਵਲੀਨ ਰਹਿਣ ਕਾਰਨ ਉਹ ਸਰੀਰ-ਚੋਲਾ ਛੱਡਣ ਸਮੇਂ ਵੀ ਗੁਰੂ ਕੇ ਸ਼ਬਦ ਵਿਚ ਹੀ ਸਮਾ ਜਾਂਦਾ ਹੈ।

ਨਾਨਕ ਮੁਏ ਨ ਆਖੀਅਹਿ ਜਿ ਗੁਰ ਕੈ ਸਬਦਿ ਸਮਾਹਿ ॥੨॥੨॥
[ਵਾਰ ਸੋਰਠਿ, ਮ: ੩, ਪੰਨਾ ੬੪੩

ਸੋ ਸਿੱਟਾ ਇਹ ਹੈ ਕਿ ਚਿੰਤ-ਰਹਿਤ ਜੀਵਨ ਦਾ ਭੇਦ ਭਾਣੇ ਵਿਚ ਆ ਜਾਣਾ ਹੈ। ਆਪਾ-ਭਾਵ ਮਿਟਾ ਕੇ ਗੁਰ-ਸ਼ਬਦ ਦੁਆਰਾ ਸਦ-ਜੀਵਨ ਪ੍ਰਾਪਤ ਹੋਏ ਮਗਰੋਂ ਮੌਤ ਕੁਝ ਨਹੀਂ ਵਿਗਾੜ ਸਕਦੀ।

ਅਧਿਆਤਮਿਕ ਜੁਗਤੀਆਂ :

ਭਵਸਾਗਰ ਪਾਰ—

(ੳ) **ਨਾਨਕੁ ਕਹਤੁ ਗਾਇ ਕਰੁਣਾਮੈ ਭਵ ਸਾਗਰ ਕੈ ਪਾਰਿ ਉਤਰੁ ਰੇ ॥੨॥੯॥**
[ਗਉੜੀ ਮ: ੯

---

1. ਜਨਮੁ ਪਾਇ ਕਛੁ ਭਲੋ ਨ ਕੀਨੋ ਤਾ ਤੇ ਅਧਿਕ ਡਰਉ ॥੧॥੪॥੯॥
[ਧਨਾਸਰੀ ਮ: ੯
2. ਜਮ ਕੋ ਤ੍ਰਾਸੁ ਭਇਓ ਉਰ ਅੰਤਰਿ ਸਰਨਿ ਗਹੀ ਕਿਰਪਾਨਿਧਿ ਤੇਰੀ ॥੧॥ ਰਹਾਉ॥੨॥
[ਜੈਤਸਰੀ ਮ: ੯
3. ਸਫਲੁ ਜਨਮੁ ਨਾਨਕ ਤਬ ਹੂਆ ਜੋ ਪ੍ਰਭ ਜਸ ਮਹਿ ਪਾਗਿਓ ॥੨॥੩॥ [ਮਾਰੂ ਮ: ੯
4. ਰਾਮ ਨਾਮ ਨਰੁ ਨਿਸਿ ਬਾਸੁਰ ਮਹਿ ਨਿਮਖ ਏਕ ਉਰਿ ਧਾਰੈ ॥
ਜਮ ਕੋ ਤ੍ਰਾਸੁ ਮਿਟੈ ਨਾਨਕ ਤਿਹ ਅਪੁਨੋ ਜਨਮੁ ਸਵਾਰੈ ॥੩॥੨॥ [ਰਾਮਕਲੀ ਮ: ੯

(ਅ) ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ ॥੨॥੩॥

[ਦੇਵਗੰਧਾਰੀ ਮ: ੯

(ੲ) ਜਿਹ ਜਿਹ ਹਰਿ ਕੋ ਨਾਮੁ ਸਮ੍ਹਾਰਿ ॥
ਤੇ ਭਵ ਸਾਗਰੁ ਉਤਰੇ ਪਾਰਿ ॥੨॥੨॥ *[ਬਸੰਤੁ ਮ: ੯*

(ਸ) ਕਹੁ ਨਾਨਕ ਤਿਹ ਭਜੁ ਮਨਾ ਭਉਨਿਧਿ ਉਤਰਹਿ ਪਾਰਿ ॥੧੨॥

[ਸਲੋਕ ਮ: ੯

ਕਸਮਲ ਸਭਿ ਹਰੁ ਰੇ—

ਪਾਵਨ ਨਾਮੁ ਜਗਤ ਮਹਿ ਹਰਿ ਕੋ
ਸਿਮਰਿ ਸਿਮਰਿ ਕਸਮਲ ਸਭਿ ਹਰੁ ਰੇ ॥੨॥੯॥ *[ਗਉੜੀ ਮ: ੯*

ਕੁਮਤਿ ਬਿਨਾਸੈ—

ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨਕੀ ॥
[ਤਨਕੀ—ਤਨਕ ਮਾਤਰ ਵਿਚ] *[ਆਸਾ ਮ: ੯*

ਹੋਹਿ ਪਤਿਤ ਪੁਨੀਤ—

ਕਰਿ ਸਾਧ ਸੰਗਤਿ ਸਿਮਰਿ ਮਾਧੋ ਹੋਹਿ ਪਤਿਤ ਪੁਨੀਤ ॥੧॥੧॥

[ਸੋਰਠਿ ਮ: ੯

ਨਿਰਭੈ ਪਦੁ ਪਾਵੈ—

ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥੨॥੧॥

[ਤਿਲੰਗ ਮ: ੯

ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਹਿ ਬਾਸੁ ॥੩੩॥

[ਸਲੋਕ ਮ: ੯

ਸੋਈ ਨਰੁ ਗਰੂਆ—

ਕਹੁ ਨਾਨਕ ਸੋਈ ਨਰੁ ਗਰੂਆ ਜੋ ਪ੍ਰਭ ਕੇ ਗੁਨ ਗਾਵੈ ॥੩॥੩॥

[ਬਿਲਾਵਲੁ ਮ: ੯

ਗੁਹਜ/ਸੱਚੀ ਗੱਲ—

ੳ) ਭਏ ਦਇਆਲ ਕ੍ਰਿਪਾਲ ਸੰਤ ਜਨ ਤਬ ਇਹ ਬਾਤ ਬਤਾਈ ॥
ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ ॥

[ਰਾਮਕਲੀ ਮ: ੯

ਅ) ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੨੯॥

[ਸਲੋਕ ਮ: ੯

ਤ੍ਰਾਸੁ ਮਿਟੈ—ਜਨਮ ਸਵਾਰੈ—

ਰਾਮ ਨਾਮੁ ਨਰੁ ਨਿਸਿ ਬਾਸੁਰ ਮਹਿ ਨਿਮਖ ਏਕ ਉਰਿ ਧਾਰੈ ॥
ਜਮ ਕੋ ਤ੍ਰਾਸੁ ਮਿਟੈ ਨਾਨਕ ਤਿਹ ਅਪਨੋ ਜਨਮੁ ਸਵਾਰੈ ॥੩॥੨॥

[ਰਾਮਕਲੀ ਮ: ੯

ਅੰਤਿ ਸਹਾਈ—

ਨਾਨਕੁ ਕਹਤੁ ਚੇਤਿ ਚਿੰਤਾਮਨਿ ਹੋਇ ਹੈ ਅੰਤਿ ਸਹਾਈ ॥੩॥੩॥

[ਰਾਮਕਲੀ ਮ: ੯

ਸਫਲੁ ਜਨਮ—

ਸਫਲੁ ਜਨਮੁ ਨਾਨਕ ਤਬ ਹੂਆ ਜਉ ਪ੍ਰਭ ਜਸ ਮਹਿ ਪਾਗਿਓ ॥੨॥੩॥

[ਮਾਰੂ ਮ: ੯

ਪਰੈ ਨ ਜਮ ਕੀ ਫਾਸ—
ਪਰਹਿ ਨ ਜਮ ਕੈ ਧਾਮ—

ੳ) ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ ॥੨॥

[ਸਲੋਕ ਮ: ੯

ਅ) ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ ॥
ਕਹੁ ਨਾਨਕ ਸੁਨਿ ਰੇ ਮਨਾ ਪਰਹਿ ਨ ਜਮ ਕੈ ਧਾਮ ॥੨੧॥

[ਸਲੋਕ ਮ: ੯

ਮਾਥੈ ਭਾਗੁ—

ਜਿਹ ਬਿਖਿਆ ਸਗਲੀ ਤਜੀ ਲੀਓ ਭੇਖੁ ਬੈਰਾਗ ॥
ਕਹੁ ਨਾਨਕ ਸੁਨ ਰੇ ਮਨਾ ਤਿਹ ਨਰ ਮਾਥੈ ਭਾਗੁ ॥੧੭॥

[ਸਲੋਕ ਮ: ੯

ਸਫਲ ਹੋਹਿ ਤਿਹ ਕਾਮ—
ਪੂਰਨ ਹੋਵਹਿ ਕਾਮ—

ੳ) ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥੨੦॥

[ਸਲੋਕ ਮ: ੯

ਅ) ਕਹੁ ਨਾਨਕ ਮਨ ਸਿਮਰਿ ਤਿਹ ਪੂਰਨ ਹੋਵਹਿ ਕਾਮ ॥੪੦॥

[ਸਲੋਕ ਮ: ੯

ੲ) ਕਹੁ ਨਾਨਕ ਭਜੁ ਰਾਮ ਨਾਮੁ ਨਿਤ ਜਾ ਤੇ ਕਾਜੁ ਸਰੈ ॥੨॥੧॥

[ਦੇਵਗੰਧਾਰੀ ਮ: ੯

ਆਪਨ ਤਰੈ/ਲੇਤ ਉਧਾਰਿ—

ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰੁ ॥
ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰਿ ॥੨੨॥

[ਸਲੋਕ ਮ: ੯

ਜਗੁ ਜੀਤਿ—

ਜਿਹ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹ ਜਗੁ ਜੀਤਿ ॥੪੨॥

[ਸਲੋਕ ਮ: ੯

ਸੰਕਟ ਮਿਟਹਿ/ਦਰਸੁ ਹੋਇ—

ਰਾਮ ਨਾਮੁ ਉਰ ਮਹਿ ਗਹਿਓ ਜਾ ਕੈ ਸਮ ਨਹੀ ਕੋਇ ॥
ਜਿਹ ਸਿਮਰਤ ਸੰਕਟ ਮਿਟਹਿ ਦਰਸੁ ਤੁਹਾਰੋ ਹੋਇ ॥੫੭॥

[ਸਲੋਕ ਮ: ੯

ਜੋਗੀ ਦੇ ਲੱਛਣ—

ਪਰ ਨਿੰਦਾ ਉਸਤਤਿ ਨਹ ਜਾ ਕੈ ਕੰਚਨ ਲੋਹ ਸਮਾਨੋ ॥
ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ ॥੧॥੩॥

[ਧਨਾਸਰੀ ਮ: ੯

ਗਿਆਨੀ ਦੇ ਲੱਛਣ—

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥

[ਸਲੋਕ ਮ: ੯

ਅੰਤਿਕਾ—ੲ

ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ

ਗੁਰਬਾਣੀ ਵਿਚ ਇਕ ਇਕ ਸ਼ਬਦ (word) ਦੇ ਵੱਖ ਵੱਖ ਰੂਪਾਂ (forms) ਵਿਚ ਦਰਸ਼ਨ ਹੁੰਦੇ ਹਨ ਤੇ ਹਰੇਕ ਰੂਪ (form) ਵਿਚ ਉਸ ਦੇ ਭਿੰਨ-ਭਿੰਨ ਅਰਥ ਬਣਦੇ ਹਨ। ਜੇ ਸ਼ਬਦ (word) ਮੁਕਤਾ-ਅੰਤਿਕ (ਭਾਵ, ਉਸ ਦਾ ਅਖ਼ੀਰਲਾ ਅੱਖਰ ਲਗ-ਰਹਿਤ) ਹੋਵੇ ਤਾਂ ਉਸ ਦੇ ਅਰਥ ਕੁਝ ਹੋਰ ਹੁੰਦੇ ਹਨ, ਪਰ ਅੰਤਲੇ ਅੱਖਰ ਨੂੰ ਔਂਕੜ (ੁ) ਜਾਂ ਸਿਹਾਰੀ (ਿ) ਆਦਿ ਲਗਾਂ ਲੱਗਣ ਨਾਲ ਉਸ ਦੇ ਅਰਥਾਂ ਵਿਚ ਤਬਦੀਲੀ ਆ ਜਾਂਦੀ ਹੈ। ਜਿਵੇਂ:

(ੳ) ਰਾਮ [ਅੰਤਲਾ ਅੱਖਰ ਮੁਕਤਾ, ਭਾਵ, ਲਗ-ਰਹਿਤ]

੧) ਤਜਿ ਅਭਿਮਾਨੁ ਮੋਹੁ ਮਾਇਆ ਫੁਨਿ ਭਜਨਿ ***ਰਾਮ*** ਚਿਤੁ ਲਾਵਉ ॥
[ਰਾਮ ਦੇ—ਸੰਬੰਧ ਕਾਰਕ] *[ਗਉੜੀ ਮ: ੯—ਸ਼ਬਦ ਨੰ: ੫*

੨) ਜਨ ਨਾਨਕ ਕੋਟਨ ਮਹਿ ਕੋਊ ਭਜਨੁ ***ਰਾਮ ਕੋ*** ਪਾਵੈ ॥
[ਅਗੇ 'ਕੋ' ਸੰਬੰਧਕੀ ਪਦ ਪ੍ਰਤੱਖ ਹੈ] *[ਗਉੜੀ ਮ: ੯—੩*

੩) ਮੇਰੇ ***ਰਾਮ*** ਹਰਿ ਜਨ ਕੈ ਹਉ ਬਲਿ ਜਾਈ ॥ *[ਸੂਹੀ ਮ: ੫—੫੪*
[ਹੇ ਮੇਰੇ ਰਾਮ! —ਸੰਬੋਧਨ ਕਾਰਕ]

੪) ਨਾਨਕ ਨਿਰਭਉ ਨਿਰੰਕਾਰੁ ਹੋਰਿ ***ਕੇਤੇ ਰਾਮ*** ਰਵਾਲ ॥
[ਕਈ ਰਾਮ—ਬਹੁ ਵਚਨ] *[ਆਸਾ ਦੀ ਵਾਰ ਮ: ੧, ਸਲੋਕ ੨, ਅੰਕ ੪*

(ਅ) ਰਾਮੁ [ਅੰਤਲਾ ਅੱਖਰ ਔਂਕੜ ਸਹਿਤ]

੧) ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ***ਰਾਮੁ*** ਸਮਾਵੈ ॥
[ਰਾਮੁ—ਇਕ ਵਚਨ, ਕਰਤਾ ਕਾਰਕ, ਸਾਧਾਰਨ ਰੂਪ] *[ਗਉੜੀ ਮ: ੯—੬*

੨) ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ***ਰਾਮੁ*** ॥
[ਰਾਮ ਨੂੰ—ਕਰਮ ਕਾਰਕ, ਇਕ ਵਚਨ] *[ਸਲੋਕ ਮ: ੯—੮*

(ੲ) ਰਾਮਾ:

ਤਿਨ ਦਾਸਨਿ ਦਾਸ ਕਰਹੁ ਹਮ ***ਰਾਮਾ*** ॥
[ਹੇ ਰਾਮ! ਸੰਬੋਧਨ ਕਾਰਕ] *[ਗਉੜੀ ਮ: ੪—੪੦*

(ਸ) **ਰਾਮਿ** :

ਸਾਧੋ ਰਚਨਾ ***ਰਾਮਿ*** ਬਨਾਈ ॥ *[ਗਉੜੀ ਮ: ੯–੨*

[ਰਾਮ ਨੇ–ਕਰਤਾ ਕਾਰਕ, ਇਕ ਵਚਨ, ਸੰਬੰਧਕੀ ਰੂਪ]

(ਹ) **ਰਾਮੈ** :

੧) ਮੂਆ ਕਬੀਰੁ ਰਮਤ ਸ੍ਰੀ ***ਰਾਮੈ*** । *[ਗਉੜੀ ਕਬੀਰ ਜੀ–੧੫*

[ਰਾਮ ਨੂੰ–ਕਰਮ ਕਾਰਕ, ਇਕ ਵਚਨ]

੨) ਸੰਤਨ ਸੰਗਿ ਕਬੀਰਾ ਬਿਗਰਿਓ ॥ ਸੋ ਕਬੀਰੁ ***ਰਾਮੈ*** ਹੋਇ ਨਿਬਰਿਓ ॥

[ਰਾਮ ਹੀ] *[ਭੈਰਉ ਕਬੀਰ ਜੀ–੫*

੩) ਸਤ ਸੰਗਤਿ ਮਿਲਿ ਰਾਮ ਰਸੁ ਪਾਇਆ ਹਰਿ ***ਰਾਮੈ*** ਨਾਮਿ ਸਮਾਤੇ ॥

[ਰਾਮ ਦੇ ਨਾਮ ਵਿਚ–ਸੰਬੰਧ ਕਾਰਕ, ਇਕ ਵਚਨ] *[ਗਉੜੀ ਮ: ੪–੫੪*

੪) ਨਾਨਕ ਰਾਮ ਰਮ ਰਮੁ ਰਮ ਰਮ ***ਰਾਮੈ*** ਤੇ ਗਤਿ ਕੀਜੈ ॥

[ਕਲਿਆਣ ਅਸਟ: ਮ: ੪–੮

[ਕਈ ਵਾਰੀ ਅਗੇ ਸੰਬੰਧਕੀ-ਪਦ ਆਉਣ ਤੇ ਨਾਂਵ ਉਤੇ ਜ਼ੋਰ ਦੇਣ ਲਈ ਇਸ ਨੂੰ ਦੋਲਾਵਾਂ ਆਉਂਦੀਆਂ ਹਨ]

(ਕ) **ਰਾਮਹਿ** :

੧) ਕਹੁ ਕਬੀਰ ਇਉ ***ਰਾਮਹਿ*** ਜੰਪਉ ਮੇਟਿ ਜਨਮ ਮਰਨਾ ॥

[ਰਾਮ ਨੂੰ–ਕਰਮ ਕਾਰਕ, ਇਕ ਵਚਨ] *[ਆਸਾ ਕਬੀਰ ਜੀ–੫*

੨) ਚਰਨ ਕਮਲ ਚਿਤੁ ਬੇਧਿਆ ***ਰਾਮਹਿ*** ਨਾਮਿ ਸਮਾਉ ॥

[ਰਾਮ ਦੇ–ਸੰਬੰਧ ਕਾਰਕ, ਇਕ ਵਚਨ] *[ਸਲੋਕ ਕਬੀਰ ਜੀ–੧੦੨*

(ਖ) **ਰਾਮੋ** :

ਰਾਮੋ ਰਾਮੁ ਰਵਿਆ ਘਟ ਅੰਤਰਿ ਸਭ ਤ੍ਰਿਸਨਾ ਭੂਖ ਗਵਾਈ ॥

[ਰਾਮ ਹੀ ਰਾਮ] *[ਆਸਾ ਮ: ੪–੯*

ਸੋ ਸਪੱਸ਼ਟ ਹੈ ਕਿ ਸ਼ਬਦਾਂ (words) ਦੇ ਅੰਤਲੇ ਅੱਖਰਾਂ ਨੂੰ ਕਾਰਕ ਦੇ ਤੌਰ ਤੇ ਲੱਗੀਆਂ ਲਗਾਂ ਐਵੇਂ ਅਟਕਲ-ਪਚੂ ਨਹੀਂ, ਇਹਨਾਂ ਵਿਚ ਵੱਖ ਵੱਖ ਸੰਬੰਧਕੀ-ਪਦ ਲੁਪਤ ਹਨ ਤੇ ਇਹਨਾਂ ਦੇ ਵਰਤੇ ਜਾਣ ਦੇ ਬੱਝਵੇਂ ਅਤੇ ਵਿਆਪਕ ਨਿਯਮ ਹਨ।

—o—

ਇਥੇ ਕੇਵਲ ਨਾਵੇਂ ਮਹਲੇ ਦੀ ਬਾਣੀ ਨਾਲ ਸੰਬੰਧਤ ਕੁਝ ਮੋਟੇ ਮੋਟੇ ਨਿਯਮ ਸੰਖੇਪ ਰੂਪ ਵਿਚ ਪਾਠਕਾਂ ਦੀ ਜਾਣਕਾਰੀ ਹਿਤ ਭੇਟਾ ਕੀਤੇ ਜਾਂਦੇ ਹਨ।

ਪੰਜਾਬੀ ਵਿਆਕਰਣ

ਭਾਵੇਂ ਗੁਰਬਾਣੀ ਦੇ ਇਹ ਲਗ-ਮਾਤ੍ਰੀ ਨਿਯਮ ਬੜੇ ਸੌਖੇ ਢੰਗ ਨਾਲ ਦਿਤੇ ਜਾ ਰਹੇ ਹਨ, ਪਰ ਫਿਰ ਵੀ ਵਿਆਕਰਣ ਦੇ ਤਕਨੀਕੀ ਸ਼ਬਦਾਂ ਤੋਂ ਨਾਵਾਕਫ਼ ਸਾਧਾਰਨ ਪਾਠਕ ਕੁਝ ਔਖ ਮਹਿਸੂਸ ਕਰਨਗੇ। ਅਜਿਹੇ ਸਾਧਾਰਨ ਪਾਠਕਾਂ ਦੀ ਜਾਣਕਾਰੀ ਲਈ, ਪੰਜਾਬੀ ਬੋਲੀ ਦੀ ਵਿਆਕਰਣ ਦੀ ਮੁਢਲੀ ਸਰਲ ਜਾਣ-ਪਛਾਣ ਦਿਤੀ ਜਾਂਦੀ ਹੈ।

ਪੰਜਾਬੀ ਬੋਲੀ ਬੋਲਣ ਤੇ ਲਿਖਣ ਦੇ ਜੋ ਨਿਯਮ ਹੁੰਦੇ ਹਨ, ਉਨ੍ਹਾਂ ਨਿਯਮਾਂ ਨੂੰ 'ਪੰਜਾਬੀ ਵਿਆਕਰਣ' ਆਖਦੇ ਹਨ। ਸਾਡੀ ਬੋਲੀ ਦੀਆਂ ਸਾਰੀਆਂ ਗੱਲਾਂ ਬਾਤਾਂ ਨੂੰ ਵਿਆਕਰਣ ਅਨੁਸਾਰ ਅੱਠ ਸ਼ਬਦ-ਭੇਦਾਂ ਵਿਚ ਵੰਡਿਆ ਜਾਂਦਾ ਹੈ। ਉਹ ਸ਼ਬਦ-ਭੇਦ ਇਉਂ ਹਨ—

੧. **ਨਾਂਵ**—ਮਨੁੱਖਾਂ, ਜੀਆਂ ਜੰਤਾਂ, ਦਿਸਦੀਆਂ ਤੇ ਅਣ-ਦਿਸਦੀਆਂ ਵਸਤੂਆਂ ਆਦਿ ਦੇ ਨਾਵਾਂ ਨੂੰ 'ਨਾਂਵ' ਆਖੀਦਾ ਹੈ। ਜਿਵੇਂ—ਵਾਹਿਗੁਰੂ, ਸਤਿਗੁਰੂ; ਸੰਤ, ਭਗਤ; ਸੰਗਤ, ਜੱਥਾ; ਦੁੱਧ, ਮੱਖਣ; ਸਚਿਆਈ, ਵਡੱਪਣ, ਆਦਿ।

੨. **ਪੜਨਾਂਵ**—ਜਿਹੜੇ ਸ਼ਬਦ ਨਾਵਾਂ ਦੀ ਥਾਂ ਵਰਤੇ ਜਾਣ ਉਹ 'ਪੜਨਾਂਵ' ਅਖਵਾਂਦੇ ਹਨ। ਜਿਵੇਂ—ਮੈਂ, ਅਸੀਂ, ਤੂੰ, ਤੁਸੀਂ; ਉਹ, ਉਨ੍ਹਾਂ; ਜੋ, ਜਿਹੜਾ; ਕੌਣ, ਕੀ, ਕਿਹੜਾ; ਆਪ, ਆਪਣੇ ਆਪ, ਆਪਸ; ਇਹ, ਉਹ; ਕੋਈ, ਕੁਝ, ਇਕ, ਕਈ, ਹੋਰ, ਆਦਿ। ਪੜਨਾਂਵ ਦੀਆਂ ਛੇ ਸ਼੍ਰੇਣੀਆਂ ਵਿਚੋਂ ਇਕ ਸ਼੍ਰੇਣੀ ਪੁਰਖ-ਵਾਚੀ ਪੜਨਾਂਵ ਦੀ ਹੈ।

ਗੁਰਬਾਣੀ ਵਿਚ ਵਰਤੀ ਗਈ ਨਿਯਮਾਵਲੀ ਨੂੰ ਸਮਝਣ ਲਈ ਪੁਰਖ-ਵਾਚਕ ਪੜਨਾਵਾਂ ਵਲ ਉਚੇਚਾ ਧਿਆਨ ਦੇਣ ਦੀ ਲੋੜ ਹੈ। ਇਹ ਤਿੰਨ ਤਰ੍ਹਾਂ ਦੇ ਪੁਰਖਾਂ ਲਈ ਵਰਤੇ ਜਾਂਦੇ ਹਨ—

(**ੳ**) **ਉਤਮ ਪੁਰਖ**—ਆਪਣੇ ਲਈ, ਜਿਵੇਂ—ਮੈਂ, ਅਸੀਂ।

(**ਅ**) **ਮੱਧਮ ਪੁਰਖ**—ਜਿਸ ਨਾਲ ਗੱਲ ਕਰਦੇ ਹੋਈਏ, ਜਿਵੇਂ—ਤੂੰ, ਤੁਸੀਂ।

(**ੲ**) **ਅਨ ਪੁਰਖ**—ਜਿਸ ਬਾਰੇ ਗੱਲ ਕੀਤੀ ਜਾਵੇ, ਜਿਵੇਂ—ਉਹ, ਉਨ੍ਹਾਂ।

੩. **ਵਿਸ਼ੇਸ਼ਣ**—ਜੋ ਸ਼ਬਦ ਕਿਸੇ ਨਾਂਵ ਦੇ ਗੁਣ ਔਗੁਣ ਜਾਂ ਗਿਣਤੀ

ਮਿਣਤੀ ਆਦਿ ਦੱਸਣ, ਉਹ ਵਿਸ਼ੇਸ਼ਣ ਹੁੰਦੇ ਹਨ। ਜਿਵੇਂ—ਸੁੰਦਰ, ਗੰਦਾ; ਇਕ, ਚਾਰੇ; ਪਹਿਲਾ, ਛੇਕੜਲਾ; ਹਰ ਇਕ, ਕੋਈ ਇਕ; ਥੋੜਾ, ਸਾਰਾ; ਇਹ, ਔਹ, ਜੋ, ਕਿਹੜਾ, ਮੇਰਾ ਆਦਿ।

੪. ਕਿਰਿਆ—ਜਿਹੜੇ ਸ਼ਬਦ ਕਿਸੇ ਕੰਮ ਦਾ ਕਰਨਾ, ਹੋਣਾ ਆਦਿ ਦਸਣ ਅਤੇ ਨਾਲ ਹੀ ਉਸ ਕੰਮ ਦੇ ਹੋਣ ਅਥਵਾ ਕਰਨ ਦਾ ਸਮਾਂ ਵੀ ਦਸਦੇ ਹੋਣ, ਉਹ 'ਕਿਰਿਆ' ਅਖਵਾਂਦੇ ਹਨ।

ਕਿਰਿਆ ਦਾ ਕਰਨ ਵਾਲਾ '**ਕਰਤਾ**' ਹੁੰਦਾ ਹੈ, ਜਿਸ ਉਤੇ ਕੰਮ ਕੀਤਾ ਜਾ ਰਿਹਾ ਹੋਵੇ ਉਹ '**ਕਰਮ**' ਹੁੰਦਾ ਹੈ ਅਤੇ ਜੋ ਕੰਮ ਕੀਤਾ ਜਾਵੇ ਉਹ '**ਕਿਰਿਆ**' ਅਖਵਾਂਦੀ ਹੈ।

ਕਿਰਿਆ ਦੋ ਤਰ੍ਹਾਂ ਦੀ ਹੁੰਦੀ ਹੈ—ਅਕਰਮਕ (ਕਰਮ ਤੋਂ ਬਿਨਾਂ) ਅਤੇ ਸਕਰਮਕ (ਕਰਮ ਸਮੇਤ)।

ਜਿਵੇਂ—

ਕਰਤਾ	ਕਰਮ	ਕਿਰਿਆ	
ਸਿੰਘ	——	ਜਾਗਦਾ ਹੈ।	[ਅਕਰਮਕ
ਸਿੰਘ	ਵਾਜਾ	ਵਜਾਂਦਾ ਹੈ।	[ਸਕਰਮਕ
ਸਿੰਘ	ਬਾਣੀ	ਪੜ੍ਹਦਾ ਹੈ।	[ਸਕਰਮਕ

ਕਈ ਕਿਰਿਆਵਾਂ ਦੇ ਨਾਲ ਦੋ ਦੋ ਕਰਮ ਹੁੰਦੇ ਹਨ, ਜਿਵੇਂ—

ਕਰਤਾ	ਕਰਮ 1	ਕਰਮ 2	ਕਿਰਿਆ
ਸਿੰਘ ਨੇ	ਸੰਗਤਿ ਨੂੰ	ਸ਼ਬਦ	ਸੁਣਾਇਆ।

ਜਿਨ੍ਹਾਂ ਸ਼ਬਦਾਂ ਤੋਂ ਸਭ ਤਰ੍ਹਾਂ ਦੀਆਂ ਕਿਰਿਆਵਾਂ ਬਣਨ, ਉਨ੍ਹਾਂ ਸ਼ਬਦਾਂ ਨੂੰ **ਧਾਤੂ** ਕਹੀਦਾ ਹੈ। ਜਿਵੇਂ—ਸੁਣ, ਬੋਲ, ਸੁੰਘ, ਰੋ, ਖਾ, ਹੱਸ, ਆ, ਆਦਿਕ।

ਧਾਤੂ ਦੇ ਪਿਛੇ 'ਣਾ' ਜਾਂ 'ਨਾ' ਲਾਇਆਂ **ਭਾਵਾਰਥ** ਬਣ ਜਾਂਦੇ ਹਨ। ਜਿਵੇਂ—ਸੁਣਨਾ, ਬੋਲਣਾ, ਸੁੰਘਣਾ, ਰੋਣਾ, ਖਾਣਾ, ਹੱਸਣਾ, ਆਣਾ, ਆਦਿ।

ਜਿਹੜੇ ਸ਼ਬਦ ਬਣਨ ਤਾਂ ਧਾਤੂ ਤੋਂ, ਪਰ ਉਹ ਕਿਰਿਆ ਨਾ ਹੋਣ, ਅਥਵਾ ਕਿਰਿਆ ਵਾਂਗ ਕੰਮ ਦਾ ਸਮਾਂ ਨਾ ਦਸਦੇ ਹੋਣ, ਉਨ੍ਹਾਂ ਨੂੰ **ਕਾਰਦੰਤਕ** ਕਹਿੰਦੇ ਹਨ। ਜਿਵੇਂ—ਪੜ੍ਹਿਆ, ਪੜ੍ਹਦਾ, ਪੜ੍ਹ ਕੇ, ਪੜ੍ਹਿਆਂ, ਆਦਿ।

ਕਿਰਿਆਵਾਂ ਦੇ ਤਿੰਨ ਕਾਲ ਹੁੰਦੇ ਹਨ—

(ੳ) ਭੂਤ ਕਾਲ (ਬੀਤ ਚੁਕਾ ਸਮਾਂ)।

(ਅ) ਵਰਤਮਾਨ ਕਾਲ (ਜੋ ਹੁਣ ਬੀਤ ਰਿਹਾ ਹੈ)।

(ੲ) ਭਵਿੱਖਤ ਕਾਲ (ਆਉਣ ਵਾਲਾ ਸਮਾਂ)।

੫. **ਕਿਰਿਆ ਵਿਸ਼ੇਸ਼ਣ**—ਉਹ ਸ਼ਬਦ ਜੋ ਕਿਸੇ ਕਿਰਿਆ ਦਾ ਗੁਣ, ਥਾਂ, ਸਮਾਂ ਆਦਿ ਦਸਦੇ ਹੋਣ, ਉਹ 'ਕਿਰਿਆ ਵਿਸ਼ੇਸ਼ਣ' ਸਦਾਂਦੇ ਹਨ।

੬. **ਸੰਬੰਧਕ**—ਜਿਹੜੇ ਸ਼ਬਦ ਨਾਵਾਂ ਜਾਂ ਪੜਨਾਵਾਂ ਦਾ ਆਪਸ ਵਿਚ ਜਾਂ ਹੋਰਨਾਂ ਸ਼ਬਦਾਂ ਨਾਲ ਸੰਬੰਧ ਜੋੜਦੇ ਹੋਣ ਉਹ 'ਸੰਬੰਧਕ' ਹੁੰਦੇ ਹਨ। ਜਿਵੇਂ—ਦਾ, ਦੀ, ਦੇ, ਵਿਚ, ਉਤੇ, ਨੂੰ, ਨੇ, ਆਦਿਕ।

੭. **ਯੋਜਕ**—ਦੋ ਸਾਧਾਰਨ ਵਾਕਾਂ ਨੂੰ ਜੋੜ ਕੇ ਇਕ ਵੱਡਾ ਵਾਕ ਬਣਾਉਣ ਵਾਲੇ ਸ਼ਬਦ 'ਯੋਜਕ' ਕਹੇ ਜਾਂਦੇ ਹਨ।

੮. **ਵਿਸਮਿਕ**—ਮਨ ਦੇ ਵਲਵਲਿਆਂ, ਹੈਰਾਨੀ, ਪ੍ਰੇਸ਼ਾਨੀ, ਅਸਚਰਜਤਾ ਆਦਿ ਨੂੰ ਦੱਸਣ ਵਾਲੇ ਸ਼ਬਦ 'ਵਿਸਮਿਕ' ਅਖਵਾਂਦੇ ਹਨ।

ਗੁਰਬਾਣੀ ਦੇ ਲਗ-ਮਾਤ੍ਰੀ ਨਿਯਮ

ਨਾਂਵ

ਮੁਕਤਾ (ਲਗ-ਰਹਿਤ ਸ਼ਬਦ)

ਹੇਠ ਲਿਖੀਆਂ ਹਾਲਤਾਂ ਵਿਚ ਨਾਂਵ-ਸ਼ਬਦ ਮੁਕਤਾ-ਅੰਤਿਕ ਹੁੰਦੇ ਹਨ :

(੧) ਜੇ ਨਾਂਵ ਬਹੁ-ਵਚਨ ਹੋਵੇ—

ਤਨ ਤੇ ***ਪ੍ਰਾਨ*** ਹੋਤ ਜਬ ਨਿਆਰੇ ਟੇਰਤ ਪ੍ਰੇਤ ਪੁਕਾਰਿ ॥

[ਦੇਵਗੰਧਾਰੀ, ॥੧॥੨॥

ਸਗਲ ***ਭਰਮ*** ਤਜਿ ਨਾਨਕ ਪ੍ਰਾਣੀ ਚਰਨ ਤਾਹਿ ਚਿਤੁ ਲਾਇਓ ॥

[ਬਿਹਾਗੜਾ, ॥੩॥੧॥

ਕਹਾ ਭਇਓ ***ਤੀਰਥ*** ਬ੍ਰਤ ਕੀਏ ਰਾਮ ਸਰਨਿ ਨਹੀ ਆਵੈ ॥

[ਬਿਲਾਵਲੁ, ॥੧॥੨॥

(੨) ਜੇ ਨਾਂਵ ਸੰਬੋਧਨ ਕਾਰਕ ਵਿਚ ਹੋਵੇ—

ਨਰ ਅਚੇਤ ਪਾਪ ਤੇ ਡਰੁ ਰੇ ॥ *[ਗਉੜੀ, ॥ਰਹਾਉ॥੯॥*

ਰੇ ***ਮਨ*** ਰਾਮ ਸਿਉ ਕਰਿ ਪ੍ਰੀਤਿ ॥ *[ਸੋਰਠਿ, ॥ਰਹਾਉ॥੧॥*

ਕਾਲੁ ਬਿਆਲ ਜਿਉ ਪਰਿਓ ਡੋਲੈ ਮੁਖੁ ਪਸਾਰੇ ***ਮੀਤ*** ॥

[ਸੋਰਠਿ, ॥੧॥੧॥

(੩) ਜੇ ਨਾਂਵ-ਸ਼ਬਦ ਦੇ ਅਗੇ ਸੰਬੰਧਕੀ-ਪਦ ਦਾ, ਦੇ, ਦੀ, ਕਾ, ਕੇ, ਕੀ, ਆਦਿ **ਲੁਪਤ ਹੋਵੇ ਜਾਂ ਕੋਈ ਸੰਬੰਧਕੀ-ਪਦ ਪ੍ਰਗਟ ਰੂਪ ਵਿਚ ਨਾਲ ਆਉਂਦਾ ਹੋਵੇ—**

(ੳ) ਲੁਪਤ ਸੰਬੰਧਕੀ-ਪਦ

ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ***ਰਾਮ*** ਸਰਨਾਈ ॥

ਰਾਮ (ਸਰਨਾਈ)—ਰਾਮ ਦੀ (ਸਰਨਿ) । *[ਗਉੜੀ, ॥੨॥੨॥*

ਸ੍ਰਵਨ ***ਗੋਬਿੰਦ*** ਗੁਨ ਸੁਨਉ ਅਰੁ ਗਾਉ ਰਸਨਾ ਗੀਤ ॥

ਗੋਬਿੰਦ (ਗੁਨ)—ਗੋਬਿੰਦ ਦੇ (ਗੁਨ) । *[ਸੋਰਠਿ, ॥ਰਹਾਉ॥੧॥*

ਸਾਧ ਸੰਗੁ ਕਬਹੂ ਨਹੀ ਕੀਨਾ ਨਹ ਕੀਰਤਿ ***ਪ੍ਰਭ*** ਗਾਈ ॥
ਪ੍ਰਭ—ਪ੍ਰਭੂ ਦੀ। *[ਸੋਰਠਿ, ॥੨॥੬॥*

(ਅ.) **ਪ੍ਰਗਟ ਸੰਬੰਧਕੀ-ਪਦ**

ਜੋ ਦੀਸੈ ਸੋ ਸਗਲ ਬਿਨਾਸੈ ਜਿਉ ***ਬਾਦਰ ਕੀ*** ਛਾਈ ॥
[ਗਉੜੀ, ॥੨॥੨॥

ਅਹਿਨਿਸ ਅਉਧ ਘਟੈ ਨਹੀ ਜਾਨੈ ਭਇਓ ***ਲੋਭ ਸੰਗਿ*** ਹਉਰਾ ॥
[ਗਉੜੀ, ॥ ਰਹਾਉ॥੮॥

ਕਰਿ ਪਰਪੰਚੁ ***ਜਗਤ ਕਉ*** ਡਹਕੈ ਅਪਨੋ ਉਦਰੁ ਭਰੈ ॥
[ਦੇਵਗੰਧਾਰੀ, ॥੧॥੧॥

ਆਧ ਘਰੀ ਕੋਊ ਨਹਿ ਰਾਖੈ ***ਘਰ ਤੇ*** ਦੇਤ ਨਿਕਾਰਿ ॥
[ਦੇਵਗੰਧਾਰੀ, ॥੧॥੨॥

ਜਗਤ ਮਹਿ ਝੂਠੀ ਦੇਖੀ ਪ੍ਰੀਤਿ ॥ *[ਦੇਵਗੰਧਾਰੀ, ॥ ਰਹਾਉ॥੩॥*

ਰੇ ਮਨ ***ਰਾਮ ਸਿਉ*** ਕਰਿ ਪ੍ਰੀਤਿ ॥ *[ਸੋਰਠਿ, ॥ ਰਹਾਉ॥੧॥*

ਮਨ ਕੀ ਮਨ ਹੀ ਮਾਹਿ ਰਹੀ ॥ *[ਸੋਰਠਿ, ॥ ਰਹਾਉ॥੨॥*

ਨੋਟ : ਮੂਲਕ-ਅੰਗੀ ਲਗਾਂ ਨਾਂਵ-ਸ਼ਬਦਾਂ ਦੇ ਨਾਲ ਸੰਬੰਧਕੀ-ਪਦ ਆਉਣ ਦੇ ਬਾਵਜੂਦ ਵੀ ਲਗੀਆਂ ਰਹਿੰਦੀਆਂ ਹਨ, ਜਿਵੇਂ—

ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ ਬਿਸਰਾਵੈ ॥
[ਗਉੜੀ, ॥੨॥੩॥

ਕਲਿ ਮਹਿ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥
[ਸੋਰਠਿ, ॥੨॥੫॥

ਕਰਿ ਪਰਪੰਚ ਉਦਰੁ ਨਿਜ ਪੋਖਿਓ ***ਪਸੁ ਕੀ*** ਨਿਆਈ ਸੋਇਓ ॥
[ਸੋਰਠਿ, ॥੧॥੧੦॥

(੪) ਜੇ ਦੋ ਵੱਖ ਵੱਖ ਨਾਵਾਂ ਦਾ ਪਰਸਪਰ ਟਾਕਰਾ ਕੀਤਾ ਹੋਵੇ—
ਹਰਿ ***ਜਨ ਹਰਿ*** ਅੰਤਰੁ ਨਹੀ ਨਾਨਕ ਸਾਚੀ ਮਾਨੁ ॥ *[ਸਲੋਕ, ੨੯*

(੫) ਜੇ ਬਹੁ-ਵਚਨ ਨਾਂਵ-ਸ਼ਬਦਾਂ ਦੇ ਅਗੇ **ਕੋਈ ਸੰਬੰਧਕੀ ਪਦ ਲੁਪਤ ਹੋਵੇ**—
ਸਗਲ ਭਰਮ ਤਜਿ ਨਾਨਕ ਪ੍ਰਾਣੀ ***ਚਰਨ*** ਤਾਹਿ ਚਿਤੁ ਲਾਇਓ ॥
ਚਰਨ—ਚਰਨਾਂ ਵਿਚ। *[ਬਿਹਾਗੜਾ, ॥੩॥੧॥*

ਸ੍ਰਵਨ ਗੋਬਿੰਦ ਗੁਨ ਸੁਨਉ ਅਰੁ ਗਾਉ ਰਸਨਾ ਗੀਤ ॥

ਸ੍ਰਵਨ—ਸ੍ਰਵਨਾਂ ਨਾਲ। *[ਸੋਰਠਿ, ॥ ਰਹਾਉ॥੧॥*

ਜਿਹਬਾ ਗੁਨ ਗੋਬਿੰਦ ਭਜਹੁ ***ਕਰਨ*** ਸੁਨਹੁ ਹਰਿ ਨਾਮੁ ॥

ਕਰਨ—ਕੰਨਾਂ ਨਾਲ। *[ਸਲੋਕ, ੨੧*

ਗੁਰ ਉਪਦੇਸੁ ਸੁਨਿਓ ਨਹ ***ਕਾਨਨ*** ਪਰਦਾਰਾ ਲਪਟਾਇਓ ॥

ਕਾਨਨ—ਕੰਨਾਂ ਨਾਲ। *[ਸਾਰੰਗ, ॥੧॥੪॥*

(੬) ਇਸਤ੍ਰੀ-ਲਿੰਗ-ਨਾਂਵ ਆਮ ਕਰਕੇ ਮੁਕਤਾ-ਅੰਤ ਹੁੰਦੇ ਹਨ, **ਸਿਵਾਏ ਉਹਨਾਂ ਦੇ ਜਿਨ੍ਹਾਂ ਦਾ 'ਔਂਕੜ' ਜਾਂ 'ਸਿਹਾਰੀ' ਮੁਲਕ-ਅੰਗ ਹੋਵੇ—**

ਸੁਆਨ ***ਪੂਛ*** ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ ॥

[ਦੇਵਗੰਧਾਰੀ, ॥੨॥੧॥

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ***ਦੇਹ*** ਲਹੀ ॥

[ਸੋਰਠਿ, ॥੨॥੨॥

ਮਨ ਬਚ ਕ੍ਰਮ ਹਰਿ ਗੁਨ ਨਹੀ ਗਾਏ ਯਹ ਜੀਅ ***ਸੋਚ*** ਧਰਉ ॥

[ਧਨਾਸਰੀ, ॥੧॥੪॥

ਰੇ ਮਨ ***ਓਟ*** ਲੇਹੁ ਹਰਿ ਨਾਮਾ ॥ *[ਰਾਮਕਲੀ, ॥੧॥੧॥*

ਮੁਲਕ-ਅੰਗੀ ਚਿੰਨ੍ਹਾਂ ਵਾਲੇ ਇਸਤ੍ਰੀ-ਲਿੰਗ ਨਾਂਵ

ਸਿਹਾਰੀ ਸਹਿਤ—ਪ੍ਰੀਤਿ, ਭੀਤਿ, ਰੀਤਿ, ਮਤਿ, ਭਗਤਿ, ਮੁਕਤਿ, ਮੂਰਤਿ, ਨਿਸਿ, ਸੰਗਤਿ, ਨਾਰਿ, ਰਾਤਿ, ਆਦਿ।

ਔਂਕੜ ਸਹਿਤ—ਮਲੁ, ਰਤੁ, ਬਿਖੁ, ਬਾਸੁ, ਆਦਿ।

ਕੰਨਾ

ਸੰਬੋਧਨ

ਕਹੁ ਨਾਨਕ ਸੁਨਿ ***ਰੇ ਮਨਾ*** ਤਿਹ ਨਰ ਮਾਥੈ ਭਾਗੁ ॥ *[ਸਲੋਕ, ੧੭*

ਜਾਗਿ ਲੇਹੁ ***ਰੇ ਮਨਾ*** ਜਾਗਿ ਲੇਹੁ ਕਹਾ ਗਾਫਲ ਸੋਇਆ ॥

ਰੇ ਮਨਾ—ਹੇ ਮਨ! *[ਤਿਲੰਗ, ॥ ਰਹਾਉ॥੨॥*

ਸਿਹਾਰੀ

(੧) ਸਿਹਾਰੀ ਵਿਚ ਸੰਬੰਧਕੀ ਪਦ ਨੇ, **ਵਿਚ**, **ਉਤੇ**, **ਤੋਂ**, **ਦੁਆਰਾ** ਲੁਪਤ ਹੁੰਦੇ ਹਨ।

ੳ. ਨੇ

ਸਾਧੋ ਰਚਨਾ ***ਰਾਮਿ*** ਬਨਾਈ ॥ *[ਗਉੜੀ, ॥ ਰਹਾਉ॥੨॥*

ਰਾਮਿ—ਰਾਮ ਨੇ।

ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ***ਕਾਲਿ*** ਗਹੀ ॥

ਕਾਲਿ—ਕਾਲ ਨੇ। *[ਸੋਰਠਿ, ॥ ਰਹਾਉ॥੨॥*

ਜਬ ਹੀ ***ਹੰਸਿ ਤਜੀ*** ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ ॥

ਹੰਸਿ—ਹੰਸ ਨੇ। *[ਸੋਰਠਿ, ॥੨॥੧੨॥*

ਜਿਹ ਬਿਧਿ ***ਗੁਰਿ*** ਉਪਦੇਸਿਆ ਸੋ ਸੁਨੁ ਰੇ ਭਾਈ ॥

ਗੁਰਿ—ਗੁਰ ਨੇ। *[ਤਿਲੰਗ, ॥੩॥੩॥*

ਅ. ਵਿਚ, ਉਤੇ

ਤਜਿ ਅਭਿਮਾਨੁ ਮੋਹੁ ਮਾਇਆ ਫੁਨਿ ***ਭਜਨਿ*** ਰਾਮ ਚਿਤੁ ਲਾਵਉ ॥

ਭਜਨਿ—ਭਜਨ ਵਿਚ। *[ਗਉੜੀ, ॥੨॥੫॥*

ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ***ਘਟਿ*** ਰਾਮੁ ਸਮਾਵੈ ॥

ਘਟਿ—ਘਟ ਵਿਚ। *[ਗਉੜੀ, ॥੨॥੬॥*

ਲੋਭਿ ਗ੍ਰਸਿਓ ਦਸਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥

ਲੋਭਿ—ਲੋਭ ਵਿਚ। *[ਆਸਾ, ॥ ਰਹਾਉ॥੧॥*

ਦੁਆਰਹਿ ***ਦੁਆਰਿ*** ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥

ਦੁਆਰਿ—ਦੁਆਰ ਉਤੇ। *[ਆਸਾ, ॥੧॥੧॥*

ਮਾਈ ਮਨੁ ਮੇਰੋ ***ਬਸਿ*** ਨਾਹਿ ॥ *[ਸੋਰਠਿ, ॥੧॥੭॥*

ਬਸਿ—ਵਸ ਵਿਚ।

ੲ. ਦੁਆਰਾ

ਅਟਲੁ ਭਇਓ ਧ੍ਰੂਅ ਜਾ ਕੈ ***ਸਿਮਰਨਿ*** ਅਰੁ ਨਿਰਭੈ ਪਦੁ ਪਾਇਆ ॥

ਸਿਮਰਨਿ—ਸਿਮਰਨ ਦੁਆਰਾ। *[ਸੋਰਠਿ, ॥੧॥੪॥*

ਸ. ਤੋਂ, ਵਿਚੋਂ

ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ***ਘਟਿ*** ਜਿਉ ਪਾਨੀ ॥

ਘਟਿ—ਘੜੇ ਵਿਚੋਂ। *[ਤਿਲੰਗ, ॥ ਰਹਾਉ॥੧॥*

(੨) ਜੇ ਕਿਸੇ ਮੁਕਤਾ-ਅੰਤਿਕ ਨਾਂਵ ਸ਼ਬਦ ਨੂੰ ਕਾਰਕ ਦੇ ਤੌਰ ਤੇ ਲਗੀ ਸਿਹਾਰੀ 'ਵਿਚ', 'ਉਤੇ' ਜਾਂ 'ਦੁਆਰਾ' ਦਾ ਅਰਥ ਰਖਦੀ ਹੋਵੇ ਤਾਂ ਉਸ ਨਾਂਵ ਨਾਲ ਕੰਨਾ-ਅੰਤ ਪੜਨਾਂਵੀ ਵਿਸ਼ੇਸ਼ਣ ਅਤੇ ਸੰਬੰਧਕੀ-ਪਦ ਦਾ ਕੰਨਾ ਲਹਿ ਕੇ ਉਸ ਨੂੰ ਦੋਲਾਵਾਂ ਲਗਦੀਆਂ ਹਨ :

ਸੰਬੰਧਕੀ-ਪਦ ਵਿਚ ਤਬਦੀਲੀ

ਮਦਿ ਮਾਇਆ ***ਕੈ*** ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ ॥

[ਸੋਰਠਿ, ॥੨॥੭॥

ਮਾਤ ਪਿਤਾ ਭਾਈ ਸੁਤ ਬਨਿਤਾ ਤਾ ***ਕੈ*** ***ਰਸਿ*** ਲਪਟਾਨਾ ॥

[ਧਨਾਸਰੀ, ॥੧॥੨॥

ਜਾ ***ਕੈ*** ***ਸਿਮਰਨਿ*** ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ ॥

(ਸੰਬੰਧਕੀ-ਪਦ 'ਕਾ' ਤੋਂ 'ਕੈ')। *[ਰਾਮਕਲੀ, ॥ ਰਹਾਉ॥੧॥*

ਪੜਨਾਂਵ ਵਿਚ ਤਬਦੀਲੀ

ਸਗਲ ਜਗਤੁ ***ਅਪਨੈ*** ***ਸੁਖਿ*** ਲਾਗਿਓ ਦੁਖ ਮਹਿ ਸੰਗਿ ਨ ਹੋਈ ॥

(ਅਪਨਾ ਤੋਂ ਅਪਨੈ)। *[ਸੋਰਠਿ, ॥ ਰਹਾਉ॥੯॥*

ਸੰਗਿ ***ਤਿਹਾਰੈ*** ਕਛੂ ਨ ਚਾਲੈ ਤਾਹਿ ਕਹਾ ਲਪਟਾਨੋ ॥

(ਤਿਹਾਰਾ ਤੋਂ ਤਿਹਾਰੈ)। *[ਬਸੰਤੁ, ॥੧॥੧॥*

ਹਿ

ਸਾਚੁ ਛਾਡਿ ਕੈ ***ਝੂਠਹਿ*** ਲਾਗਿਓ ਜਨਮੁ ਅਕਾਰਥੁ ਖੋਇਓ ॥

ਝੂਠਹਿ—ਝੂਠ ਵਿਚ। *[ਸੋਰਠਿ, ॥੧॥੧੦॥*

ਹੁ

ਦਾਰਾ ਸੁਖ ਭਇਓ ਦੀਨ ***ਪਗਹੁ*** ਪਰੀ ਬੇਰੀ ॥

ਪਗਹੁ—ਪੈਰਾਂ ਵਿਚ। *[ਜੈਜਾਵੰਤੀ, ॥੧॥੩॥*

ਔਂਕੜ

ਮੁਕਤਾ-ਅੰਤਿਕ ਨਾਂਵ ਦੇ ਅੰਤਲੇ ਅੱਖਰ ਨੂੰ ਕਾਰਕ ਦੇ ਤੌਰ ਤੇ ਲਗਾ ਹੋਇਆ ਔਂਕੜ ਉਸ ਦੇ ਇਕ-ਵਚਨ ਰੂਪ ਨੂੰ ਨਿਰੂਪਨ ਕਰਦਾ ਹੈ—

ਜਨ ਨਾਨਕ ***ਜਗੁ*** ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥

ਜਗੁ—ਜਗ ਨੂੰ (ਕਰਮ ਕਾਰਕ)। *[ਗਉੜੀ, ॥੨॥੨॥*

ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ***ਜਨਮੁ*** ਸਿਰਾਵੈ ॥

ਜਨਮੁ—ਜਨਮ ਨੂੰ (ਕਰਮ ਕਾਰਕ)। *[ਗਉੜੀ, ॥੧॥੬॥*

ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ***ਰਾਮੁ*** ਸਮਾਵੈ ॥

ਰਾਮੁ—ਕਰਤਾ ਕਾਰਕ, ਸਾਧਾਰਨ ਰੂਪ। *[ਗਉੜੀ, ॥੨॥੬॥*

ਭਗਤਿ ਬਿਨਾ ਸਹਸਾ ਨਹ ਚੂਕੈ ***ਗੁਰੁ*** ਇਹੁ ਭੇਦੁ ਬਤਾਵੈ ॥

ਗੁਰੁ—ਕਰਤਾ ਕਾਰਕ, ਸਾਧਾਰਨ ਰੂਪ। *[ਬਿਲਾਵਲੁ, ॥ਰਹਾਉ॥੨॥*

ਦੋ ਲਾਵਾਂ

ਕੰਨਾ-ਅੰਤਿਕ 'ਨਾਂਵ-ਸ਼ਬਦਾਂ' ਦਾ ਕੰਨਾ ਲਾਹ ਕੇ ਦੋਲਾਵਾਂ ਲਾਈਆਂ ਜਾਣ ਤਾਂ ਉਹ ਦੋਲਾਵਾਂ "ਵਿਚ", "ਉਤੇ" ਆਦਿ ਸੰਬੰਧਕੀ-ਪਦ ਦਾ ਅਰਥ ਦਿੰਦੀਆਂ ਹਨ—

ਕਹੁ ਨਾਨਕ ਸੁਨਿ ਰੇ ਮਨਾ ਤਿਹ ਨਰ ***ਮਾਥੈ*** ਭਾਗੁ ॥

(ਮਾਥਾ ਤੋਂ ਮਾਥੈ—ਮੱਥੇ ਉਤੇ)। *[ਸਲੋਕ, ੧੭*

ਕਹੁ ਨਾਨਕ ਮੈ ਇਹੀ ***ਭਰੋਸੈ*** ਗਹੀ ਆਨਿ ਸਰਨਾਈ ॥

(ਭਰੋਸਾ ਤੋਂ ਭਰੋਸੈ—ਭਰੋਸੇ ਉਤੇ)। *[ਮਾਰੂ, ॥੨॥੧॥*

ਨ

ਮੁਕਤਾ-ਅੰਤਿਕ ਨਾਂਵ ਦੇ ਅੰਤ ਵਿਚ 'ਨ' ਲਾਏ ਜਾਣ ਦੀ ਸੂਰਤ ਵਿਚ ਹੇਠ ਲਿਖੇ ਸੰਬੰਧਕੀ-ਪਦ ਲੁਪਤ ਹੁੰਦੇ ਹਨ—

ਦਾ, ਦੇ, ਦੀ, ਨੇ, ਨੂੰ।

ਦਾ, ਦੇ, ਦੀ

ਤਜਿ ਅਭਿਮਾਨੁ ਸਰਣਿ ***ਸੰਤਨ*** ਗਹੁ ਮੁਕਤ ਹੋਹਿ ਛਿਨ ਮਾਹੀ ॥

ਸੰਤਨ—ਸੰਤਾਂ ਦੀ। *[ਸਾਰੰਗ, ॥੨॥੨॥*

KhalsaSpirit.com

ਨੇ

ਘਟ ਘਟ ਮਹਿ ਹਰਿ ਜੂ ਬਸੈ *ਸੰਤਨ* ਕਹਿਓ ਪੁਕਾਰਿ ॥

ਸੰਤਨ—ਸੰਤਾਂ ਨੇ। *[ਸਲੋਕ, ੧੨*

ਵਿਸ਼ੇਸ਼ਣ

(ੳ) ਵਿਸ਼ੇਸ਼ਣ ਸ਼ਬਦਾਂ ਦਾ ਲਿੰਗ ਅਤੇ ਵਚਨ ਨਾਂਵ-ਸ਼ਬਦਾਂ ਦੇ ਲਿੰਗ ਅਤੇ ਵਚਨ ਅਨੁਸਾਰ ਹੀ ਹੁੰਦਾ ਹੈ।

(ਅ) ਬਹੁ-ਵਚਨ ਨਿਸਚਿਤ ਸੰਖਿਅਕ ਵਿਸ਼ੇਸ਼ਣ ਆਮ ਕਰਕੇ ਮੁਕਤੇ (ਲਗ-ਰਹਿਤ) ਹੁੰਦੇ ਹਨ। ਪਰ ਹੇਠ ਲਿਖੇ ਨਿਸਚਿਤ ਸੰਖਿਅਕ ਵਿਸ਼ੇਸ਼ਣ ਸਿਹਾਰੀ ਸਹਿਤ ਆਉਂਦੇ ਹਨ:

ਤੀਨਿ, ਚਾਰਿ, ਅਠਸਠਿ, ਕੋਟਿ, ਸਤਰਿ, ਆਦਿ।

੧) ਬਾਲ ਜੁਆਨੀ ਅਰੁ ਬਿਰਧਿ ਫੁਨਿ ***ਤੀਨਿ*** ਅਵਸਥਾ ਜਾਨਿ ॥

[ਸਲੋਕ, ੩੫

੨) ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ***ਚਾਰਿ*** ॥

[ਸੋਰਠਿ, ॥੧॥੮॥

(ੲ) ਕੰਨਾ-ਅੰਤਿਕ ਵਿਸ਼ੇਸ਼ਣ ਜਦੋਂ ਸੰਬੋਧਨ ਕਾਰਕ ਦੇ ਨਾਂਵ ਨਾਲ ਆਵੇ ਤਾਂ ਅੰਤਲਾ ਕੰਨਾ 'ਲਾਂਵ' ਵਿਚ ਬਦਲ ਜਾਂਦਾ ਹੈ:

ਕਹੁ ਨਾਨਕ ਨਰ ***ਬਾਵਰੇ*** ਕਿਉ ਨ ਭਜਹਿ ਭਗਵਾਨੁ ॥ *[ਸਲੋਕ, ੪*

(ਸ) ਬ੍ਰਿਜ-ਭਾਸ਼ਾ ਵਿਚ ਬਹੁਤ ਕਰਕੇ ਕੰਨੇ ਦੀ ਥਾਂ ਹੋੜੇ ਦੀ ਵਰਤੋਂ ਕੀਤੀ ਮਿਲਦੀ ਹੈ। ਨਾਵੇਂ ਮਹਲੇ ਦੀ ਬਾਣੀ ਵਿਚ ਵੀ ਅਜਿਹੀ ਵਰਤੋਂ ਆਮ ਹੈ:

ਮ੍ਰਿਗ ਤ੍ਰਿਸਨਾ ਜਿਉ ***ਝੂਠੋ*** ਇਹੁ ਜਗੁ ਦੇਖਿ ਤਾਸਿ ਉਠਿ ਧਾਵੈ ॥

[ਜੈਤਸਰੀ, ੧॥੩॥

ਇਹੁ ਸੰਸਾਰੁ ਸਗਲ ਹੈ ***ਸੁਪਨੋ*** ਦੇਖਿ ਕਹਾ ਲੋਭਾਵੈ ॥ *[ਸਾਰੰਗ, ੧॥੩॥*

(ਹ) **ਪੜਨਾਂਵੀ ਵਿਸ਼ੇਸ਼ਣਾਂ/ਪੜਨਾਵਾਂ ਦੇ ਇਸਤ੍ਰੀ ਲਿੰਗ/ਇਕ-ਵਚਨ/ਬਹੁ-ਵਚਨ ਸ਼ਬਦਾਂ ਦੇ ਬਦਲਵੇਂ ਰੂਪ**

	ਇਸਤ੍ਰੀ ਲਿੰਗ ਰੂਪ	**ਇਕ-ਵਚਨ ਰੂਪ**	**ਬਹੁ-ਵਚਨ ਰੂਪ**
੧)	ਇਹ/ਏਹ	ਇਹੁ/ਏਹੁ	ਇਹਿ/ਏਹਿ/ਏ
੨)	ਇਕ/ਏਕ	ਇਕੁ/ਏਕੁ/ਹਿਕੁ	ਇਕਿ/ਹਿਕਿ
੩)	ਸਭ	ਸਭੁ	ਸਭਿ
੪)	ਅਉਰ/ਅਵਰ	ਅਉਰੁ/ਅਵਰੁ	ਅਉਰਿ/ਅਵਰਿ

ਨੋਟ : ੧. 'ਸਭੁ ਕਿਛੁ' ਇਕੱਠਾ ਜਿਥੇ ਵੀ ਆਉਂਦਾ ਹੈ, ਓਥੇ ਸਭੁ ਦੇ 'ਭ' ਅੱਖਰ ਨੂੰ ਸਦਾ ਔਂਕੜ ਆਉਂਦਾ ਹੈ।

੨. ਉਪ੍ਰੋਕਤ ਪੜਨਾਂਵੀ-ਵਿਸ਼ੇਸ਼ਣਾਂ/ਪੜਨਾਵਾਂ ਦੇ ਅਗੇ ਜਦੋਂ ਸੰਬੰਧਕੀ-ਪਦ ਆ ਜਾਵੇ ਤਾਂ ਔਂਕੜ ਜਾਂ ਸਿਹਾਰੀ ਲਹਿ ਜਾਂਦੇ ਹਨ।

ਇਹ : ਅੰਤ ਕਾਲਿ ਸੰਗੀ ਨਹ ਕੋਊ ***ਇਹ*** ਅਚਰਜ ਹੈ ਰੀਤਿ ॥
[ਇਹ (ਰੀਤਿ)—ਇਸਤ੍ਰੀਲਿੰਗ] *[ਦੇਵਗੰਧਾਰੀ, ੧॥੩॥*

ਇਹੁ : ਜਨ ਨਾਨਕ ***ਇਹੁ*** ਖੇਲੁ ਕਠਿਨੁ ਹੈ ਕਿਨਹੂੰ ਗੁਰਮੁਖਿ ਜਾਨਾ ॥
[ਇਹੁ (ਖੇਲੁ)—ਪੁਲਿੰਗ, ਇਕ-ਵਚਨ] *[ਗਉੜੀ, ੨॥੧॥*

ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ ॥
[ਇਹੁ (ਸੰਸਾਰ)—ਪੁਲਿੰਗ, ਇਕ-ਵਚਨ] *[ਸਾਰੰਗ, ੧॥੩॥*

ਇਹਿ/ਏ : ਸੁਰਗੁ ਨਰਕੁ ਅੰਮ੍ਰਿਤੁ ਬਿਖੁ ***ਏ*** ਸਮ ਤਿਉ ਕੰਚਨੁ, ਅਰੁ ਪੈਸਾ ॥
[ਏ—ਬਹੁ-ਵਚਨ] *[ਗਉੜੀ, ੨॥੭॥*

ਅਵਰ ਸਗਲ ਮਿਥਿਆ ***ਏ*** ਜਾਨਹੁ ਭਜਨੁ ਰਾਮ ਕੋ ਸਹੀ ॥
[ਏ—ਬਹੁ-ਵਚਨ] *[ਸੋਰਠਿ, ੧॥੨॥*

ਤੈਸੇ ਹੀ ***ਏ*** ਸੁਖ ਮਾਇਆ ਕੇ ਉਰਝਿਓ ਕਹਾ ਗਵਾਰ ॥
[ਏ—ਬਹੁ-ਵਚਨ] *[ਸੋਰਠਿ, ੧॥੮॥*

ਸਭ : ੳ) ਕਠਿਨ ਕਰੋਧੁ ਘਟਿ ਹੀ ਕੇ ਭੀਤਰਿ ਜਿਹ ਸੁਧਿ ***ਸਭ*** ਬਿਸਰਾਈ ॥
[ਸਭ (ਬਿਸਰਾਈ)—ਇਸਤ੍ਰੀਲਿੰਗ] *[ਗਉੜੀ, ੧॥੪॥*

ਅ) ਰਤਨੁ ਗਿਆਨੁ ***ਸਭ*** ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ ॥
[ਸੰਬੰਧਕ 'ਕੋ' ਅਗੇ ਆਉਣ ਕਾਰਨ 'ਭ' ਮੁਕਤਾ ਹੈ] *[ਗਉੜੀ, ੧॥੪॥*

ਇ) ਬਿਪਤਿ ਪਰੀ ***ਸਭ*** ਹੀ ਸੰਗੁ ਛਾਡਤ ਕੋਊ ਨ ਆਵਤ ਨੇਰੈ ॥
[ਅਵਿਐ 'ਹੀ' ਆਉਣ ਕਾਰਨ 'ਭ' ਮੁਕਤਾ ਹੈ] *[ਸੋਰਠਿ, ੧॥੧੨॥*

ਸਭੁ : ਨਾਨਕ ਕਹਤੁ ਜਗਤੁ ***ਸਭੁ*** ਮਿਥਿਆ ਜਿਉ ਸੁਪਨਾ ਰੈਨਾਈ ॥
[ਸਭੁ (ਜਗਤੁ)—ਪੁਲਿੰਗ, ਇਕ-ਵਚਨ] *[ਸਾਰੰਗ, ੨॥੧॥*

ਸਭਿ : ਜੋਗੀ ਜਤਨ ਕਰਤ ***ਸਭਿ*** ਹਾਰੇ ਗੁਨੀ ਰਹੇ ਗੁਨ ਗਾਈ ॥
[ਸਭਿ—ਬਹੁ-ਵਚਨ] *[ਗਉੜੀ ੨॥੪॥*

ਅਪਨੇ ਹੀ ਸੁਖ ਸਿਉ ***ਸਭਿ*** ਲਾਗੇ ਕਿਆ ਦਾਰਾ ਕਿਆ ਮੀਤ ॥
[ਸਭਿ—ਬਹੁ-ਵਚਨ] *[ਦੇਵਗੰਧਾਰੀ, ਰਹਾਉ॥੩॥*

ਅਉਰ : ਨਰ ਚਾਹਤ ਕਛੁ ***ਅਉਰ*** ਅਉਰੈ ਕੀ ਅਉਰੈ ਭਈ ॥
[ਅਉਰ—ਬਹੁ-ਵਚਨ] *[ਸਲੋਕ, ੩੮*

ਅਉਰੁ : ***ਅਉਰੁ*** ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀ ਪਾਵੈ ॥
[ਅਉਰੁ—ਬਹੁ-ਵਚਨ] *[ਗਉੜੀ, ੩॥੮॥*

ਇਕ/ਏਕ : ***ਏਕ*** ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥
[ਏਕ (ਭਗਤਿ)—ਇਸਤ੍ਰੀਲਿੰਗ] *[ਸਲੋਕ, ੪੪*

ਇਕੁ/ਏਕੁ : ਜਨ ਨਾਨਕ ਸਭ ਹੀ ਮਹਿ ਪੂਰਨੁ ***ਏਕੁ*** ਪੁਰਖੁ ਭਗਵਾਨੋ ॥
[ਏਕੁ (ਪੁਰਖ)—ਪੁਲਿੰਗ, ਇਕ-ਵਚਨ] *[ਬਸੰਤੁ, ੨॥੧॥*

ਇਕਿ : ਯਾ ਜਗ ਮਹਿ ਕੋਊ ਰਹਨੁ ਨ ਪਾਵੈ ***ਇਕਿ*** ਆਵਹਿ ***ਇਕਿ*** ਜਾਹੀ ॥
[ਇਕਿ—ਬਹੁ-ਵਚਨ] *[ਸਾਰੰਗ, ਰਹਾਉ॥੨॥*

ਪੜਨਾਂਵ

(ੳ) ਪੁਰਖ-ਵਾਚਕ

(੧) ਉਤਮ ਪੁਰਖ **ਮੈ—ਕਰਤਾ ਕਾਰਕ**

ਮਾਈ ***ਮੈ*** ਕਿਹ ਬਿਧਿ ਲਖਉ ਗੁਸਾਈ ॥ *[ਸੋਰਠਿ, ਰਹਾਉ ॥੬॥*

ਮੈ—ਅਧਿਕਰਣ ਕਾਰਕ

ਜਨ ਨਾਨਕ ਮੈ ਨਾਹਿ ਕੋਊ ਗੁਨੁ ਰਾਖਿ ਲੇਹੁ ਸਰਨਾਈ ॥
ਮੈ—ਮੇਰੇ ਵਿਚ *[ਸੋਰਠਿ, ੨॥੬॥*

ਮੋ, ਮੇਰੋ (ਸੰਬੰਧ ਕਾਰਕ)

ਮਹਾ ਮੋਹ ਅਗਿਆਨ ਤਿਮਰਿ ***ਮੋ*** ਮਨੁ ਰਹਿਓ ਉਰਝਾਈ ॥

ਮੋ—ਮੇਰਾ। *[ਸੋਰਠਿ, ਰਹਾਉ ॥੬॥*

ਮਾਈ ਮਨੁ ਮੇਰੋ ਬਸਿ ਨਾਹਿ ॥ *[ਸੋਰਠਿ, ਰਹਾਉ ॥੭॥*

ਨੋਟ : ਸ਼ਬਦ 'ਮੋ' ਮੂਲਕ ਤੌਰ ਤੇ ਪੜਨਾਂਵ ਹੈ, ਪਰ ਏਥੇ ਨਾਂਵ ਨਾਲ ਆਉਣ ਕਰਕੇ ਪੜਨਾਵੀਂ ਵਿਸ਼ੇਸ਼ਣ ਹੋ ਗਿਆ ਹੈ।

(੨) **ਮਧਮ ਪੁਰਖ** **ਤੈ—ਤੂ, ਤੂ** (ਨੇ) [ਕਰਤਾ ਕਾਰਕ]

ਮਨ ਰੇ ਕਹਾ ਭਇਓ ***ਤੈ*** ਬਉਰਾ ॥ *[ਗਉੜੀ, ਰਹਾਉ ॥੮॥*

ਜੋ ਤਨੁ ***ਤੈ*** ਅਪਨੋ ਕਰਿ ਮਾਨਿਓ ਅਰੁ ਸੁੰਦਰਿ ਗ੍ਰਿਹ ਨਾਰੀ ॥

[ਗਉੜੀ, ੧॥੮॥

ਰਤਨੁ ਜਨਮੁ ਅਪਨੋ ***ਤੈ*** ਹਾਰਿਓ ਗੋਬਿੰਦ ਗਤਿ ਨਹੀ ਜਾਨੀ ॥

[ਗਉੜੀ, ੨॥੮॥

ਤੋਹਿ (ਤੈਨੂੰ) [ਕਰਮ ਕਾਰਕ]

ਆਜੁ ਕਾਲਿ ਫੁਨਿ ***ਤੋਹਿ*** ਗ੍ਰਸਿ ਹੈ ਸਮਝਿ ਰਾਖਹੁ ਚੀਤਿ ॥

[ਸੋਰਠਿ, ੨॥੧॥

ਕਹੁ ਨਾਨਕ ਨਿਜ ਮਤਿ ਸਾਧਨ ਕਉ ਭਾਖਿਓ ***ਤੋਹਿ*** ਪੁਕਾਰਿ ॥

[ਸੋਰਠਿ, ੨॥੮॥

ਤੇਰੋ, ਤੈਂ ਦਾ [ਸੰਬੰਧ ਕਾਰਕ]

ਇਨ ਮਹਿ ਕਛੁ ***ਤੇਰੋ*** ਨਹੀ ਨਾਨਕ ਕਹਿਓ ਬਖਾਨੁ ॥ *[ਸਲੋਕ, ੪੧*

(ਅ) **ਸੰਬੰਧ-ਵਾਚਕ ਪੜਨਾਂਵ**

ਤਿਨਿ, ਤਿਹ, ਜਿਹ, ਜਾਹਿ—ਜਿਸ/ਤਿਸ ਨੇ (ਕਰਤਾ ਕਾਰਕ)

ਹਰਖ ਸੋਗ ਤੇ ਰਹੈ ਅਤੀਤਾ ***ਤਿਨਿ*** ਜਗਿ ਤਤੁ ਪਛਾਨਾ ॥

[ਗਉੜੀ, ੧॥੧॥

ਸਰਬ ਧਰਮ ਮਾਨੋ ***ਤਿਹ*** ਕੀਏ ***ਜਿਹ*** ਪ੍ਰਭ ਕੀਰਤਿ ਗਾਈ ॥

[ਰਾਮਕਲੀ, ੨॥੨॥

ਕਠਿਨ ਕਰੋਧੁ ਘਟ ਹੀ ਕੇ ਭੀਤਰਿ ***ਜਿਹ*** ਸੁਧਿ ਸਭ ਬਿਸਰਾਈ ॥

[ਗਉੜੀ, ੧॥੪॥

ਅਗਨਤ ਅਪਾਰੁ ਅਲਖੁ ਨਿਰੰਜਨੁ ***ਜਿਹ*** ਸਭੁ ਜਗੁ ਭਰਮਾਇਓ ॥

[ਬਿਹਾਗੜਾ, ੩॥੧॥

ਚੰਚਲ ਮਨੁ ਦਹਦਿਸ ਕਉ ਧਾਵਤ ਅਚਲ ***ਜਾਹਿ*** ਠਹਰਾਨੋ ॥

[ਧਨਾਸਰੀ, ੨॥੩॥

ਜਿਹ, ਤਿਹ, ਜਾਹਿ, ਤਾਹਿ—ਜਿਸ/ਤਿਸ ਨੂੰ [ਕਰਮ ਕਾਰਕ/ਸੰਪ੍ਰਦਾਨ ਕਾਰਕ]

ਗਜ ਕੋ ਤ੍ਰਾਸੁ ਮਿਟਿਓ ***ਜਿਹ*** ਸਿਮਰਤ ਤੁਮ ਕਾਹੇ ਬਿਸਰਾਵਉ ॥

[ਗਉੜੀ, ੧॥੫॥

ਹਰਖੁ ਸੋਗੁ ਪਰਸੈ ***ਜਿਹ*** ਨਾਹਿਨ ਸੋ ਮੂਰਤਿ ਹੈ ਦੇਵਾ ॥

[ਗਉੜੀ, ੧॥੭॥

ਦੁਖੁ ਸੁਖੁ ਏ ਬਾਧੇ ***ਜਿਹ*** ਨਾਹਿਨ ***ਤਿਹ*** ਤੁਮ ਜਨਹੁ ਗਿਆਨੀ ॥

[ਗਉੜੀ, ੩॥੭॥

ਨਾਨਕ ਬਿਰਦੁ ਰਾਮ ਕਾ ਦੇਖਹੁ ਅਭੈ ਦਾਨੁ ***ਤਿਹ*** ਦੀਨਾ ॥

[ਰਾਮਕਲੀ, ੩॥੧॥

ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ***ਤਾਹਿ*** ਬਿਸਰਾਵੈ ॥

[ਗਉੜੀ, ੨॥੩॥

ਨਿਸਿ ਬਾਸੁਰ ਬਿਖਿਅਨ ਕਉ ਧਾਵਤ ਕਿਹ ਬਿਧਿ ਰੋਕਉ ***ਤਾਹਿ*** ॥

[ਸੋਰਠਿ, ਰਹਾਉ ॥੭॥

ਤੈਸੇ ਹੀ ਤੁਮ ***ਤਾਹਿ*** ਪਛਾਨੋ ਭਗਤਿ ਹੀਨ ਜੋ ਪ੍ਰਾਨੀ ॥

[ਬਿਲਾਵਲੁ, ੨॥੩॥

ਕਲਿ ਮਹਿ ਏਕੁ ਨਾਮੁ ਕਿਰਪਾਨਿਧਿ ***ਜਾਹਿ*** ਜਪੈ ਗਤਿ ਪਾਵੈ ॥

[ਸੋਰਠਿ, ੨॥੫॥

ਜਿਹ, ਤਿਹ, ਜਾਹਿ, ਤਾਹਿ, ਜਾਸੁ—ਜਿਸ/ਤਿਸ ਦਾ (ਸੰਬੰਧ ਕਾਰਕ)

ਨਾਨਕ ਮੁਕਤਿ ਤਾਹਿ ਤੁਮ ਮਾਨਹੁ ***ਜਿਹ*** ਘਟਿ ਰਾਮੁ ਸਮਾਵੈ ॥

[ਗਉੜੀ, ੨॥੬॥

ਲੋਭੁ ਮੋਹੁ ਮਾਇਆ ਮਮਤਾ ਫੁਨਿ ***ਜਿਹ*** ਘਟ ਮਾਹਿ ਪਛਾਨਉ ॥
[ਧਨਾਸਰੀ, ਰਹਾਉ ॥੩॥

ਮਹਿਮਾ ਨਾਮ ਕਹਾ ਲਉ ਬਰਨਉ ਰਾਮੁ ਕਹਤ ਬੰਧਨ ***ਤਿਹ*** ਤੂਟਾ ॥
[ਸੋਰਠਿ, ੨॥੪॥

ਜਾ ਕਉ ਜੋਗੀ ਖੋਜਤ ਹਾਰੇ ਪਾਇਓ ਨਾਹਿ ***ਤਿਹ*** ਪਾਰਾ ॥
[ਜੈਤਸਰੀ, ੧॥੩॥

ਜਮ ਕੋ ਤ੍ਰਾਸੁ ਮਿਟੈ ਨਾਨਕ ***ਤਿਹ*** ਅਪੁਨੋ ਜਨਮੁ ਸਵਾਰੈ ॥
[ਰਾਮਕਲੀ, ੩॥੨॥

ਪਤਿਤ ਪੁਨੀਤ ਦੀਨ ਬੰਧੁ ਹਰਿ ਸਰਨਿ ***ਤਾਹਿ*** ਤੁਮ ਆਵਉ ॥
[ਗਉੜੀ, ੧॥੫॥

ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨ ***ਤਾਹਿ*** ਚਿਤੁ ਲਾਇਓ ॥
[ਬਿਹਾਗੜਾ, ੩॥੧॥

ਨਾਨਕ ਮੁਕਤਿ ***ਤਾਹਿ*** ਤੁਮ ਮਾਨਹੁ ਇਹ ਬਿਧਿ ਕੋ ਜੋ ਪ੍ਰਾਨੀ ॥
[ਗਉੜੀ, ੩॥੭॥

ਬੇਦ ਪੁਰਾਨ ***ਜਾਸੁ*** ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ ॥
[ਗਉੜੀ, ੧॥੯॥

(ੲ) ਪ੍ਰਸ਼ਨ-ਵਾਚੀ ਪੜਨਾਂਵ

ਕਉਨ, ਕਉਨੁ

ਕਉਨ (ਇਸਤ੍ਰੀ-ਲਿੰਗ)

ਮਨ ਰੇ ***ਕਉਨ*** ਕੁਮਤਿ ਤੈ ਲੀਨੀ ॥ *[ਸੋਰਠਿ, ਰਹਾਉ ॥੩॥*

ਸਾਧੋ ***ਕਉਨ*** ਜੁਗਤਿ ਅਬ ਕੀਜੈ ॥ *[ਰਾਮਕਲੀ, ਰਹਾਉ ॥੨॥*

ਕਉਨੁ (ਪੁਲਿੰਗ)

ਪ੍ਰਾਨੀ ***ਕਉਨੁ*** ਉਪਾਉ ਕਰੈ ॥ *[ਸੋਰਠਿ, ਰਹਾਉ ॥੫॥*

ਕਉਨੁ ਕਰਮੁ ਬਿਦਿਆ ਕਹੁ ਕੈਸੀ ਧਰਮੁ ***ਕਉਨੁ*** ਫੁਨਿ ਕਰਈ ॥
ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ ॥
[ਸੋਰਠਿ, ੧॥੫॥

(ਨੋਟ : ਕਉਨੁ ਸ਼ਬਦ ਮੂਲਕ ਤੌਰ ਤੇ ਪੜਨਾਂਉ ਹੈ, ਏਥੇ ਨਾਂਵ ਨਾਲ ਆਉਣ ਕਰਕੇ ਪੜਨਾਵੀਂ ਵਿਸ਼ੇਸ਼ਣ ਹੋ ਗਿਆ ਹੈ ।)

(ਸ) ਨਿਜ-ਵਾਚਕ ਪੜਨਾਂਵ

ਆਪਿ, ਆਪਹਿ [ਕਰਤਾ ਕਾਰਕ]

ਅਪਨੀ ਮਾਇਆ ***ਆਪਿ*** ਪਸਾਰੀ ***ਆਪਹਿ*** ਦੇਖਨਹਾਰਾ ॥

[ਬਿਹਾਗੜਾ, ੨॥੧॥

ਆਪੁ—ਅਪਣੇ ਆਪ ਨੂੰ (ਕਰਮ ਕਾਰਕ)

ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ***ਆਪੁ*** ਬੰਧਾਵੈ ॥

[ਗਉੜੀ, ੧॥੩॥

ਅੰਤ ਸੰਗੁ ਕਾਹੂ ਨਹੀ ਦੀਨਾ ਬਿਰਥਾ ***ਆਪੁ*** ਬੰਧਾਇਆ ॥

[ਸੋਰਠਿ, ੧॥੩॥

ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ***ਆਪੁ*** ਬੰਧਾਵੈ ॥

[ਸਾਰੰਗ, ੨॥੩॥

ਕਿਰਿਆ—ਵਰਤਮਾਨ ਕਾਲ

ੳ. ੧—ਅਨ ਪੁਰਖ, ਇਕ-ਵਚਨ

੧) ਧਾਤੂ ਦੇ ਅੰਤਲੇ ਅੱਖਰ ਨੂੰ ਦੋਲਾਵਾਂ ਲਾਣ ਨਾਲ

ਅਹਿਨਿਸਿ ਅਉਧ ***ਘਟੈ*** ਨਹੀ ***ਜਾਨੈ*** ਭਇਓ ਲੋਭ ਸੰਗਿ ਹਉਰਾ ॥

[ਗਉੜੀ, ਰਹਾਉ ॥੮॥

ਘਟੈ—ਘਟਦੀ ਹੈ । ਨਹੀ ਜਾਨੈ—ਨਹੀਂ ਜਾਣਦਾ ।

ਯਹ ਮਨੁ ਨੈਕ ਨ ਕਹਿਓ ***ਕਰੈ*** ॥

ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ***ਟਰੈ*** ॥

[ਦੇਵਗੰਧਾਰੀ, ਰਹਾਉ ॥੧॥

ਨ ਕਰੈ—ਨਹੀਂ ਕਰਦਾ । ਨ ਟਰੈ—ਨਹੀਂ ਟਲਦਾ ।

ਆਧ ਘਰੀ ਕੋਊ ਨਹਿ ***ਰਾਖੈ*** ਘਰ ਤੇ ਦੇਤ ਨਿਕਾਰਿ ॥

ਨਹਿ ਰਾਖੈ—ਨਹੀਂ ਰਖਦਾ । *[ਦੇਵਗੰਧਾਰੀ, ੧॥੨॥*

ਹਰਿ ਕੀ ਗਤਿ ਨਹਿ ਕੋਊ ***ਜਾਨੈ*** ॥
ਨਹਿ ਜਾਨੈ—ਨਹੀਂ ਜਾਣਦਾ। *[ਬਿਹਾਗੜਾ, ਰਹਾਉ ॥੧॥*

੨) **ਧਾਤੂ ਦੇ ਅੰਤਲੇ ਅੱਖਰ ਮਗਰੋਂ 'ਈ' ਲਾਣ ਨਾਲ**

ਛਿਨ ਮਹਿ ਰਾਉ ਰੰਕ ਕਉ ***ਕਰਈ*** ਰਾਉ ਰੰਕ ਕਰਿ ਡਾਰੈ ॥
[ਬਿਹਾਗੜਾ, ੩॥੧॥

ਪ੍ਰਾਨੀ ਕਛੂ ਨ ***ਚੇਤਈ*** ਮਦਿ ਮਾਇਆ ਕੈ ਅੰਧੁ ॥ *[ਸਲੋਕ, ੨੬*
ਪ੍ਰਾਨੀ ਰਾਮੁ ਨ ***ਚੇਤਈ*** ਮਦਿ ਮਾਇਆ ਕੈ ਅੰਧੁ ॥ *[ਸਲੋਕ, ੩੧*

੩) **ਧਾਤੂਆਂ ਦੇ ਅੰਤਲੇ 'ਉ' ਦੀ ਥਾਵੇਂ 'ਵੈ' ਲਾਉਣ ਨਾਲ**

ਭਾਵਾਰਥ	ਧਾਤੂ	ਕਿਰਿਆ
ਬੰਧਾਉਣਾ	ਬੰਧਾਉ	ਬੰਧਾਵੈ
ਧਾਉਣਾ	ਧਾਉ	ਧਾਵੈ
ਬਿਸਰਾਉਣਾ	ਬਿਸਰਾਉ	ਬਿਸਰਾਵੈ
ਪਾਉਣਾ	ਪਾਉ	ਪਾਵੈ
ਸਿਰਾਉਣਾ	ਸਿਰਾਉ	ਸਿਰਾਵੈ
ਉਪਜਾਉਣਾ	ਉਪਜਾਉ	ਉਪਜਾਵੈ

ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ***ਬੰਧਾਵੈ*** ॥
ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗੁ ਦੇਖਿ ਤਾਸਿ ਉਠਿ ***ਧਾਵੈ*** ॥
ਬੰਧਾਵੈ—ਬੰਨ੍ਹਾਉਂਦਾ ਹੈ। ਧਾਵੈ—ਧਾਉਂਦਾ ਹੈ। *[ਗਉੜੀ, ੨॥੩॥*

ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ ***ਬਿਸਰਾਵੈ*** ॥
ਜਨ ਨਾਨਕ ਕੋਟਨ ਮੈ ਕੋਊ ਭਜਨੁ ਰਾਮ ਕੋ ***ਪਾਵੈ*** ॥
ਬਿਸਰਾਵੈ—ਬਿਸਾਰਦਾ ਹੈ। ਪਾਵੈ—ਪਾਉਂਦਾ ਹੈ। *[ਗਉੜੀ, ੨॥੩॥*

ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ***ਸਿਰਾਵੈ*** ॥
ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ***ਉਪਜਾਵੈ*** ॥
ਸਿਰਾਵੈ—ਬਿਤਾਉਂਦਾ ਹੈ। ਉਪਜਾਵੈ—ਉਪਜਾਉਂਦਾ ਹੈ। *[ਗਉੜੀ, ੧॥੬॥*

੪) **ਧਾਤੂ ਦੇ ਅੰਤਲੇ ਕੰਨੇ ਮਗਰੋਂ 'ਈ' ਲਾਣ ਨਾਲ**
ਸਾਧੋ ਇਹੁ ਮਨੁ ਗਹਿਓ ਨ ***ਜਾਈ*** ॥
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ***ਰਹਾਈ*** ॥
[ਗਉੜੀ, ਰਹਾਉ ॥੪॥

੫) **ਧਾਤੂ ਦੇ ਅੰਤਲੇ ਅੱਖਰ ਮਗਰੋਂ 'ਤ' ਜਾਂ 'ਤੁ ਹੈ' ਲਾਉਣ ਨਾਲ**
ਲੋਭਿ ਗ੍ਰਸਿਓ ਦਸਹੂ ਦਿਸ ***ਧਾਵਤ*** ਆਸਾ ਲਾਗਿਓ ਧਨ ਕੀ ॥
ਸੁਖ ਕੈ ਹੇਤਿ ਬਹੁਤੁ ਦੁਖੁ ***ਪਾਵਤ*** ਸੇਵ ਕਰਤ ਜਨ ਜਨ ਕੀ ॥
[ਆਸਾ, ੧॥੧॥
ਮਾਨਸ ਜਨਮੁ ਅਕਾਰਥੁ ***ਖੋਵਤ*** ਲਾਜ ਨ ਲੋਕ ਹਸਨ ਕੀ ॥
[ਆਸਾ, ੨॥੧॥
ਨਿਸਿ ਬਾਸੁਰ ਬਿਖਿਅਨ ਕਉ ***ਧਾਵਤ*** ਕਿਹ ਬਿਧਿ ਰੋਕਉ ਤਾਹਿ ॥
[ਸੋਰਠਿ, ਰਹਾਉ ॥੭॥
ਘਟ ਹੀ ਭੀਤਰਿ ***ਬਸਤ*** ਨਿਰੰਜਨੁ ਤਾ ਕੋ ਮਰਮੁ ਨ ਜਾਨਾ ॥
[ਸੋਰਠਿ, ੨॥੭॥
ਚੰਚਲ ਤ੍ਰਿਸਨਾ ਸੰਗਿ ***ਬਸਤੁ ਹੈ*** ਯਾ ਤੇ ਥਿਰੁ ਨ ਰਹਾਈ ॥
[ਗਉੜੀ, ਰਹਾਉ ॥੪॥
ਪੁਹਪ ਮਧਿ ਜਿਉ ਬਾਸੁ ***ਬਸਤੁ ਹੈ*** ਮੁਕਰ ਮਾਹਿ ਜੈਸੇ ਛਾਈ ॥
[ਧਨਾਸਰੀ, ੧॥੧॥
ਛਿਨੁ ਛਿਨੁ ਅਉਧ ***ਬਿਹਾਤੁ ਹੈ*** ਫੂਟੈ ਘਟਿ ਜਿਉ ਪਾਨੀ ॥
[ਤਿਲੰਗ, ਰਹਾਉ ॥੧॥

ੳ. ੨—ਅਨ ਪੁਰਖ, ਬਹੁ-ਵਚਨ

੧) **ਧਾਤੂ ਦੇ ਅੰਤ ਵਿਚ 'ਹਿ' ਲਾਣ ਨਾਲ। ਇਹ 'ਹਿ' ਕਈ ਵਾਰੀ ਕਵਿਤਾ ਦੇ ਤੋਲ ਅਧੀਨ 'ਹੀ' ਵਿਚ ਬਦਲ ਜਾਂਦਾ ਹੈ—**
ਯਾ ਜਗ ਮਹਿ ਕੋਊ ਰਹਨੁ ਨ ਪਾਵੈ ਇਕਿ ***ਆਵਹਿ*** ਇਕਿ ***ਜਾਹੀ*** ॥
[ਸਾਰੰਗ, ੨॥੨॥
ਨਿਸਿ ਦਿਨੁ ਜੋ ਨਾਨਕ ਭਜੈ ਸਫਲ ***ਹੋਹਿ*** ਤਿਹ ਕਾਮ ॥ *[ਸਲੋਕ, ੨੦*

ਜਿਹ ਸਿਮਰਤ ਸੰਕਟ ***ਮਿਟਹਿ*** ਦਰਸੁ ਤੁਹਾਰੋ ਹੋਇ ॥ *[ਸਲੋਕ, ੫੭*

ਮਾਇਆ ਕਾਰਨਿ ***ਧਾਵਹੀ*** ਮੂਰਖ ਲੋਗ ਅਜਾਨ ॥ *[ਸਲੋਕ, ੨੮*

[**ਨੋਟ : ਕਿਰਿਆ ਵਿਚ ਇਸ ਬਹੁ-ਵਚਨੀ ਚਿੰਨ੍ਹ 'ਹਿ' ਅਥਵਾ 'ਹੀ' ਦਾ ਉਚਾਰਨ** ਨਾਸਕੀ ਹੁੰਦਾ ਹੈ ।]

ਅ. ਮਧਮ ਪੁਰਖ, ਇਕ-ਵਚਨ

ਧਾਤੂ ਦੇ ਅੰਤ ਵਿਚ 'ਹਿ' ਲਾਣ ਨਾਲ । ਇਹ ਚਿੰਨ੍ਹ 'ਹਿ' ਕਦੀ ਕਵਿਤਾ ਦੇ ਤੋਲ ਅਨੁਸਾਰ 'ਹੀ' ਵਿਚ ਬਦਲ ਜਾਂਦਾ ਹੈ—

ਬਿਖਿਅਨ ਸਿਉ ਕਾਹਿ ਰਚਿਓ ਨਿਮਖ ਨ ***ਹੋਹਿ*** ਉਦਾਸੁ ॥ *[ਸਲੋਕ, ੨*

ਕਹੁ ਨਾਨਕ ਨਰ ਬਾਵਰੇ ਕਿਉ ਨ ***ਭਜਹਿ*** ਭਗਵਾਨੁ ॥ *[ਸਲੋਕ, ੪*

ਜਉ ਸੁਖ ਕਉ ***ਚਾਹਹਿ*** ਸਦਾ ਸਰਨਿ ਰਾਮ ਕੀ ਲੇਹਿ ॥ *[ਸਲੋਕ, ੨੭*

ਝੂਠੈ ਮਾਨੁ ਕਹਾ ***ਕਰਹਿ*** ਜਗੁ ਸੁਪਨੇ ਜਿਉ ਜਾਨੁ ॥ *[ਸਲੋਕ, ੪੧*

ਹਰਿ ਗੁਨ ਕਾਹਿ ਨ ***ਗਾਵਹੀ*** ਮੂਰਖ ਅਗਿਆਨਾ ॥ *[ਤਿਲੰਗ, ੧॥੧॥*

ਕਹਾ ਮਨ ਬਿਖਿਆ ਸਿਉ ***ਲਪਟਾਹੀ*** ॥ *[ਸਾਰੰਗ, ਰਹਾਉ ॥੨॥*

ਨ ਹੋਹਿ—ਤੂੰ ਨਹੀਂ ਹੁੰਦਾ । ਨ ਭਜਹਿ—ਤੂੰ ਨਹੀਂ ਭਜਦਾ ।

ਚਾਹਹਿ—ਤੂੰ ਚਾਹੁੰਦਾ ਹੈਂ । ਕਰਹਿ—ਤੂੰ ਕਰਦਾ ਹੈਂ ।

ਨ ਗਾਵਹੀ—ਤੂੰ ਨਹੀਂ ਗਾਉਂਦਾ । ਲਪਟਾਹੀ—ਤੂੰ ਲਪਟਾਉਂਦਾ ਹੈਂ ।

[**ਨੋਟ** : ੧. ਅੰਤਲੇ 'ਹਿ' 'ਹੀ' ਦਾ ਉਚਾਰਣ ਨਾਸਕੀ ਹੁੰਦਾ ਹੈ ।

੨. ਅਨ-ਪੁਰਖ ਬਹੁ-ਵਚਨ ਵਿਚ ਵੀ ਇਹ ਚਿੰਨ੍ਹ ਲਗਦਾ ਹੈ ।]

ਕਿਰਿਆ—ਭੂਤ ਕਾਲ

ੳ. ੧—ਅਨ ਪੁਰਖ, ਇਕ-ਵਚਨ

ਫਿਰਤ ਫਿਰਤ ਬਹੁਤੇ ਜੁਗ ***ਹਾਰਿਓ*** ਮਾਨਸ ਦੇਹ ***ਲਹੀ*** ॥

[ਸੋਰਠਿ, ੨॥੨॥

ਅਟਲੁ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ***ਪਾਇਆ*** ॥

[ਸੋਰਠਿ, ੧॥੪॥

ਜਬ ਹੀ ਸਰਨਿ ***ਗਹੀ*** ਕਿਰਪਾਨਿਧਿ ਗਜੁ ਗਰਾਹ ਤੇ ***ਛੂਟਾ*** ॥

[ਸੋਰਠਿ, ੨॥੪॥

ਸਾਧ ਸੰਗੁ ਕਬਹੂ ਨਹੀ ***ਕੀਨਾ*** ਨਹ ਕੀਰਤਿ ਪ੍ਰਭ ***ਗਾਈ*** ॥

[ਸੋਰਠਿ, ੨॥੬॥

ਜਗਤ ਮਹਿ ਝੂਠੀ ***ਦੇਖੀ*** ਪ੍ਰੀਤਿ ॥ *[ਦੇਵਗੰਧਾਰੀ, ਰਹਾਉ ॥੩॥*

ਮਨ ਕੀ ਮਨ ਹੀ ਮਾਹਿ ***ਰਹੀ*** ॥

ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ***ਗਹੀ*** ॥ *[ਸੋਰਠਿ, ਰਹਾਉ ॥੨॥*

ਉਰਝਿ ਰਹਿਓ ਬਿਖਿਅਨ ਸੰਗਿ ਬਉਰਾ ਨਾਮੁ ਰਤਨੁ ***ਬਿਸਰਾਨਾ*** ॥

[ਸੋਰਠਿ, ੨॥੧੦॥

ਜਿਹ ਸਿਮਰਤ ਗਨਿਕਾ ***ਸੀ*** ਉਧਰੀ ਤਾ ਕੋ ਜਸੁ ਉਰਿ ਧਾਰੋ ॥

[ਸੋਰਠਿ, ਰਹਾਉ ॥੪॥

ੳ. ੨—ਭੂਤ ਕਾਲ, ਅਨ ਪੁਰਖ, ਬਹੁ-ਵਚਨ

ਜੋਗੀ ਜਤਨ ਕਰਤ ਸਭਿ ***ਹਾਰੇ*** ਗੁਨੀ ***ਰਹੇ*** ਗੁਨ ਗਾਈ ॥

[ਗਉੜੀ, ੨॥੪॥

ਜਨ ਨਾਨਕ ਹਰਿ ***ਭਏ*** ਦਇਆਲਾ ਤਉ ਸਭ ਬਿਧਿ ਬਨਿ ਆਈ ॥

[ਗਉੜੀ, ੨॥੪॥

ਕਿਰਿਆ—ਭਵਿਖਤ ਕਾਲ, ਸੰਭਾਵ ਭਵਿਖਤ

(ੳ) ਅਨ ਪੁਰਖ, ਇਕ-ਵਚਨ

ਆਜੁ ਕਾਲਿ ਫੁਨਿ ਤੋਹਿ ***ਗ੍ਰਸਿ ਹੈ*** ਸਮਝਿ ਰਾਖਹੁ ਚੀਤਿ ॥

[ਸੋਰਠਿ, ੨॥੧॥

ਨਾਨਕ ਕਹਤੁ ਚੇਤਿ ਚਿੰਤਾਮਨਿ ***ਹੋਇ ਹੈ*** ਅੰਤਿ ਸਹਾਈ ॥

[ਰਾਮਕਲੀ, ੩॥੩॥

ਨਾਨਕ ਜਨੁ ਕਹਤ ਬਾਤ ***ਬਿਨਸਿ ਜੈ ਹੈ*** ਤੇਰੋ ਗਾਤ ॥

[ਜੈਜਾਵੰਤੀ, ੨॥੧॥

ਬੀਤਿ ***ਜੈ ਹੈ*** ਬੀਤਿ ***ਜੈ ਹੈ*** ਜਨਮੁ ਅਕਾਜੁ ਰੇ ॥

[ਜੈਜਾਵੰਤੀ, ਰਹਾਉ ॥੪॥

(ਅ) ਮਧਮ ਪੁਰਖ, ਇਕ-ਵਚਨ

ਨਾਨਕ ਕਹਤ ਚੇਤਿ ਚਿੰਤਾਮਨਿ ਤੈ ਭੀ ***ਉਤਰਹਿ*** ਪਾਰਾ ॥

ਉਤਰਹਿ—ਉਤਰ ਜਾਏਂਗਾ । *[ਸੋਰਠਿ, ੩॥੪॥*

ਕਹੁ ਨਾਨਕ ਤਿਹ ਭਜੁ ਮਨਾ ਭਉਨਿਧਿ ***ਉਤਰਹਿ*** ਪਾਰਿ ॥

ਉਤਰਹਿ—ਉਤਰ ਜਾਏਂ । *[ਸਲੋਕ, ੧੨*

ਕਹੁ ਨਾਨਕ ਸੁਨਿ ਰੇ ਮਨਾ ***ਪਰਹਿ*** ਨ ਜਮ ਕੈ ਧਾਮ ॥

ਪਰਹਿ ਨ—ਨਹੀਂ ਪਵੇਂਗਾ । *[ਸਲੋਕ, ੨੧*

ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ***ਪਾਵਹਿ*** ਬਾਸੁ ॥

ਪਾਵਹਿ—ਪਾ ਲਵੇਂ । *[ਸਲੋਕ, ੩੩*

[**ਨੋਟ** : ਇਹਨਾਂ ਕਿਰਿਆਵਾਂ ਦੇ ਅੰਤਲੇ 'ਹਿ' ਦਾ ਉਚਾਰਨ ਨਾਸਕੀ ਹੁੰਦਾ ਹੈ ।]

(ੲ) ਉਤਮ ਪੁਰਖ, ਇਕ-ਵਚਨ

ਬਿਰਥਾ ***ਕਹਉ*** ਕਉਨ ਸਿਉ ਮਨ ਕੀ ॥

ਕਹਉ—ਮੈ ਆਖਾਂ । *[ਆਸਾ, ਰਹਾਉ ॥੧॥*

ਮਾਈ ਮੈ ਕਿਹ ਬਿਧਿ ***ਲਖਉ*** ਗੁਸਾਈ ॥

ਲਖਉ—ਮੈ ਲਖਾਂ । *[ਸੋਰਠਿ, ਰਹਾਉ ॥੬॥*

ਨਿਸਿ ਬਾਸੁਰ ਬਿਖਿਅਨ ਕਉ ਧਾਵਤ ਕਿਹ ਬਿਧਿ ***ਰੋਕਉ*** ਤਾਹਿ ॥

ਰੋਕਉ—ਮੈਂ ਰੋਕਾਂ । *[ਸੋਰਠਿ, ਰਹਾਉ ॥੭॥*

ਅਬ ਮੈ ਕਉਨੁ ਉਪਾਉ ***ਕਰਉ*** ॥
ਜਿਹ ਬਿਧਿ ਮਨ ਕੋ ਸੰਸਾ ਚੂਕੈ ਭਉਨਿਧਿ ਪਾਰਿ ***ਪਰਉ*** ॥

ਕਰਉ—ਮੈ ਕਰਾਂ । ਪਰਉ—ਮੈ ਪਵਾਂ ॥ *[ਧਨਾਸਰੀ, ਰਹਾਉ ॥੪॥*

ਮਹਿਮਾ ਨਾਮ ਕਹਾ ਲਉ ***ਬਰਨਉ*** ਰਾਮੁ ਕਹਤ ਬੰਧਨ ਤਿਹ ਤੂਟਾ ॥

ਬਰਨਉ—ਮੈ ਵਰਨਣ ਕਰਾਂ । *[ਸੋਰਠਿ, ੨॥੪॥*

ਕਿਰਿਆ ਹੁਕਮੀ ਭਵਿਖਤ

(ੳ) ਅਨ ਪੁਰਖ, ਇਕ-ਵਚਨ

ਕੋਊ ਮਾਈ ਭੂਲਿਓ ਮਨੁ ***ਸਮਝਾਵੈ*** ॥

ਸਮਝਾਵੈ—ਸਮਝਾ ਦੇਵੇ । *[ਗਉੜੀ, ਰਹਾਉ ॥੬॥*

ਪ੍ਰਾਨੀ ਕਉਨੁ ਉਪਾਉ ***ਕਰੈ*** ॥

ਕਰੈ—ਕਰੇ । *[ਸੋਰਠਿ, ਰਹਾਉ ॥੫॥*

ਸਾਧੋ ਕਉਨ ਜੁਗਤਿ ਅਬ ***ਕੀਜੈ*** ॥

ਕੀਜੈ—ਕੀਤੀ ਜਾਏ । *[ਰਾਮਕਲੀ, ਰਹਾਉ ॥੨॥*

ਜਾ ਤੇ ਦੁਰਮਤਿ ਸਗਲ ***ਬਿਨਾਸੈ*** ਰਾਮ ਭਗਤਿ ਮਨ ***ਭੀਜੈ*** ॥

ਬਿਨਾਸੈ—ਨਾਸ ਹੋ ਜਾਏ । ਭੀਜੈ—ਭਿਜ ਜਾਏ । *[ਰਾਮਕਲੀ, ਰਹਾਉ ॥੨॥*

(ਅ) ਮਧਮ-ਪੁਰਖ, ਇਕ-ਵਚਨ

(੧) ਸਿਹਾਰੀ ਸਹਿਤ

ਕਰਿ ਸਾਧ ਸੰਗਤਿ ***ਸਿਮਰਿ*** ਮਾਧੋ ਹੋਹਿ ਪਤਿਤ ਪੁਨੀਤ ॥ *[ਸੋਰਠਿ, ੧॥੧॥*

ਨਾਨਕੁ ਕਹਤ ***ਚੇਤਿ*** ਚਿੰਤਾਮਨਿ ਤੈ ਭੀ ਉਤਰਹਿ ਪਾਰਾ ॥ *[ਸੋਰਠਿ, ੩॥੪॥*

ਰੇ ਨਰ ਇਹ ਸਾਚੀ ਜੀਅ ***ਧਾਰਿ*** ॥ *[ਸੋਰਠਿ, ਰਹਾਉ ॥੮॥*

ਅਜਹੂ ***ਸਮਝਿ*** ਕਛੁ ਬਿਗਰਿਓ ਨਾਹਿਨ ***ਭਜਿ ਲੇ*** ਨਾਮੁ ਮੁਰਾਰਿ ॥ *[ਸੋਰਠਿ, ੨॥੮॥*

ਪ੍ਰਾਨੀ ਨਾਰਾਇਨ ਸੁਧਿ ***ਲੇਹਿ*** ॥ *[ਰਾਮਕਲੀ, ਰਹਾਉ ॥੩॥*

(੨) ਔਂਕੜ ਸਹਿਤ

ਨਰ ਅਚੇਤ ਪਾਪ ਤੇ ***ਡਰੁ*** ਰੇ ॥

ਦੀਨ ਦਇਆਲੁ ਸਗਲ ਭੈ ਭੰਜਨੁ ਸਰਨਿ ਤਾਹਿ ਤੁਮ ***ਪਰੁ*** ਰੇ ॥ ਰਹਾਉ॥

ਬੇਦ ਪੁਰਾਨ ਜਾਸੁ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ***ਧਰੁ*** ਰੇ ॥

ਪਾਵਨ ਨਾਮੁ ਜਗਤ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭਿ ***ਹਰੁ*** ਰੇ ॥

[ਗਉੜੀ, ੧॥੯॥

ਕਹੁ ਨਾਨਕ ***ਭਜੁ*** ਰਾਮ ਨਾਮੁ ਨਿਤ ਜਾ ਤੇ ਹੋਤ ਉਧਾਰੁ ॥

[ਦੇਵਗੰਧਾਰੀ, ੨॥੨॥

[**ਨੋਟ**—ਹੁਕਮੀ ਭਵਿਖਤ ਮਧਮ ਪੁਰਖ ਇਕ-ਵਚਨ ਦੀਆਂ ਕਿਰਿਆਵਾਂ ਧਾਤੂ ਦੇ ਅੰਤਲੇ ਅੱਖਰ ਨੂੰ (ੁ) ਲਾਇਆਂ ਬਣਦੀਆਂ ਹਨ, ਪਰ ਕੁਝ ਕਿਰਿਆਵਾਂ ਧਾਤੂ ਦੇ ਅੰਤਲੇ ਅੱਖਰ ਨੂੰ (ਿ) ਲਾਇਆਂ ਬਣਦੀਆਂ ਹਨ। ਕਈ ਕਿਰਿਆਂ ਦੋਹਾਂ ਰੂਪਾਂ ਵਿਚ ਮਿਲਦੀਆਂ ਹਨ, ਜਿਵੇਂ:]

ਸੁਨੁ, ਸੁਨਿ; ਜਾਗੁ, ਜਾਗਿ; ਜਾਨੁ, ਜਾਨਿ; ਆਦਿ।

(ਅ. ੨) ਮਧਮ-ਪੁਰਖ, ਬਹੁ-ਵਚਨ

ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ***ਦੇਖਹੁ*** ਰਿਦੈ ਬਿਚਾਰਿ ॥

[ਦੇਵਗੰਧਾਰੀ, ੨॥੨॥

ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ***ਰਾਖਹੁ*** ਚੀਤਿ ॥

[ਸੋਰਠਿ, ੨॥੧॥

ਅਵਰ ਸਗਲ ਮਿਥਿਆ ਏ ***ਜਾਨਹੁ*** ਭਜਨੁ ਰਾਮ ਕੋ ਸਹੀ ॥

[ਸੋਰਠਿ, ੧॥੨॥

ਜਨ ਨਾਨਕ ਮੈ ਨਾਹਿ ਕੋਊ ਗੁਨੁ ਰਾਖਿ ***ਲੇਹੁ*** ਸਰਨਾਈ ॥

[ਸੋਰਠਿ, ੨॥੬॥

ਬਡਭਾਗੀ ਤਿਹ ਜਨ ਕਉ ***ਜਾਨਉ*** ਜੋ ਹਰਿ ਕੇ ਗੁਨ ਗਾਵੈ ॥

[ਰਾਮਕਲੀ, ੧॥੧॥

ਕਹੁ ਨਾਨਕ ਹਰਿ ਬਿਰਦੁ ***ਪਛਾਨਉ*** ਭੂਲੇ ਸਦਾ ਪਰਾਨੀ ॥

[ਸੋਰਠਿ, ੩॥੧੦॥

ਸਾਧੋ ਗੋਬਿੰਦ ਕੇ ਗੁਨ ***ਗਾਵਉ*** ॥
ਮਾਨਸੁ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ***ਗਵਾਵਉ*** ॥

[ਗਉੜੀ, ਰਹਾਉ ॥੫॥

ਦੁਖ ਹਰਤਾ ਹਰਿ ਨਾਮੁ ***ਪਛਾਨੋ*** ॥
ਅਜਾਮਲ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ***ਜਾਨੋ*** ॥

[ਬਿਲਾਵਲੁ, ਰਹਾਉ ॥੧॥

ਹਰਿ ਜੂ ***ਰਾਖਿ ਲੇਹੁ*** ਪਤਿ ਮੇਰੀ ॥ *[ਜੈਤਸਰੀ, ਰਹਾਉ ॥੨॥*

ਜਾਗਿ ਲੇਹੁ ਰੇ ਮਨਾ ***ਜਾਗਿ ਲੇਹੁ*** ਕਹਾ ਗਾਫਲ ਸੋਇਆ ॥ *[ਤਿਲੰਗ, ਰਹਾਉ ॥੨॥*

ਸਗਲ ਭਰਮ ***ਡਾਰਿ ਦੇਹਿ*** ਗੋਬਿੰਦ ਕੋ ਨਾਮੁ ਲੇਹਿ ॥ *[ਜੈਜਾਵੰਤੀ, ੧॥੨॥*

ਮਨੁ ਮਾਇਆ ਮਹਿ ***ਉਰਝਿ ਰਹਿਓ*** ਹੈ ਬੂਝੈ ਨਹ ਕਛੁ ਗਿਆਨਾ ॥ *[ਰਾਮਕਲੀ, ੧॥੨॥*

ਕਾਰਦੰਤਕ

ਵਰਤਮਾਨ ਕਾਰਦੰਤਕ

ਜਿਹ ***ਸਿਮਰਤ*** ਗਨਿਕਾ ਸੀ ਉਧਰੀ ਤਾ ਕੋ ਜਸੁ ਉਰਿ ਧਾਰੋ ॥

ਸਿਮਰਤ—ਸਿਮਰਦਿਆਂ। *[ਸੋਰਠਿ, ੩॥੪॥*

ਮਹਿਮਾ ਨਾਮ ਕਹਾ ਲਉ ਬਰਨਉ ਰਾਮੁ ***ਕਹਤ*** ਬੰਧਨ ਤਿਹ ਤੂਟਾ ॥

ਕਹਤ—ਕਹਿੰਦਿਆਂ। *[ਸੋਰਠਿ, ੩॥੪॥*

ਸਗਲ ਜਗਤ ਹੈ ਜੈਸੇ ਸੁਪਨਾ ***ਬਿਨਸਤ*** ਲਗਤ ਨ ਬਾਰ ॥

ਬਿਨਸਤ—ਬਿਨਸਦਿਆਂ। *[ਸੋਰਠਿ, ੨॥੮॥*

ਪੂਰਬ ਪੂਰਨ ਕਾਰਦੰਤਕ

ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗੁ ***ਦੇਖਿ*** ਤਾਸਿ ਉਠਿ ਧਾਵੈ ॥

ਦੇਖਿ—ਦੇਖ ਕੇ। *[ਗਉੜੀ, ੨॥੩॥*

ਤਜਿ ਅਭਿਮਾਨੁ ਮੋਹੁ ਮਾਇਆ ਫੁਨਿ ਭਜਨਿ ਰਾਮ ਚਿਤੁ ਲਾਵਉ ॥

ਤਜਿ—ਤਜ ਕੇ। *[ਗਉੜੀ, ੨॥੫॥*

ਪਾਵਨ ਨਾਮੁ ਜਗਤ ਮੈ ਹਰਿ ਕੋ ***ਸਿਮਰਿ ਸਿਮਰਿ*** ਕਸਮਲ ਸਭਿ ਹਰੁ ਰੇ ॥

ਸਿਮਰਿ ਸਿਮਰਿ—ਸਿਮਰ ਸਿਮਰ ਕੇ। *[ਗਉੜੀ, ੨॥੯॥*

ਜਬ ਹੀ ਨਿਰਧਨੁ ਦੇਖਿਓ ਨਰ ਕਉ ਸੰਗੁ ***ਛਾਡਿ*** ਸਭਿ ਭਾਗੇ ॥

ਛਾਡਿ—ਛਡ ਕੇ। *[ਸੋਰਠਿ, ੩॥੯॥*

ਜਗੁ ਝੂਠੇ ਕਉ ਸਾਚੁ ***ਜਾਨਿ ਕੈ*** ਤਾ ਸਿਉ ਰੁਚ ਉਪਜਾਈ ॥

[ਟੋਡੀ, ੨॥੧॥

ਝੂਠੇ ਲਾਲਚਿ ***ਲਾਗਿ ਕੈ*** ਨਹ ਮਰਨੁ ਪਛਾਨਾ ॥ *[ਤਿਲੰਗ, ੨॥੧॥*

ਕਿਰਿਆ-ਫਲ (ਨਾਉਂ) ਕਾਰਦੰਤਕ

ਯਹ ਮਨੁ ਨੈਕ ਨ ***ਕਹਿਓ*** ਕਰੈ ॥ *[ਦੇਵਗੰਧਾਰੀ, ਰਹਾਉ ॥੧॥*

ਸੁਆਨ ਪੂਛ ਜਿਉ ਹੋਇ ਨ ਸੂਧ ***ਕਹਿਓ*** ਨ ਕਾਨ ਧਰੈ ॥

[ਦੇਵਗੰਧਾਰੀ, ੨॥੧॥

ਅਉਸਰੁ ਬੀਤਿਓ ਜਾਤੁ ਹੈ ***ਕਹਿਓ*** ਮਾਨਿ ਲੈ ਮੇਰੋ ॥

ਕਹਿਓ—ਕਹਿਆ ਹੋਇਆ। *[ਤਿਲੰਗ, ਰਹਾਉ ॥੩॥*

ਭੂਤ ਕਾਰਦੰਤਕ (ਵਿਸ਼ੇਸ਼ਣ)

ਕੋਊ ਮਾਈ ***ਭੂਲਿਓ*** ਮਨੁ ਸਮਝਾਵੈ ॥ *[ਗਉੜੀ, ਰਹਾਉ ॥੬॥*

ਫੁਟਕਲ

ਤ੍ਰਾਸੁ (ਪੁਲਿੰਗ)

ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ***ਤ੍ਰਾਸੁ*** ਹਰੇ ॥

[ਸੋਰਠਿ, ਰਹਾਉ ॥੫॥

ਤ੍ਰਾਸ (ਇਸਤ੍ਰੀ-ਲਿੰਗ)

ਗਜ ਕੀ ***ਤ੍ਰਾਸ*** ਮਿਟੀ ਛਿਨਹੂ ਮਹਿ ਜਬ ਹੀ ਰਾਮੁ ਬਖਾਨੋ ॥

[ਬਿਲਾਵਲੁ, ੧॥੧॥

੧) ਕੋ—ਦਾ, ਦੇ, ਦੀ।

੨) ਕਉ—ਨੂੰ।

੧) ਜਨ ਨਾਨਕ ਕੋਟਨ ਮਹਿ ਕੋਊ ਭਜਨੁ ਰਾਮ ***ਕੋ*** ਪਾਵੈ ॥

[ਗਉੜੀ, ੨॥੩॥

੨) ਪ੍ਰਾਨੀ ***ਕਉ*** ਹਰਿ ਜਸੁ ਮਨ ਨਹੀ ਆਵੈ ॥ *[ਗਉੜੀ, ਰਹਾਉ ॥੩॥*

੧) ਮੈ—ਪੜਨਾਂਵ, ਉਤਮ ਪੁਰਖ, ਇਕ-ਵਚਨ।

੨) ਮਹਿ—ਵਿਚ (ਸੰਬੰਧਕ)।

੩) ਮੋ—ਮੇਰਾ, ਪੜਨਾਂਵ, ਪੜਨਾਂਵੀ ਵਿਸ਼ੇਸ਼ਣ।

੪) ਮੋ—ਮਹਿ, ਵਿਚ (ਸੰਬੰਧਕ)

੧) ਮਾਈ ***ਮੈ*** ਮਨ ਕੋ ਮਾਨੁ ਨ ਤਿਆਗਿਓ ॥ *[ਮਾਰੂ, ਰਹਾਉ ॥੩॥*

੨) ਮਨੁ ਮਾਇਆ ***ਮਹਿ*** ਰਮਿ ਰਹਿਓ ਨਿਕਸਤਿ ਨਾਹਿਨ ਮੀਤ ॥ *[ਸਲੋਕ, ੩੭*

੩) ਮਹਾ ਮੋਹ ਅਗਿਆਨ ਤਿਮਰਿ ***ਮੋ*** ਮਨੁ ਰਹਿਓ ਉਰਝਾਈ ॥ *[ਸੋਰਠਿ, ਰਹਾਉ ॥੬॥*

੪) ਜੋ ਸੰਪਤਿ ਅਪਨੀ ਕਰਿ ਮਾਨੀ ਛਿਨ ***ਮੋ*** ਭਈ ਪਰਾਈ ॥ *[ਮਾਰੂ, ੨॥੨॥*

੧) ਚਿਤੁ—ਨਾਂਵ, ਇਕ-ਵਚਨ, ਕਰਮ ਕਾਰਕ ।

੨) ਚਿਤਿ/ਚੀਤਿ—ਚਿਤ ਵਿਚ, ਅਧਿਕਰਣ ਕਾਰਕ, ਇਕ-ਵਚਨ, ਨਾਂਵ ।

੧) ਤਜਿ ਅਭਿਮਾਨੁ ਮੋਹੁ ਮਾਇਆ ਫੁਨਿ ਭਜਨਿ ਰਾਮ ***ਚਿਤੁ*** ਲਾਵਉ ॥ *[ਸੋਰਠਿ, ੨॥੫॥*

੨) ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ***ਚੀਤਿ*** ॥ *[ਸੋਰਠਿ, ੨॥੧॥*

੧) ਦੇਹ—ਕਾਇਆਂ, ਇਸਤ੍ਰੀ ਲਿੰਗ, ਨਾਂਵ ।

੨) ਦੇਹਿ/ਦੇਹੁ—ਦਿਓ, ਕਿਰਿਆ, ਹੁਕਮੀ ਭਵਿੱਖਤ ।

੧) ਦੁਰਲਭ ***ਦੇਹ*** ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ ॥ *[ਗਉੜੀ, ੧॥੬॥*

੨) ਸਗਲ ਭਰਮ ਡਾਰਿ ***ਦੇਹਿ*** ਗੋਬਿੰਦ ਕੋ ਨਾਮੁ ਲੇਹਿ ॥ *[ਜੈਜਾਵੰਤੀ, ੧॥੨॥*

੧) ਸੰਗੁ—ਸਾਥ, ਇਕ-ਵਚਨ, ਨਾਂਵ ।

੨) ਸੰਗਿ—ਸੰਗ ਵਿਚ, ਨਾਲ, ਸੰਬੰਧਕੀ-ਪਦ ।

੧) ਅੰਤਿ ***ਸੰਗੁ*** ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ ॥ *[ਸੋਰਠਿ, ੧॥੩॥*

੨) ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ***ਸੰਗਿ*** ਲਾਗੀ ॥ *[ਸੋਰਠਿ, ੨॥੧੨॥*

੧) ਕਉਨੁ—ਕਿਹੜਾ, ਪ੍ਰਸ਼ਨ-ਵਾਚਕ ਪੜਨਾਵੀਂ ਵਿਸ਼ੇਸ਼ਣ, ਇਕ-ਵਚਨ, ਪੁਲਿੰਗ।

੨) ਕਉਨ—ਕਿਹੜੀ, ਪ੍ਰਸ਼ਨ-ਵਾਚਕ ਪੜਨਾਵੀਂ ਵਿਸ਼ੇਸ਼ਣ, ਇਕ-ਵਚਨ, ਇਸਤ੍ਰੀ ਲਿੰਗ।

੧) ਪ੍ਰਾਨੀ ***ਕਉਨੁ*** ਉਪਾਉ ਕਰੈ ॥ *[ਸੋਰਠਿ, ਰਹਾਉ ॥੫॥*

੨) ਸਾਧੋ ***ਕਉਨ*** ਜੁਗਤਿ ਅਬ ਕੀਜੈ ॥ *[ਰਾਮਕਲੀ, ਰਹਾਉ ॥੨॥*

੧) ਉਪਾਉ—ਇਕ-ਵਚਨ

੨) ਉਪਾਵ—ਬਹੁ-ਵਚਨ

੧) ਅਬ ਮੈ ਕਉਨੁ ***ਉਪਾਉ*** ਕਰਉ ॥ *[ਧਨਾਸਰੀ, ਰਹਾਉ ॥੪॥*

੨) ਕੀਏ ***ਉਪਾਵ*** ਮੁਕਤਿ ਕੇ ਕਾਰਨਿ ਦਹਦਿਸ ਕਉ ਉਠ ਧਾਇਆ ॥ *[ਜੈਤਸਰੀ, ੨॥੨॥*

੧) ਭਉ—ਇਕ-ਵਚਨ।

੨) ਭੈ—ਬਹੁ-ਵਚਨ।

੧) ਸੇ ਨਿਰਭਉ ਜਿਨ ***ਭਉ*** ਪਇਆ ॥੩॥੩॥ *[ਬਸੰਤ ਮ: ੫, ਪੰ. ੧੧੮੦*

੨) ਦੀਨਾ ਨਾਥ ***ਸਕਲ ਭੈ*** ਭੰਜਨ ਜਸੁ ਤਾ ਕੋ ਬਿਸਰਾਇਓ ॥ *[ਸੋਰਠਿ, ੩॥੯॥*

੧) ਸਮਝ—ਸੋਝੀ, ਇਸਤ੍ਰੀ ਲਿੰਗ, ਨਾਂਵ।

੨) ਸਮਝਿ—ਤੂੰ ਜਾਨਣਾ ਕਰ, (ਕਿਰਿਆ)।

੧) ***ਸਮਝ*** ਨ ਪਰੀ ਬਿਖੈ ਰਸ ਰਚਿਓ ਜਸੁ ਹਰਿ ਕੋ ਬਿਸਰਾਇਓ ॥ *[ਜੈਤਸਰੀ, ੧॥੧॥*

੨) ਅਜਹੂ ***ਸਮਝਿ*** ਕਛੁ ਬਿਗਰਿਓ ਨਾਹਿਨ ਭਜਿ ਲੈ ਨਾਮੁ ਮੁਰਾਰਿ ॥ *[ਸੋਰਠਿ, ੨॥੮॥*

੧) ਆਨ—ਕਿਸੇ ਹੋਰ ਦਾ (ਪੜਨਾਂਵ)।

੨) ਆਨਿ—ਆ ਕੇ (ਕਾਰਦੰਤਕ)।

੧) ਭੈ ਕਾਹੂ ਕਉ ਦੇਤ ਨਾਹਿ ਨਹਿ ਭੈ ਮਾਨਤ ***ਆਨ*** ॥ *[ਸਲੋਕ, ੧੬*

੨) ਕਹੁ ਨਾਨਕ ਮੈ ਇਹੀ ਭਰੋਸੈ ਗਹੀ ***ਆਨਿ*** ਸਰਨਾਈ ॥ *[ਮਾਰੂ, ੨॥੧॥*

੧) ਅੰਤਰੁ—ਫ਼ਰਕ (ਨਾਂਵ, ਇਕ-ਵਚਨ)।
੨) ਅੰਤਰਿ—ਅੰਦਰ (ਕਿਰਿਆ ਵਿਸ਼ੇਸ਼ਣ)।
੧) ਤਿਹ ਨਰ ਹਰਿ ***ਅੰਤਰੁ*** ਨਹੀ ਨਾਨਕ ਸਾਚੀ ਮਾਨੁ ॥ *[ਸਲੋਕ, ੪੩*
੨) ***ਅੰਤਰਿ*** ਬਾਹਰਿ ਸਦਾ ਸੰਗਿ ਪ੍ਰਭੁ ਤਾ ਸਿਉ ਨੇਹੁ ਨ ਲਾਵੈ ॥
[ਗਉੜੀ, ੨॥੬॥
੧) ਸਫਲੁ—ਵਿਸ਼ੇਸ਼ਣ, ਇਕ-ਵਚਨ।
੨) ਸਫਲ—ਵਿਸ਼ੇਸ਼ਣ, ਬਹੁ-ਵਚਨ।
੧) ***ਸਫਲੁ*** ਜਨਮੁ ਨਾਨਕ ਤਬ ਹੂਆ ਜੋ ਪ੍ਰਭ ਜਸ ਮਹਿ ਪਾਗਿਓ ॥
[ਮਾਰੂ, ੨॥੩॥
੨) ਨਿਸਿ ਦਿਨੁ ਜੋ ਨਾਨਕ ਭਜ ***ਸਫਲ*** ਹੋਹਿ ਤਿਹ ਕਾਮ ॥
[ਸਲੋਕ, ੨੦
੧) ਕੋ : ਕੋਈ (ਪੜਨਾਂਵ)।
੨) ਕੌ : ਦਾ (ਸੰਬੰਧਕ)।
ਅਪੁਨੇ ਸੁਖ ਸਿਉ ਹੀ ਜਗੁ ਫਾਂਧਿਓ ***ਕੋ*** ਕਾਹੂ ***ਕੋ*** ਨਾਹੀ ॥
[ਸੋਰਠਿ, ਰਹਾਉ ॥੧੨॥
੧) ਕਹਾ—ਕ੍ਰਿਆ ਵਿਸ਼ੇਸ਼ਣ
੨) ਕਹਾ—ਪੜਨਾਂਵ
ਕਹਉ ***ਕਹਾ*** ਯਿਆ ਮਨ ਬਉਰੇ ਕਉ ਇਨ ਸਿਉ ਨੇਹੁ ਲਗਾਇਓ।
[ਕਹਾ—(ਉਚਾਰਣ ਨਾਸਕੀ) ਕ੍ਰਿਆ ਵਿਸ਼ੇਸ਼ਣ] *[ਸੋਰਠਿ, ੨॥੯॥*
ਅਬ ਮੈ ***ਕਹਾ*** ਕਰਉ ਰੀ ਮਾਈ ॥ *[ਮਾਰੂ, ਰਹਾਓ ॥੨॥*
ਕਹਾ—[ਉਚਾਰਣ ਨਾਸਕਤਾ ਬਿਨ] ਕੀ (ਪ੍ਰਸ਼ਨਵਾਚੀ ਪੜਨਾਂਵ)
ਜਾਗਿ ਲੇਹੁ ਰੇ ਮਨਾ ਜਾਗਿ ਲੇਹੁ ***ਕਹਾ*** ਗਾਫਲ ਸੋਇਆ ॥
[ਕਹਾ—(ਉਚਾਰਣ ਨਾਸਕੀ) ਕ੍ਰਿਆ ਵਿਸ਼ੇਸ਼ਣ] *[ਤਿਲੰਗ, ਰਹਾਉ ॥੨॥*
ਤੈਸੇ ਹੀ ਏ ਸੁਖ ਮਾਇਆ ਕੇ ਉਰਝਿਓ ***ਕਹਾ*** ਗਵਾਰ ॥ *[ਸੋਰਠਿ, ੧॥੮॥*
ਕਹਾ—[ਉਚਾਰਣ ਨਾਸਕਤਾ ਸਹਿਤ] ਕਿਉਂ (ਕਿਰਿਆ ਵਿਸ਼ੇਸ਼ਣ)
੧) ਮੋ—ਸੰਬੰਧਕੀ ਪਦ
੨) ਮੋ—ਪੜਨਾਂਵ, ਉਤਮ ਪੁਰਖ, ਇਕ-ਵਚਨ

ਜੋ ਸੰਪਤਿ ਅਪਨੀ ਕਰਿ ਮਾਨੀ ਛਿਨ ***ਮੋ*** ਭਈ ਪਰਾਈ ॥

ਮੋ--ਵਿਚ (ਸੰਬੰਧਕੀ-ਪਦ) *[ਮਾਰੂ, ੨॥੨॥*

ਕਹਿ ਨਾਨਕ ਸਭਿ ਅਉਗਨ ***ਮੋ*** ਮਹਿ ਰਾਖਿ ਲੇਹੁ ਸਰਨਾਇਓ ॥

ਮੋ (ਮਹਿ), ਮੇਰੇ (ਵਿਚ)—ਪੜਨਾਉਂ *[ਸਾਰੰਗ, ੨॥੪॥*